ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 82 | 2 to 8 August, 2023 | Ph.: (510) 240-5949 | Email: asrtimes@gmail.com




## ਨਸ਼ਿਆਂ ਵਿਰੁੱਧ ਸਰਕਾਰ, ਪ੍ਰਸ਼ਾਸਨ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਚਲਾਈ ਜਾਵੇ ਸਾਂਝੀ ਮੁਹਿੰਮ

ਪਟਿਆਲਾ/ਏ.ਟੀ.ਨਿਊਜ਼ : ਹੜ੍ਹਾਂ ਦੀ ਕੁਦਰਤੀ ਕਰੋਪੀ ਦਾ ਮੁਕਾਬਲਾ ਕਰ ਰਹੇ ਪੰਜਾਬੀ ਇਸ ਸਮੇਂ ਨਸ਼ੇ ਵਿਰੁੱਧ ਜੰਗ ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ, ਜਿਸ ਦਾ ਸਬੂਤ ਪੰਜਾਬ ਦੇ ਵੱਖ-ਵੱਖ ਇਲਾਕਿਆਂ ’ਚੋਂ ਨਸ਼ਿਆਂ ਵਿਰੁੱਧ ਉਠ ਰਹੀਆਂ ਆਵਾਜ਼ਾਂ ਤੋਂ ਮਿਲ ਜਾਂਦਾ ਹੈ। ਪੰਜਾਬ ਦੇ ਕਈ ਪਿੰਡਾਂ ਵਿੱਚ ਤਾਂ ਪੰਚਾਇਤਾਂ ਅਤੇ ਪਿੰਡ ਵਾਸੀਆਂ ਵੱਲੋਂ ਨਸ਼ਾ ਅਤੇ ਨਸ਼ਾ ਤਸਕਰਾਂ ਵਿਰੁੱਧ ਬੋਰਡ ਲਗਾ ਦਿਤੇ ਗਏ ਹਨ, ਇਹਨਾਂ ਬੋਰਡਾਂ ’ਤੇ ਲਿਖਿਆ ਹੋਇਆ ਹੈ ਕਿ ਇਹਨਾਂ ਪਿੰਡਾਂ ਵਿੱਚ ਨਸ਼ਾ ਵੇਚਣ ਅਤੇ ਨਸ਼ੇ ਦੇ ਤਸਕਰਾਂ ਦੇ ਆਉਣ ਦੀ ਮਨਾਹੀ ਹੈ। ਇਸ ਤੋਂ ਇਲਾਵਾ ਅਨੇਕਾਂ ਪੰਜਾਬੀ ਨਸ਼ੇ ਦੇ ਤਸਕਰਾਂ ਵਿਰੁੱਧ ਸਬੂਤ ਇੱਕਠੇ ਕਰਕੇ ਉਹਨਾਂ ਨੂੰ ਨਸ਼ਾ ਵੇਚਣ ਤੋਂ ਰੋਕ ਰਹੇ ਹਨ। ਦੂਜੇ ਪਾਸੇ ਨਸ਼ਾ ਤਸਕਰਾਂ ਦਾ ਨੈੱਟਵਰਕ ਏਨਾ ਮਜ਼ਬੂਤ ਹੈ ਕਿ ਨਸ਼ਾ ਤਸਕਰਾਂ ਵੱਲੋਂ ਨਸ਼ਾ ਅਤੇ ਨਸ਼ਾ ਤਸਕਰਾਂ ਵਿਰੁੱਧ ਉਠ ਰਹੀਆਂ ਆਵਾਜ਼ਾਂ ਨੂੰ ਦਬਾਉਣ ਅਤੇ ਡਰਾਉਣ ਧਮਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਦੇ ਬਾਵਜੂਦ ਬਹਾਦਰ ਪੰਜਾਬੀ ਨਸ਼ੇ ਦੇ ਤਸਕਰਾਂ ਦਾ ਹਰ ਤਰਾਂ ਮੁਕਾਬਲਾ ਕਰਨ ਲਈ ਡਟੇ ਹੋਏ ਹਨ। ਪੰਜਾਬ ਦੇ ਕਈ ਪਿੰਡਾਂ ’ਚ ਤਾਂ ਨੌਜਵਾਨਾਂ ਵੱਲੋਂ ਆਪਣੇ ਪਿੰਡਾਂ ਦੀ ਦਿਨ ਰਾਤ ਰਾਖੀ ਕੀਤੀ ਜਾ ਰਹੀ ਹੈ ਤਾਂ ਕਿ ਕੋਈ ਨਸ਼ਾ ਤਸਕਰ ਉਹਨਾਂ ਦੇ ਪਿੰਡ ਨਾ ਆ ਸਕੇ। ਕਈ ਪਿੰਡਾਂ ਵਿੱਚ ਪਿੰਡ ਵਾਸੀਆਂ ਵੱਲੋਂ ਠੀਕਰੀ ਪਹਿਰੇ ਲਗਾ ਕੇ ਪਿੰਡਾਂ ਦੀ ਨਸ਼ੇ ਦੇ ਸੌਦਾਗਰਾਂ ਤੋਂ ਰਾਖੀ ਕੀਤੀ ਜਾ ਰਹੀ ਹੈ।




ਇਥੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਮਚਾਕੀ ਦੀ ਉਦਾਹਰਣ ਦਿਤੀ ਜਾ ਸਕਦੀ ਹੈ। ਇਸ ਪਿੰਡ ਦੇ ਦੇ 22 ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਕੱਢਣ ਲਈ ਪਿੰਡ ਦੀ ਪੰਚਾਇਤ ਨੇ ਪੂਰੀ ਵਾਹ ਲਾ ਦਿੱਤੀ, ਪਰ ਇਹ ਸਭ ਇੰਨਾ ਅਸਾਨ ਨਹੀਂ ਸੀ।ਇਸ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਗਿਆ, ਲੋਕਾਂ ਦਾ ਵਿਸ਼ਵਾਸ ਜਿੱਤਿਆ ਗਿਆ ਅਤੇ ਸਭ ਤੋਂ ਔਖਾ ਨਸ਼ੇ ਸੌਦਾਗਰਾਂ ਨਾਲ ਵੀ ਲੜਾਈ ਲੜਨੀ ਪਈ।ਪਿੰਡ ਮਚਾਕੀ ਕਲਾਂ ਦੀ ਪੰਚਾਇਤ ਵੱਲੋਂ ਸਭ ਤੋਂ ਪਹਿਲਾਂ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਲਈ ਪਿੰਡ ਵਿੱਚ ਹੀ ਇੱਕ ਕੇਂਦਰ ਖੋਲ੍ਹਿਆ ਗਿਆ।ਇੱਥੇ ਉਨ੍ਹਾਂ ਨੂੰ ਵਿਅਸਤ ਰੱਖਣ ਲਈ ਇੰਟਰਨੈੱਟ ਅਤੇ ਟੀਵੀ ਲਗਾਇਆ ਗਿਆ, ਇੰਨਾ ਹੀ ਨਹੀਂ ਸੰਗੀਤ ਦਾ ਵੀ ਸਹਾਰਾ ਲਿਆ ਗਿਆ।ਪੰਜਾਬ ਦੇ ਹੋਰਨਾਂ ਪਿੰਡਾਂ ਵਿੱਚ ਵੀ ਪਿੰਡਾਂ ਦੀਆਂ ਪੰਚਾਇਤਾਂ ਅਤੇ ਨੌਜਵਾਨਾਂ ਦੇ ਨਾਲ ਨਾਲ ਸਮਾਜ ਸੇਵੀਆਂ ਵੱਲੋਂ ਵੀ ਨਸ਼ੇ ਵਿਰੁੱਧ ਜੰਗ ਵਿੱਚ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ।




ਇਤਿਹਾਸ ਗਵਾਹ ਹੈ ਕਿ ਮੁੱਢ ਕਦੀਮ ਤੋਂ ਦੁਨੀਆਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਨਸ਼ਾ ਪ੍ਰਚਲਿਤ ਰਿਹਾ ਹੈ, ਵੱਖ- ਵੱਖ ਇਤਿਹਾਸਿਕ ਅਤੇ ਮਿਥਿਹਾਸਿਕ ਕਥਾਵਾਂ ਵਿੱਚ ਕੁਦਰਤੀ ਨਸ਼ੇ ਦਾ ਜ਼ਿਕਰ ਮਿਲਦਾ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਪਹਿਲਾਂ ਵੱਡੀ ਗਿਣਤੀ ਲੋਕ ਸਿਰਫ਼ ਕੁਦਰਤੀ ਨਸ਼ੇ ਕਰਦੇ ਸਨ, ਪਰ ਹੁਣ ਸਿੰਥੈਕਟਿਕ ਨਸ਼ਿਆਂ ਦਾ ਹੜ੍ਹ ਆਇਆ ਹੋਇਆ ਹੈ।

(ਬਾਕੀ ਸਫ਼ਾ 29 ’ਤੇ)

## ਰਸਤੇ ਤੋਂ ਭਟਕੇ ਨੌਜਵਾਨ ਨਸ਼ਿਆਂ ਦੀ ਲਪੇਟ ’ਚ



ਨਸ਼ੇ ਸਾਡੇ ਸਮਾਜ ਅੰਦਰ ਇਕ ਵੱਡੀ ਸਮਾਜਿਕ ਸਮੱਸਿਆ ਵਜੋਂ ਸਿਰ ਚੁੱਕੀ ਖੜੇ ਹਨ। ਪੰਜਾਬ ਦੀ ਕੁਝ ਕੁ ਫੀਸਦੀ ਜਵਾਨੀ ਜੋ ਨਸ਼ਿਆਂ ਦੀ ਲਪੇਟ ਵਿੱਚ ਹੈ, ਉਸਨੇ ਪੂਰੇ ਪੰਜਾਬ ਦੇ ਮੱਥੇ ’ਤੇ ਕਾਲਾ ਟਿੱਕਾ ਲਗਾਇਆ ਹੋਇਆ ਹੈ। ਇਹ ਕੁਝ ਕੁ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਅਗਾਂਹਵਧੂ ਸੋਚ ਰੱਖਣ ਵਾਲੇ ਹਿੰਮਤੀ ਤੇ ਦ੍ਰਿੜ ਇਰਾਦੇ ਵਾਲੇ ਨੌਜਵਾਨਾਂ ਦੇ ਅੱਗੇ ਵੀ ਸਵਾਲ ਖੜੇ ਕਰ ਦਿੰਦੇ ਹਨ। ਅਸੀਂ ਇਨਕਾਰ ਨਹੀਂ ਕਰਦੇ, ਕੁਝ ਕੁ ਘਰ ਇਸ ਨਸ਼ੇ ਨੇ ਪੂਰੇ ਦੇ ਪੂਰੇ ਬਰਬਾਦ ਕੀਤੇ ਹਨ, ਇਹ ਬਰਬਾਦ ਹੋਏ ਘਰਾਂ ਦੇ ਤਰਲਿਆਂ ਦੀ ਨੀਂਹ ’ਤੇ ਹੀ ਸਰਕਾਰਾਂ ਖੜੀਆਂ ਹੁੰਦੀਆਂ ਆਈਆਂ ਹਨ ਭਾਵੇਂ ਕਿ ਨਸ਼ੇ ਬੰਦ ਕਾਗਜਾਂ ’ਚ ਹੀ ਹੁੰਦੇ ਰਹੇ। ਪੰਜਾਬ ਦੀ ਧਰਤੀ ਦਾ ਅੰਨ- ਪਾਣੀ ਚੜ੍ਹਦੀਕਲਾ ਰੱਖਣ ਵਾਲਾ ਹੈ, ਪਰ ਢਹਿੰਦੀ ਕਲਾ ਵੱਲ ਜਾਂਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਖੂਹ ਵਿੱਚ ਡਿੱਗਣ ਤੋਂ ਬਚਾਉਣ ਦੀ ਸਾਡੀ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ, ਚਾਹੇ ਉਹ ਸਰਕਾਰਾਂ ਹੋਣ ਜਾਂ ਆਮ ਇਨਸਾਨ ਹੋਣ। ਸੋ ਅਸੀਂ ਪੰਜਾਬੀ ਹਾਂ , ਇਹ ਕਹਿਣ ਨਾਲ ਨਹੀਂ ਬਣਦਾ, ਸਾਨੂੰ ਪੰਜਾਬ ਪ੍ਰਤੀ ਛੋਟੇ ਪੱਧਰ ਤੋਂ ਹਰ ਜਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ ਤੇ ਨਸ਼ੇ ਦੇ ਖੂਹ ਵਿੱਚ ਡਿੱਗਣ ਵਾਲੇ ਹਰ ਨੌਜਵਾਨ ਦੀ ਬਾਂਹ ਫੜਨੀ ਚਾਹੀਦੀ ਹੈ।

## ਪੂਰੀ ਦੁਨੀਆਂ ’ਚ ਪ੍ਰਸਿੱਧ ਹੈ ਪੰਜਾਬੀਆਂ ਦੀ ਸੇਵਾ ਭਾਵਨਾ

ਇਥੇ ਸੋਚਣ ਵਾਲੀ ਗਲ ਇਹ ਹੈ ਕਿ ਪੰਜਾਬ ਦੇ ਜਿਹੜੇ ਨੌਜਵਾਨਾਂ ਨੂੰ ਨਸ਼ੇੜੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ, ਫਿਰ ਉਹੀ ਪੰਜਾਬੀ ਨੌਜਵਾਨ ਹੀ ਹੜ੍ਹਾਂ ਦੌਰਾਨ ਜਾਂ ਹੋਰ ਕੁਦਰਤੀ ਕਰੋਪੀ ਦੌਰਾਨ ਸਭ ਤੋਂ ਪਹਿਲਾਂ ਆਮ ਲੋਕਾਂ ਦੀ ਸਹਾਇਤਾ ਲਈ ਪਹੁੰਚਦੇ ਹਨ ਅਤੇ ਸਰਕਾਰ ਅਤੇ ਪ੍ਰਸ਼ਾਸਨ ਨਾਲ ਰਲ ਮਿਲ ਕੇ ਆਮ ਲੋਕਾਂ ਦੀ ਸਹਾਇਤਾ ਲਈ ਦਿਨ ਰਾਤ ਕੰਮ ਕਰਦੇ ਹਨ। ਪੰਜਾਬੀ ਨੌਜਵਾਨਾਂ ਦੀ ਇਸ ਸੇਵਾ ਭਾਵਨਾਂ ਨੂੰ ਵੀ ਅੱਗੇ ਲਿਆਉਣਾ ਚਾਹੀਦਾ ਹੈ ਤਾਂ ਕਿ ਉਹਨਾਂ ਤੋਂ ਹੋਰਨਾਂ ਨੌਜਵਾਨਾਂ ਨੂੰ ਵੀ



ਸੇਧ ਮਿਲੇ ਅਤੇ ਉਹ ਵੀ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ। ਪੰਜਾਬ ਵਿੱਚ ਪਿਛਲੇ ਦਿਨਾਂ ਦੌਰਾਨ ਆਏ ਹੜ੍ਹਾਂ ਦੌਰਾਨ ਪੰਜਾਬੀ ਨੌਜਵਾਨ ਹੀ ਆਮ ਲੋਕਾਂ ਲਈ ਮਸੀਆ ਬਣ ਦੇ ਮਦਦ ਕਰਨ ਲਈ ਅੱਗੇ ਆਏ। ਪੰਜਾਬੀ ਨੌਜਵਾਨਾਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਤਨ,ਮਨ ਅਤੇ ਧਨ ਨਾਲ ਆਪਣਾ ਯੋਗਦਾਨ ਪਾਇਆ ਗਿਆ। ਇਸ ਮੌਕੇ ਪੰਜਾਬੀਆਂ ਵੱਲੋਂ ਇਨਸਾਨਾਂ ਲਈ ਲੰਗਰ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਵੀ ਕੀਤਾ ਗਿਆ। ਜਿਸ ਕਾਰਨ ਪੰਜਾਬੀਆਂ ਦਾ ਵੱਖਰਾ ਰੂਪ ਸਾਹਮਣੇ ਆਇਆ। ਲੰਗਰ ਲਗਾਉਣ ਲਈ ਪੰਜਾਬੀ ਅਤੇ ਸਿੱਖ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ, ਇਸਦੇ ਬਾਵਜੂਦ ਪੰਜਾਬੀ ਨੌਜਵਾਨਾਂ ਨੂੰ ਨਸ਼ੇੜੀ ਕਹਿ ਕੇ ਕੁਝ ਧਿਰਾਂ ਵੱਲੋਂ ਬਦਨਾਮ ਕਰਨਾ ਚਿੰਤਾ ਦਾ ਵਿਸ਼ਾ ਹੈ।

## ਚਿੱਟਾ ਹਾਥੀ ਬਣੇ ਨਸ਼ਾ ਛੁਡਾਉਣ ਵਾਲੇ ਕੇਂਦਰ




ਭਾਵੇਂ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਨੇ ਸੂਬੇ ਦੇ ਕਈ ਸਰਕਾਰੀ ਹਸਪਤਾਲਾਂ ’ਚ ਆਰਜ਼ੀ ਤੌਰ ’ਤੇ ਨਸ਼ਾ ਛੁਡਾਊ ਕੇਂਦਰ ਤਾਂ ਬਣਾਵਾਏ ਸਨ ਪਰ ਦੇਖਿਆ ਜਾਵੇ ਤਾਂ ਇਨ੍ਹਾਂ ਕੇਂਦਰਾਂ ’ਚੋਂ ਜ਼ਿਆਦਾ ਚਿੱਟਾ ਹਾਥੀ ਸਾਬਤ ਹੋ ਰਹੇ ਹਨ। ਨਸ਼ਾ ਛੁਡਾਉਣ ਵਾਲੇ ਮਾਹਿਰ ਡਾਕਟਰਾਂ ਦੀ ਘਾਟ ਰੜਕ ਰਹੀ ਹੈ। ਡਾਕਟਰਾਂ ਤੋਂ ਇਲਾਵਾ ਨਸ਼ਾ ਛੁਡਾਊ ਕੇਂਦਰਾਂ ’ਚ ਹੋਰ ਸਟਾਫ਼ ਅਤੇ ਅਮਲੇ ਫੈਲੇ ਦੀ ਵੀ ਘਾਟ ਹੈ। ਦਵਾਈਆਂ ਵੀ ਲੋੜ ਅਨੁਸਾਰ ਨਹੀ ਮਿਲਦੀਆਂ। ਸਹੀ ਇਲਾਜ ਨਾ ਹੋਣ ਕਾਰਨ ਸਰਕਾਰੀ ਹਸਪਤਾਲਾਂ ਦੇ ਨਸ਼ਾ ਛੁਡਾਊ ਕੇਂਦਰ ਖਾਲੀ ਪਏ ਰਹਿੰਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪ੍ਰਾਈਵੇਟ ਤੌਰ ’ਤੇ ਵੀ ਨਸ਼ਾ ਛੁਡਾਊ ਕੇਂਦਰ ਚਲਾਏ ਜਾ ਰਹੇ ਹਨ, ਜਿਹਨਾਂ ਦੀ ਕਾਰਗੁਜਾਰੀ ’ਤੇ ਅਕਸਰ ਸਵਾਲ ਉਠਦੇ ਰਹਿੰਦੇ ਹਨ।

## ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ...

# ਭਾਰਤ ਸਰਕਾਰ ਵੱਲੋਂ ਭਾਈ ਅਵਤਾਰ ਸਿੰਘ ਖੰਡਾ ਦੀ ਮ੍ਰਿਤਕ ਦੇਹ ਪੰਜਾਬ ਲਿਆਉਣ ਤੋਂ ਨਾਂਹ



- ਫਰੰਗੀਆਂ ਨੇ ਭਾਈ ਖੰਡਾ ਦੀ ਮਾਤਾ ਤੇ ਭੈਣ ਨੂੰ ਨਹੀਂ ਦਿੱਤਾ ਇੰਗਲੈਂਡ ਦਾ ਵੀਜ਼ਾ
- ਸਿੱਖਾਂ ਨੂੰ ਆਖ਼ਰ ਕਦੋਂ ਮਿਲੂ ਇਨਸਾਫ਼, ਸਿੱਖ ਹਲਕਿਆਂ 'ਚ ਫੈਲੀ ਰੋਸ ਦੀ ਲਹਿਰ
- ਕੀ ਭਾਰਤ 'ਚ ਸਿੱਖ ਸੱਚਮੁੱਚ ਆਜ਼ਾਦ ਹਨ ?
- ਕੀ ਸੱਚਮੁੱਚ ਭਾਰਤ 'ਚ ਸਿੱਖਾਂ ਲਈ ਵੱਖਰੇ ਕਾਨੂੰਨ ਅਤੇ ਹੋਰਨਾਂ ਦੇਸ਼ ਵਾਸੀਆਂ ਲਈ ਵੱਖਰੇ ਕਾਨੂੰਨ ਹਨ ?



ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਪਰ ਉਸੇ ਭਾਰਤ ਵਿੱਚ ਅੱਜ ਸਿੱਖਾਂ ਨਾਲ ਦੋਇਮ ਦਰਜ਼ੇ ਦੇ ਵਸਨੀਕਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਜਿਸ ਦੇ ਸਬੂਤ ਵੱਖ- ਵੱਖ ਸਮੇਂ ਸਾਹਮਣੇ ਆਉਂਦੇ ਰਹਿੰਦੇ ਹਨ। ਇਸ ਤਰਾਂ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲੇ ਸਿੱਖ ਭਾਰਤ 'ਚ ਆਪਣੇ ਆਪ ਨੂੰ ਬੇਗਾਨਾ ਸਮਝਣ ਲੱਗ ਪਏ ਹਨ। ਹੁਣ ਤਾਜ਼ਾ ਮਾਮਲਾ ਭਾਈ ਅਵਤਾਰ ਸਿੰਘ ਖੰਡਾ ਦਾ ਹੈ।

ਸਿੱਖ ਕੌਮ ਦੇ ਹੀਰੇ ਭਾਈ ਅਵਤਾਰ ਸਿੰਘ ਖੰਡਾ ਦੀ ਬੀਤੀ 15 ਜੂਨ ਨੂੰ ਇੰਗਲੈਂਡ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ ਸੀ, ਇਸ ਮੌਤ ਦਾ ਕਾਰਨ ਕੈਂਸਰ ਦੱਸਿਆ ਜਾ ਰਿਹਾ ਹੈ ਪਰ ਯੂ ਕੇ ਰਹਿੰਦੇ ਸਿੱਖ ਆਗੂਆਂ ਨੇ ਭਾਈ ਖੰਡਾ ਦੀ ਮੌਤ ਦਾ ਕਾਰਨ ਭਾਰਤ ਸਰਕਾਰ ਦੇ ਕਰਿੰਦਿਆਂ ਵੱਲੋਂ ਭਾਈ ਖੰਡਾ ਨੂੰ ਜ਼ਹਿਰ ਦਿੱਤੇ ਜਾਣਾ ਦੱਸਿਆ ਹੈ।

ਇੰਗਲੈਂਡ ਦੀ ਧਰਤੀ 'ਤੇ ਭਾਈ ਅਵਤਾਰ ਸਿੰਘ ਖੰਡਾ ਦਾ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ 5 ਅਗਸਤ ਨੂੰ ਕੀਤੀ ਜਾ ਰਹੀ ਹੈ।ਇਸ ਲਈ ਭਾਈ ਖੰਡਾ ਦੇ ਪਰਿਵਾਰ ਵੱਲੋਂ ਇੰਗਲੈਂਡ ਦਾ ਵੀਜ਼ਾ ਲਗਵਾਇਆ ਗਿਆ ਸੀ ਪਰ ਇੰਗਲੈਂਡ ਦੀ ਸਰਕਾਰ ਵੱਲੋਂ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ।ਭਾਰਤ ਸਰਕਾਰ ਨੇ ਭਾਈ ਖੰਡਾ ਦੀ ਮ੍ਰਿਤਕ ਦੇਹ ਪੰਜਾਬ ਲਿਆਉਣ ਤੋਂ ਇਨਕਾਰ ਕਰ ਦਿੱਤਾ ਹੈ।ਇਸ ਕਾਰਨ ਦੁਨੀਆਂ ਭਰ ਦੇ ਸਿੱਖਾਂ ਅੰਦਰ ਰੋਸ ਦੀ ਲਹਿਰ ਫੈਲ ਗਈ ਹੈ। ਗਰਮ ਦਲੀ ਆਗੂ ਕਹਿ ਰਹੇ ਹਨ ਕਿ ਭਾਰਤ ਤਾਂ 1947 ਵਿੱਚ ਆਜ਼ਾਦ ਹੋ ਗਿਆ ਸੀ ਪਰ ਭਾਰਤ ਅੰਦਰ ਸਿੱਖ ਅਜੇ ਵੀ ਗੁਲਾਮਾਂ ਵਾਲਾ ਜੀਵਨ ਜੀ ਰਹੇ ਹਨ, ਜਿਸਦਾ ਸਬੂਤ ਭਾਈ ਖੰਡਾ ਦੀ ਮ੍ਰਿਤਕ ਦੇਹ ਪੰਜਾਬ ਨਾ ਲਿਆਉਣ ਦੇਣ ਤੋਂ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਭਾਈ ਖੰਡਾ ਦੀ ਭੈਣ ਅਤੇ ਮਾਤਾ ਜੀ ਨੂੰ ਇੰਗਲੈਂਡ ਦਾ ਵੀਜ਼ਾ ਨਾ ਦੇਣ ਕਾਰਨ ਵੀ ਸਿੱਖਾਂ ਅੰਦਰ ਰੋਸ ਦੀ ਲਹਿਰ ਫੈਲ ਗਈ ਹੈ।

### ਪਿਤਾ ਅਤੇ ਚਾਚੇ ਦਾ ਹੋਇਆ ਸੀ ਐਂਕਾਉਂਟਰ

ਜਦੋਂ ਅਵਤਾਰ ਸਿੰਘ ਖੰਡਾ ਦਾ ਬਚਪਨ ਸਿਰਫ ਮਾਂ ਦੀ ਗੋਦ ਵਿੱਚ ਹੀ ਬੀਤਿਆਂ, ਮਾਂ ਸਕੂਲ ਵਿੱਚ ਅਧਿਆਪਕ ਸੀ,ਚੰਗੀ ਜ਼ਿੰਦਗੀ ਦੀ ਤਲਾਸ਼ ਲਈ ਨੌਜਵਾਨ ਅਵਤਾਰ ਸਿੰਘ ਖੰਡਾ 22 ਸਾਲ ਦੀ ਉਮਰ ਵਿੱਚ ਬ੍ਰਿਟੇਨ ਪੜ੍ਹਾਈ ਕਰਨ ਚੱਲਾ ਗਿਆ । ਸਿੱਖੀ ਬਾਣੇ ਵਿੱਚ ਰਹਿੰਦੇ ਹੋਏ ਉਸ ਨੇ ਮਨੁੱਖੀ



ਅਧਿਕਾਰਾਂ ਨਾਲ ਜੁੜੇ ਕਈ ਮੁੱਦੇ ਚੁੱਕੇ ਅਤੇ ਫਿਰ ਉਹ ਸ਼੍ਰੋਮਣੀ ਅਕਾਲ ਦਲ ਅੰਮ੍ਰਿਤਸਰ ਨਾਲ ਜੁੜ ਗਿਆ ।ਸਿੱਖ ਸਰਗਰਮੀਆਂ ਵਿੱਚ ਵੱਧ ਚੜਕੇ ਹਿੱਸਾ ਲੈਣ ਦੀ ਵਜ੍ਹਾ ਕਰੇ ਅਵਤਾਰ ਸਿੰਘ ਖੰਡਾ ਨੂੰ ਸਿਮਰਨਜੀਤ ਸਿੰਘ ਮਾਨ ਨੇ ਬ੍ਰਿਟੇਨ ਵਿੱਚ ਯੂਥ ਵਿੰਗ ਦੇ ਉਪ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਸੀ।

1988 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਰੋਡੇ ਪਿੰਡ ਵਿੱਚ ਅਵਤਾਰ ਸਿੰਘ ਖੰਡਾ ਦਾ ਜਨਮ ਹੋਇਆ ਸੀ । ਕਾਲੇ ਦੌਰ ਵੇਲੇ ਉਸ ਦੇ ਘਰ ਅਕਸਰ ਸੁਰੱਖਿਆ ਏਜੰਸੀਆਂ ਪੁੱਛ-ਗਿੱਛ ਕਰਨ ਦੇ ਲਈ ਆਉਂਦੀਆਂ ਸਨ, ਇਸੇ ਵਜ੍ਹਾ ਕਰਕੇ ਪਰਿਵਾਰ ਕਦੇ ਪਟਿਆਲਾ ਅਤੇ ਲੁਧਿਆਣਾ ਤਾਂ ਕਦੇ ਮੋਗਾ ਸ਼ਿਫਟ ਹੋਇਆ । ਜਿਸ ਸਾਲ ਅਵਤਾਰ ਸਿੰਘ ਖੰਡਾ ਦਾ ਜਨਮ ਹੋਇਆ ਉਸੇ ਸਾਲ ਹੀ ਚਾਚੇ ਬਲਵੰਤ ਸਿੰਘ ਖੁਕਰਾਨਾ ਦਾ ਸਿਰ ਤੋਂ ਹੱਥ ਉੱਠ ਗਿਆ, ਪੁਲਿਸ ਨੇ ਝੂਠੇ ਐਂਕਾਉਂਟਰ ਵਿੱਚ ਉਨ੍ਹਾਂ ਨੂੰ ਮਾਰ ਦਿੱਤਾ । ਫਿਰ ਖੰਡਾ ਜਦੋਂ ਤਿੰਨ ਸਾਲ ਦਾ ਸੀ ਤਾਂ 3 ਮਾਰਚ 1991 ਨੂੰ ਪਿਤਾ ਕੁਲਵੰਤ ਸਿੰਘ ਖੁਕਰਾਨਾ ਦਾ ਵੀ ਐਂਕਾਉਂਟਰ ਕਰ ਦਿੱਤਾ ਗਿਆ। ਬੱਚਪਨ ਸਿਰਫ ਮਾਂ ਦੀ ਗੋਦ ਵਿੱਚ ਹੀ ਬੀਤਿਆਂ, ਮਾਂ ਸਕੂਲ ਵਿੱਚ ਅਧਿਆਪਕ ਸੀ, ਚੰਗੀ ਜ਼ਿੰਦਗੀ ਦੀ ਤਲਾਸ਼ ਲਈ ਨੌਜਵਾਨ ਅਵਤਾਰ ਸਿੰਘ ਖੰਡਾ 22 ਸਾਲ ਦੀ ਉਮਰ ਵਿੱਚ ਬ੍ਰਿਟੇਨ ਪੜ੍ਹਾਈ ਕਰਨ ਚਲਾ ਗਿਆ ।

ਇੰਗਲੈਂਡ ਸਰਕਾਰ ਵੱਲੋਂ ਭਾਈ ਖੰਡਾ ਦੇ ਪਰਿਵਾਰ ਨੂੰ ਇੰਗਲੈਂਡ ਦਾ ਵੀਜ਼ਾ ਨਾ ਦੇਣ ਦਾ ਮਾਮਲਾ ਗਰਮਾਉਂਦਾ ਜਾ ਰਿਹਾ ਹੈ। ਇਸ ਸਬੰਧੀ ਵੱਖ- ਵੱਖ ਆਗੂਆਂ ਦੇ ਪ੍ਰਤੀਕਰਮ ਸਾਹਮਣੇ ਆ ਰਹੇ ਹਨ।

ਇਸ ਸਬੰਧੀ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਇੰਗਲੈਂਡ ਦੀ ਧਰਤੀ 'ਤੇ ਭਾਈ ਅਵਤਾਰ ਸਿੰਘ ਖੰਡਾ ਦਾ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ 5 ਅਗਸਤ ਨੂੰ ਕੀਤੀ ਜਾ ਰਹੀ ਹੈ। ਇਸੇ ਕਾਰਨ ਭਾਈ ਖੰਡਾ ਦੇ ਪਰਿਵਾਰ ਵੱਲੋਂ ਇੰਗਲੈਂਡ ਦਾ ਵੀਜ਼ਾ ਲਗਵਾਇਆ ਗਿਆ ਸੀ ਪਰ ਇੰਗਲੈਂਡ ਦੀ ਸਰਕਾਰ ਵੱਲੋਂ ਵੀਜ਼ਾ ਨੂੰ ਰੱਦ ਕਰ ਦਿੱਤਾ ਗਿਆ ਹੈ, ਜੋ ਕਿ ਬਹੁਤ ਮੰਦਭਾਗੀ ਗਲ ਹੈ।ਉਹਨਾਂ ਕਿਹਾ ਕਿ ਖੰਡਾ ਦੇ ਪਰਿਵਾਰ ਨੂੰ ਇੰਗਲੈਂਡ ਜਾਣ ਤੋਂ ਰੋਕਣਾ ਮਨੁੱਖੀ ਹੱਕਾਂ ਦੀ ਉਲੰਘਣਾ ਹੈ। ਉਹਨਾਂ ਕਿਹਾ ਕਿ ਇੰਗਲੈਂਡ ਵਰਗੇ ਵਿਕਾਸ਼ਸ਼ੀਲ ਮੁਲਕ ਦੀ ਸਰਕਾਰ ਦੀ ਅਜਿਹੀ ਕਾਰਵਾਈ ਠੀਕ ਨਹੀਂ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਹਰੇਕ ਮਰਨ ਵਾਲੇ ਦਾ ਅੰਤਿਮ ਸੰਸਕਾਰ ਉਸਦੇ ਪਰਿਵਾਰ ਦੀ ਹਾਜ਼ਰੀ ਵਿੱਚ ਹੋਣ ਦੇਣਾ ਉਸ ਮਰੇ ਹੋਏ ਬੰਦੇ ਦਾ ਵੀ ਆਖਰੀ ਹੱਕ ਹੈ, ਭਾਈ ਅਵਤਾਰ ਸਿੰਘ ਖੰਡੇ ਦੀ ਮਾਤਾ ਤੇ ਭੈਣ ਨੂੰ ਉਸਦੇ ਅੰਤਿਮ ਸੰਸਕਾਰ ਲਈ ਵੀਜ਼ਾ ਨਾ ਦੇਣਾ ਇਸ ਹੱਕ ਦੀ ਉਲੰਘਣਾ ਹੈ। ਕੋਈ ਦੁਸ਼ਮਣ ਵੀ ਹੋਵੇ ਤਾਂ ਉਸਦੇ ਰੀਤੀ ਰਿਵਾਜ਼ਾਂ ਅਤੇ ਪਰਿਵਾਰ ਦੀ ਹਾਜ਼ਰੀ ਵਿੱਚ ਉਸਦਾ ਅੰਤਮ ਸੰਸਕਾਰ ਹੋਣ ਦੇਣਾਂ ਹੀ ਇੱਕ ਸਭਿਅਕ ਰਾਜ ਦੀ ਨਿਸ਼ਾਨੀ ਹੁੰਦੀ ਹੈ। ਇਸ ਬਾਰੇ ਇੰਗਲੈਂਡ ਦੇ ਸਿੱਖਾਂ, ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੂੰ ਇੰਗਲੈਂਡ ਸਰਕਾਰ ਨਾਲ ਜ਼ਰੂਰ ਗਲ ਕਰਨੀ ਚਾਹੀਦੀ ਹੈ। ਵਿਸ਼ਵ ਵਿਆਪੀ ਮਨੁੱਖੀ ਅਧਿਕਾਰਾਂ ਦਾ ਹਵਾਲਾ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਹਿੰਦੂਸਤਾਨ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨ ਨੂੰ ਮਰਹੂਮ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਨੂੰ ਵੀਜ਼ਾ ਜਾਰੀ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਉਹ ਆਪਣੇ ਪੁੱਤਰ ਅਤੇ ਭਰਾ ਦੀਆਂ ਯੂ.ਕੇ. ਵਿੱਚ ਹੋਣ ਵਾਲੀਆਂ ਅੰਤਿਮ ਰਸਮਾਂ ਅੰਦਰ ਸ਼ਾਮਲ ਹੋ ਸਕਣ ।

ਸ. ਸਰਨਾ ਨੇ ਕਿਹਾ ਕਿ ਅਸੀਂ ਖੰਡਾ ਦੇ ਪਰਿਵਾਰ ਨੂੰ ਯੂਕੇ ਦਾ ਵੀਜ਼ਾ ਦੇਣ ਤੋਂ ਇਨਕਾਰ ਕਰਨ ਬਾਰੇ ਪਰੇਸ਼ਾਨ ਕਰਨ ਵਾਲੀਆਂ ਰਿਪੋਰਟਾਂ ਦੇਖੀਆਂ। ਬਰਤਾਨਵੀ ਹਾਈ ਕਮਿਸ਼ਨ ਨੂੰ ਮਨੁੱਖੀ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਇਕਰਾਰਨਾਮੇ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਸ ਦੇ ਪਰਿਵਾਰ ਨੂੰ ਯੂਕੇ ਵਿੱਚ ਰਸਮਾਂ ਅਤੇ ਸੇਵਾ ਵਿੱਚ ਸ਼ਾਮਲ ਹੋਣ ਦੇਣਾ ਚਾਹੀਦਾ ਹੈ, ਜਿੱਥੇ ਉਸ ਦਾ ਹਾਲ ਹੀ ਵਿੱਚ ਦਿਹਾਂਤ ਹੋਇਆ ਸੀ । ਅਕਾਲੀ ਆਗੂ ਨੇ ਇਸ ਸਬੰਧ ਵਿੱਚ ਵਿਦੇਸ਼ ਮੰਤਰਾਲੇ ਦੇ ਦਖਲ ਦੀ ਮੰਗ ਕੀਤੀ ਹੈ ।ਸੰਗਰੂਰ ਤੋਂ ਲੋਕ ਸਭਾ ਮੈਂਬਰ ਸ੍ਰ. ਸਿਮਰਨਜੀਤ ਸਿੰਘ ਮਾਨ ਅਤੇ ਹੋਰ ਆਗੂ ਅਕਸਰ ਕਹਿੰਦੇ ਹਨ ਕਿ ਭਾਰਤ ਵਿੱਚ ਸਿੱਖਾਂ ਲਈ ਵੱਖਰੇ ਕਾਨੂੰਨ ਹਨ ਅਤੇ ਹੋਰਨਾਂ ਦੇਸ਼ ਵਾਸੀਆਂ ਲਈ ਵੱਖਰੇ ਕਾਨੂੰਨ ਹਨ। ਇਹ ਆਗੂ ਅਕਸਰ ਇਹ ਵੀ ਕਹਿੰਦੇ ਹਨ ਕਿ ਭਾਰਤ ਵਿੱਚ ਸਿੱਖਾਂ ਨੂੰ ਦੂਜੇ ਦਰਜ਼ੇ ਦੇ ਸ਼ਹਿਰੀ ਸਮਝਿਆ ਜਾਂਦਾ ਹੈ।




## ਕਾਨੂੰਨ ਦੀ ਹੱਦ ਅੰਦਰ ਹੀ ਸੀ ਭਾਈ ਖੰਡਾ ਦੀ ਮ੍ਰਿਤਕ ਦੇਹ ਭਾਰਤ ਲਿਆਉਣਾ



ਵੱਖ-ਵੱਖ ਵਿਦਵਾਨ ਅਤੇ ਸਿੱਖ ਆਗੂ ਕਹਿ ਰਹੇ ਹਨ ਕਿ ਭਾਈ ਖੰਡਾ ਦਾ ਜਨਮ ਤਾਂ ਹੋਇਆ ਹੀ ਭਾਰਤ ਵਿੱਚ ਸੀ ਇਸ ਲਈ ਉਸ ਦੀ ਮ੍ਰਿਤਕ ਦੇਹ ਨੂੰ ਇੱਥੇ ਲਿਆਉਣਾ ਕਾਨੂੰਨ ਦੀ ਹੱਦ ਅੰਦਰ ਹੀ ਸੀ। ਭਾਰਤੀ ਨਾਗਰਿਕਤਾ ਕਾਨੂੰਨ ਮੁਤਾਬਕ ਜਿਹੜਾ ਵਿਅਕਤੀ 1 ਜੁਲਾਈ 1987 ਤੋਂ ਬਾਅਦ ਅਤੇ 2003 ਦੇ ਨਾਗਰਿਕਤਾ ਕਾਨੂੰਨ ਲਾਗੂ ਹੋਣ ਤੱਕ ਜੇ ਵਿਦੇਸ਼ ਵਿੱਚ ਵੀ ਪੈਦਾ ਹੋਇਆ ਹੋਵੇ ਪਰ ਉਸ ਦੇ ਮਾਪਿਆਂ ਵਿੱਚੋਂ ਇੱਕ ਵੀ ਭਾਰਤੀ ਨਾਗਰਿਕ ਹੋਣ ਤਾਂ ਵੀ ਉਹ ਭਾਰਤੀ ਨਾਗਰਿਕ ਹੋ ਸਕਦਾ ਹੈ ਪਰ ਜੇ ਉਹ 2003 ਦੇ ਕਾਨੂੰਨ ਤੋਂ ਬਾਅਦ ਵਿੱਚ ਪੈਦਾ ਹੋਇਆ ਹੈ ਤਾਂ ਦੋਨੋਂ ਮਾਪੇ ਭਾਰਤੀ ਨਾਗਰਿਕ ਚਾਹੀਦੇ ਹਨ।

# ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਹੋਈ ਅਹਿਮ ਮੀਟਿੰਗ

**ਮੀਟਿੰਗ ਦੌਰਾਨ ਗੁਰਦੁਆਰਾ ਸਾਹਿਬ ਦੇ ਉਦਘਾਟਨ, ਗੁਰੂ ਗ੍ਰੰਥ ਸਾਹਿਬ, ਪੰਥ ਅਤੇ ਸਿੱਖੀ ਸਿਧਾਂਤਾਂ ਅਨੁਸਾਰ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਸੁਚੱਜੇ ਢੰਗ ਨਾਲ ਕਰਨ, ਵੱਖ-ਵੱਖ ਪੰਥਕ ਪ੍ਰੋਗਰਾਮ ਉਲੀਕੇ ਜਾਣ ਸਬੰਧੀ ਕੀਤੀਆਂ ਵਿਚਾਰਾਂ**



ਮਿਲਪੀਟਸ/ਏ.ਟੀ.ਨਿਊਜ਼ : ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਗੁਰਦੁਆਰਾ ਸਾਹਿਬ ਦੇ ਉਦਘਾਟਨ ਨੂੰ ਮੁੱਖ ਰੱਖਦਿਆਂ ਇੱਕ ਅਹਿਮ ਮੀਟਿੰਗ ਸੱਦੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਪਰੋਕਤ ਗੁਰਦੁਆਰਾ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਇਸ ਮੀਟਿੰਗ ਵਿੱਚ ਗੁਰਦੁਆਰਾ ਸਾਹਿਬ ਦੇ ਉਦਘਾਟਨ ਸਬੰਧੀ ਆਪਸੀ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਦੌਰਾਨ ਆਉਣ ਵਾਲੇ ਸਮੇਂ ਵਿੱਚ ਇਸ ਗੁਰਦੁਆਰਾ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ, ਪੰਥ ਅਤੇ ਸਿੱਖੀ ਸਿਧਾਂਤਾਂ ਅਨੁਸਾਰ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਸੁਚੱਜੇ ਢੰਗ ਨਾਲ ਕਰਨ, ਵੱਖ ਵੱਖ ਪੰਥਕ ਪ੍ਰੋਗਰਾਮ ਉਲੀਕੇ ਜਾਣ ਸਬੰਧੀ ਵਿਚਾਰਾਂ ਵੀ ਕੀਤੀਆਂ ਗਈਆਂ। ਇਸ ਮੌਕੇ ਕੌਮ ਦਾ ਆਪਸੀ ਇਤਫ਼ਾਕ, ਪ੍ਰੇਮ ਪਿਆਰ ਵਧਾਉਣ ਅਤੇ ਚੱਲ ਰਹੇ ਮੌਜੂਦਾ ਹਾਲਾਤਾਂ ਨਾਲ ਰਲ ਮਿਲ ਕੇ ਯਤਨ ਕਰਨ ਸਬੰਧੀ ਵੀ ਚਰਚਾ ਕੀਤੀ ਗਈ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਪ੍ਰਿਤਪਾਲ ਸਿੰਘ ਨਾਹਲ ਪਰਿਵਾਰ ਵੱਲੋਂ ਕੀਤੀ ਗਈ। ਅਖੀਰ ਵਿੱਚ ਭਾਈ ਜਸਵੰਤ ਸਿੰਘ ਹੋਠੀ ਵੱਲੋਂ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਖਾਲੜਾ ਪਾਰਕ ਕਮੇਟੀ ਤੇ ਇੰਡੋ ਯੂ.ਐਸ.ਹੈਰੀਟੇਜ ਵੱਲੋਂ ਹਿਊਮਨ ਰਾਈਟਸ ਦਿਨ ਸਬੰਧੀ ਤਿਆਰੀਆਂ ਆਰੰਭ



ਫਰਿਜ਼ਨੋ/ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ: ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਕੇ ਸਥਾਨਿਕ ਬਾਬਿਆਂ ਦੀ ਖਾਲੜਾ ਪਾਰਕ ਕਮੇਟੀ, ਜੈਕਾਰਾ ਮੂਵਮੈਂਟ ਅਤੇ ਇੰਡੋ ਯੂ.ਐਸ. ਹੈਰੀਟੇਜ ਐਸੋਸੀਏਸ਼ਨ ਵੱਲੋਂ ਉਪਰਾਲੇ ਅਰੰਭ ਦਿੱਤੇ ਗਏ ਹਨ। ਹਰ ਸਾਲ ਦੀ ਤਰਾਂ ਇਸ ਸਾਲ ਵੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਯਾਦ ਕਰਦਿਆ ਫਰਿਜ਼ਨੋ ਦੇ ਖਾਲੜਾ ਪਾਰਕ ਵਿੱਚ 16 ਸਤੰਬਰ ਦਿਨ ਸ਼ਨੀਵਾਰ ਨੂੰ ਦੁਪਿਹਰ ਦੋ ਵਜੇ ਸ਼ਰਧਾਜਲੀ ਸਮਾਗਮ ਰੱਖਿਆ ਗਿਆ ਹੈ। ਲੰਘੇ ਐਤਵਾਰ ਇਸ ਸਮਾਗਮ ਸਬੰਧੀ ਪਹਿਲੀ ਮੀਟਿੰਗ ਖਾਲੜਾ ਪਾਰਕ ਵਿੱਚ ਰੱਖੀ ਗਈ। ਇਸ ਮੌਕੇ ਪਤਵੰਤੇ ਸੱਜਣਾਂ ਨੇ ਸਭਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਹਨ ਲਈ ਸਨਿਮਰ ਬੇਨਤੀ ਕੀਤੀ ਅਤੇ ਇਸ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇੱਥੇ ਇਹ ਵੀ ਜਿਕਰਯਗ ਹੈ ਕਿ ਸਤੰਬਰ 1995 ਵਿੱਚ ਸਮੇਂ ਦੀ ਹਕੂਮਤ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਹੱਕਾਂ ਸਬੰਧੀ ਆਵਾਜ਼ ਬੁਲੰਦ ਕਰਨ ਦੇ ਬਦਲੇ ਤਸੀਹੇ ਦੇਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਉਪਰੰਤ ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਪਾਰਕ ਫਰਿਜ਼ਨੋ ਸ਼ਹਿਰ ਵਿੱਚ ਬਣਾਇਆ ਗਿਆ ਅਤੇ ਇਸ ਪਾਰਕ ਵਿੱਚ ਹਰੇਕ ਸਾਲ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਯਾਦ (ਬਾਕੀ ਸਫ਼ਾ 30 'ਤੇ)

# ਅਮਰੀਕਾ ਦੇ ਕੈਲੀਫ਼ੋਰਨੀਆ ਸਮੇਤ ਹੋਰ ਰਾਜਾਂ ਵਿੱਚ ਮਨੀਪੁਰ ਨਸਲੀ ਹਿੰਸਾ ਵਿਰੁੱਧ ਪ੍ਰਦਰਸ਼ਨ




ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਭਾਰਤ ਦੇ ਮਨੀਪੁਰ ਰਾਜ ਵਿੱਚ ਹੋ ਰਹੀ ਨਸਲੀ ਹਿੰਸਾ ਵਿਰੁੱਧ ਅਮਰੀਕਾ ਦੇ ਕੈਲੀਫੋਰਨੀਆ ਸਮੇਤ ਹੋਰ ਰਾਜਾਂ ਵਿੱਚ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ। ਪ੍ਰਦਰਸ਼ਨਕਾਰੀਆਂ ਨੇ ਨਸਲੀ ਹਿੰਸਾ ਵਿਰੁੱਧ ਪੋਸਟਰ ਚੁੱਕੇ ਹੋਏ ਸਨ ਤੇ ਉਨ੍ਹਾਂ ਨੇ ਨਸਲੀ ਹਿੰਸਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕੀਤੀ। ਨਸਲੀ ਹਿੰਸਾ, ਜਿਸ ਵਿੱਚ ਹੁਣ ਤੱਕ ਸੈਂਕੜੇ ਮੌਤਾਂ ਹੋ ਚੁੱਕੀਆਂ ਹਨ ਤੇ ਕਈ ਲੋਕਾਂ ਦੇ ਘਰ ਸਾੜੇ ਦਿੱਤੇ ਗਏ ਹਨ,ਅਨੇਕਾਂ ਵਾਹਨ ਅੱਗ ਦੀ ਭੇਟ ਚੜ ਚੁੱਕੇ ਹਨ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਵਿਰੁੱਧ ਕੈਲੀਫੋਰਨੀਆ ਤੋਂ ਇਲਾਵਾ ਨਿਊ ਜਰਸੀ ਤੇ ਮਾਸਾਚੂਸੈਟਸ ਵਿੱਚ ਵੀ ਜ਼ੋਰਦਾਰ ਪ੍ਰਦਰਸ਼ਨ ਹੋਏ। ਪਿਛਲੇ ਹਫਤੇ ਮਨੀਪੁਰ ਵਿੱਚ 2 ਕਬਾਇਲੀਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ ਵਿੱਚ ਲੋਕਾਂ ਵਿੱਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ ਤੇ ਉਹ ਸੜਕਾਂ 'ਤੇ ਉਤਰ ਆਏ ਹਨ। ਕੈਲੀਫੋਰਨੀਆ ਵਿੱਚ ਭਾਰਤੀ ਮੂਲ ਦੇ ਅਮਰੀਕੀ ਤੇ ਹੋਰ ਲੋਕ ਓਕਲੈਂਡ ਸਿਟੀ ਹਾਲ ਵਿੱਚ ਇਕੱਠੇ ਹੋਏ ਤੇ ਮਨੀਪੁਰ ਹਿੰਸਾ ਵਿਰੁੱਧ ਆਪਣਾ ਵਿਰੋਧ ਪ੍ਰਗਟਾਇਆ। ਇਹ ਪ੍ਰਦਰਸ਼ਨ ਹੋਰ ਜਥੇਬੰਦੀਆਂ ਤੋਂ ਇਲਾਵਾ ਨਾਰਥ ਅਮਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਤੇ ਅੰਬੇਦਕਰ ਕਿੰਗ ਸਟੱਡੀ ਸਰਕਲ ਵੱਲੋਂ ਆਯੋਜਿਤ ਕੀਤਾ ਗਿਆ ਸੀ। ਨਾਰਥ ਅਮਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ ਦੇ (ਬਾਕੀ ਸਫ਼ਾ 30 'ਤੇ)

# ਅਮਰੀਕਾ ਵਿੱਚ ਨਿਹੱਥੇ ਕਾਲੇ ਟਰੱਕ ਡਰਾਈਵਰ 'ਤੇ ਕੁੱਤਾ ਛੱਡਣ ਵਾਲਾ ਪੁਲਿਸ ਅ.ਫਸਰ ਬਰ.ਖ਼ਾਸਤ

ਸੈਕਰਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਸਰਕਲਵਿਲੇ,ਓਹੀਓ ਪੁਲਿਸ ਅਫਸਰ, ਜਿਸ ਵੱਲੋਂ ਇੱਕ ਨਿਹੱਥੇ ਕਾਲੇ ਵਿਅਕਤੀ 'ਤੇ ਪੁਲਿਸ ਵਿਭਾਗ ਦਾ ਕੁੱਤਾ ਛੱਡਣ ਦੀ ਵੀਡੀਓ ਸਾਹਮਣੇ ਆਈ ਸੀ, ਨੂੰ ਬਰਖ਼ਾਸਤ ਕਰ ਦੇਣ ਦੀ ਖ਼ਬਰ ਹੈ। ਪੁਲਿਸ ਵਿਭਾਗ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਰਕਲਵਿਲੇ ਪੁਲਿਸ ਅਫਸਰ ਰੀਆਨ ਸਪੀਕਮੈਨ ਦੀ ਕਾਰਵਾਈ ਪੁਲਿਸ ਦੇ ਮਾਪਦੰਡਾਂ ਤੇ ਆਸਾਂ ਉਪਰ ਖਰੀ ਨਹੀਂ ਉੱਤਰਦੀ। ਇਸ ਲਈ ਉਸ ਨੂੰ ਤੁਰੰਤ ਵਿਭਾਗ ਤੋਂ ਬਰਖ਼ਾਸਤ ਕੀਤਾ ਜਾਂਦਾ ਹੈ। ਵੀਡੀਓ ਵਿੱਚ ਪਿਛਲੇ ਦਿਨੀਂ ਵਾਪਰੀ ਇਸ ਘਟਨਾ ਵਿੱਚ ਪੁਲਿਸ ਤੇ ਲਾਅ ਇਨਫੋਰਸਮੈਂਟ ਨਾਲ ਸਬੰਧਿਤ ਹੋਰ ਏਜੰਸੀਆਂ ਦੀਆਂ ਕਾਰਾਂ ਇੱਕ ਕਮਰਸ਼ੀਅਲ ਸੈਮੀ ਟਰੱਕ ਨੂੰ ਰੋਕਣ ਲਈ ਉਸ ਦਾ ਪਿੱਛਾ ਕਰਦੀਆਂ ਨਜ਼ਰ ਆ ਰਹੀਆਂ ਹਨ। ਇਕ ਜਗਾ 'ਤੇ ਟਰੱਕ ਰੁਕ ਜਾਂਦਾ ਹੈ ਤੇ ਉਸ ਵਿਚੋਂ ਜਾਡਾਰੀਅਸ ਰੋਸ ਨਾਮੀ ਕਾਲਾ ਡਰਾਈਵਰ ਨਿਕਲਦਾ ਹੈ ਜਿਸ ਨੇ

ਹੱਥ ਖੜੇ ਕੀਤੇ ਹੋਏ ਹਨ ਤੇ ਉਹ ਆਤਮ ਸਮਰਪਣ ਲਈ ਤਿਆਰ ਵਿਖਾਈ ਦਿੰਦਾ ਹੈ ਪਰੰਤੂ ਇਸ ਦਰਮਿਆਨ ਉਸ ਉਪਰ ਕੁੱਤਾ ਛੱਡ ਦਿੱਤਾ ਜਾਂਦਾ ਹੈ। ਕੁੱਤਾ ਉਸ ਨੂੰ ਬੁਰੀ ਤਰਾਂ ਜ਼ਖਮੀ ਕਰ ਦਿੰਦਾ ਹੈ। ਪੁਲਿਸ ਅਨੁਸਾਰ ਜਾਂਚ ਲਈ ਨਾ ਰੁਕਣ ਕਾਰਨ ਸੈਮੀ ਟਰੱਕ ਦਾ ਪਿੱਛਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮੇਅਰ ਡਾਨ ਮੈਕਲਰਾਏ ਨੇ ਕਿਹਾ ਸੀ ਕਿ ਸਪੀਕਮੈਨ ਨੂੰ ਤਨਖਾਹ ਸਮੇਤ ਪ੍ਰਸ਼ਾਸਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

# ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾਂ ਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



ਸੈਂਟਾ ਕਲਾਰਾ/ ਕੈਲੀਫੋਰਨੀਆ/ ਪ੍ਰਮਿੰਦਰ ਸਿੰਘ ਪ੍ਰਵਾਨਾ :ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾਂ ਕਲਾਰਾ ਕੈਲੀਫੋਰਨੀਆ ਵਿਖੇ ਹਫਤਾਵਾਰੀ ਦੀਵਾਨਾਂ ਵਿੱਚ ਸ਼ਹੀਦ ਭਾਈ ਤਾਰੂ ਸਿੰਘ ਜੀ ਸਬੰਧੀ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ। ਪ੍ਰਧਾਨ ਭਾਈ ਬਲਕਾਰ ਸਿੰਘ ਵੱਲੋਂ ਪ੍ਰਵਾਨਾਂ ਨੂੰ ਮੰਚ ਸੰਚਾਲਨ ਦਾ ਸੱਦਾ ਦਿਦਿਆਂ ਕਿਹਾ ਕਿ ਸਥਾਨਕ ਕਵੀਆਂ ਵੱਲੋਂ ਸਮੇਂ ਸਮੇਂ ਇਸ ਗੁਰੂਘਰ ਵਿੱਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ, ਜੋ ਹਮੇਸ਼ਾ ਸਫ਼ਲ ਹੁੰਦੇ ਹਨ। ਮੰਚ ਸੰਭਾਲਦਿਆਂ ਪ੍ਰਵਾਨਾ ਨੇ ਕਿਹਾ ਕਿ ਜਕਰੀਆ ਖਾਨ ਲਾਹੌਰ ਦਾ ਹਾਕਮ ਸੀ, ਉਸਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਕਸਮ ਖਾਧੀ ਸੀ ਤੇ ਸਿੱਖਾਂ ਵਿਰੁੱਧ ਮੁਹਿੰਮ ਚਲਾ ਰਖੀ ਸੀ। ਉਸਨੇ ਚੁਣ ਚੁਣ ਕੇ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ, ਬੇਲਿਆਂ, ਮਾਰੂਥਲਾਂ, ਪਹੜਾਂ ਦੀਆਂ ਪਨਾਹਗਾਹਾਂ ਵਿੱਚ ਚਲੇ ਗਏ। ਉਸੇ ਤਰਾਂ ਦੀ ਇਕ ਪਨਾਹ ਗਾਰ ਬੀੜ ਬਾਬਾ ਬੁੱਢਾ ਜੀ ਪਿੰਡ ਪੂਹਲੇ ਨੇੜੇ ਸੀ। ਭਾਈ ਤਾਰੂ ਸਿੰਘ ਜੀ ਸਿੱਖਾਂ ਨੂੰ ਰਸਦ, ਵਸਤ ਅਤੇ ਰੋਜਮਰਾਂ ਦੀਆਂ ਚੀਜ਼ਾਂ ਪਹੁੰਚਾ ਕੇ ਸੇਵਾ ਕਰਦੇ ਸਨ, ਜੰਡਿਆਲਾ ਦੇ ਹਰਿਭਗਤ ਨੇ ਹਾਕਮਾਂ ਨੂੰ ਖਬਰ ਦਿਤੀ ਕਿ ਪਿੰਡ ਪੂਹਲੇ ਦਾ ਬਾਗੀ ਸਿੱਖ ਭਾਈ ਤਾਰੂ ਸਿੰਘ ਬਾਗੀ ਸਿੱਖਾਂ ਦੀ ਮਦਦ ਕਰਦਾ ਹੈ। ਭਾਈ ਸਾਹਿਬ ਨੂੰ ਮੁਕਾਉਣ ਦਾ ਹੁਕਮ ਹੋ ਗਿਆ। ਭਾਈ ਸਾਹਿਬ ਨੇ ਕਿਹਾ ਕਿ ਮੈਨੂੰ ਭਾਵੇਂ ਕਿਸੇ ਤਰਾਂ ਵੀ ਸ਼ਹੀਦ ਕਰੋ ਪਰ ਕੇਸਾਂ ਦੀ ਬੇਅਦਬੀ ਨਾ ਹੋਵੇ। ਭਾਈ ਸਾਹਿਬ ਦੀ ਖੋਪਰੀ ਉਤਾਰ ਦਿਤੀ ਗਈ ਤੇ ਕੁਝ ਸਮੇਂ ਬਾਅਦ ਉਹ ਸ਼ਹੀਦੀ ਪਾ ਗਏ। ਉਹਨਾਂ ਨੇ ਸਿੱਖਾਂ ਕੇਸਾਂ ਸੁਆਸਾਂ ਸੰਗ ਨਿਭਾਈ ਹੈ।

ਇਸ ਮੌਕੇ ਕਵੀ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਤ੍ਰਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫਰੀਮੈਂਟ, ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ, ਪ੍ਰਮਿੰਦਰ ਸਿੰਘ ਪ੍ਰਵਾਨਾ ਹਾਜਰ ਸਨ। ਪ੍ਰਧਾਨ ਭਾਈ ਬਲਕਾਰ ਸਿੰਘ ਨੇ ਕਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਸਜਾਉਣ ਲਈ ਹਮੇਸ਼ਾ ਖੁੱਲਾ ਸੱਦਾ ਹੈ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋ ਗਿਆ।

# ਮਨੀਪੁਰ ਘਟਨਾ ਵਿਰੁੱਧ ਸੈਨ ਫ਼ਰਾਂਸਿਸਕੋ 'ਚ ਰੋਸ ਮੁਜ਼ਾਹਰਾ








ਫਰੀਮਾਂਟ/ਏ.ਟੀ.ਨਿਊਜ਼: ਕੁਦਰਤੀ ਸੁੰਦਰਤਾ ਵਾਲਾ ਮਨੀਪੁਰ ਇਸ ਸਮੇਂ ਅੱਗ ਵਿੱਚ ਸੜ ਰਿਹਾ ਹੈ, ਉਥੇ ਜਾਰੀ ਹਿੰਸਾ ਦਾ ਅੰਤ ਹੁੰਦਾ ਅਜੇ ਦਿਖਾਈ ਨਹੀਂ ਦਿੰਦਾ, ਹਰ ਦਿਨ ਹੀ ਮਨੀਪੁਰ ਵਿੱਚ ਦੁਖਦਾਈ ਘਟਨਾਂਵਾਂ ਦੇ ਵਾਪਰਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਕੁਝ ਦਿਨ ਪਹਿਲਾਂ ਮਨੀਪੁਰ ਦੀ ਸਾਹਮਣੇ ਆਈ ਵੀਡੀਓ 'ਚ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਪਰੇਡ ਕਰਵਾਉਣ ਦੇ ਦ੍ਰਿਸ਼ ਸਾਹਮਣੇ ਆਉਣ ਤੋਂ ਬਾਅਦ ਪੂਰੀ ਦੁਨੀਆਂ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ। ਵੱਖ ਵੱਖ ਥਾਂਵਾਂ ਤੇ ਇਸ ਘਟਨਾ ਵਿਰੁੱਧ ਰੋਸ ਰੈਲੀਆਂ ਹੋ ਰਹੀਆਂ ਹਨ। ਸੈਨ ਫ਼ਰਾਂਸਿਸਕੋ ਵਿੱਚ ਵੀ ਮਨੀਪਰ ਵਿਖੇ ਵਾਪਰੀ ਇਸ ਘਟਨਾਂ,ਹਿੰਸਾ, ਭਾਰਤ ਸਰਕਾਰ ਦੇ ਰਵੱਈਏ ਤੇ ਹਿੰਦੂਤਵ ਸੋਚ ਵਿਰੁੱਧ ਸੈਨ ਫਰਾਂਸਿਸਕੋ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ। ਸਿੱਖ ਭਾਈਚਾਰੇ ਤੋਂ ਇਲਾਵਾ ਵੱਖ- ਵੱਖ ਭਾਈਚਾਰੇ ਨਾਲ ਸਬੰਧਿਤ ਮੈਂਬਰਾਂ ਨੇ ਇਸ ਰੋਸ ਪ੍ਰਦਰਸ਼ਨ ਵਿੱਚ ਭਾਗ ਲਿਆ। ਇਸ ਰੋਸ ਪ੍ਰਦਰਸ਼ਨ ਦਾ ਮੁੱਖ ਮਕਸਦ ਵਿਸ਼ਵ ਪੱਧਰ ਉੱਤੇ ਮਨੀਪੁਰ ਬੇਇਨਸਾਫ਼ੀ ਦੇ ਖ਼ਿਲਾਫ਼ ਆਵਾਜ਼ ਚੁੱਕਣਾ ਸੀ ਤਾਂ ਜੋ ਭਾਰਤ ਸਰਕਾਰ ਦਾ ਘੱਟ ਗਿਣਤੀਆਂ ਪ੍ਰਤੀ ਰਵਈਆ ਸਾਹਮਣੇ ਆ ਸਕੇ।

ਦੱਸਣਯੋਗ ਹੈ ਕਿ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ, ਭਾਰਤ ਦਾ ਮਨੀਪੁਰ ਰਾਜ ਕੂਕੀ ਕਬਾਇਲੀ ਸਮੂਹਾਂ ਅਤੇ ਬਹੁਗਿਣਤੀ ਮੇਈਤੀ ਭਾਈਚਾਰੇ ਦਰਮਿਆਨ ਨਸਲੀ ਹਿੰਸਾ ਨਾਲ ਭੜਕਿਆ ਹੋਇਆ ਹੈ। 100 ਤੋਂ ਵੱਧ ਜਾਨਾਂ ਗਈਆਂ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ ਪਰ 4 ਮਈ ਤੋਂ ਇੱਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਹੀ ਭਾਰਤ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਵੱਈਏ ਤੇ ਹਿੰਦੂਤਵ ਸੋਚ ਵਿਸ਼ਵ ਪੱਧਰ ਉੱਤੇ ਨਸ਼ਰ ਹੋ ਗਈ।

ਪੁਲਿਸ ਹਿੰਸਾ ਦੇ ਗਵਾਹ ਹੋਣ ਦੇ ਬਾਵਜੂਦ ਸਰਕਾਰ ਇਸ ਮਾਮਲੇ ਵਿੱਚ ਕਾਰਵਾਈ ਕਰਨ ਵਿੱਚ ਅਸਫਲ ਰਹੀ। ਦੋ ਪੁਰਸ਼ ਅਤੇ ਤਿੰਨ ਔਰਤਾਂ ਨੇ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਕਿਹਾ ਕਿ ਅਧਿਕਾਰੀਆਂ ਨੇ ਉਨ੍ਹਾਂ ਪੰਜਾਂ ਨੂੰ ਛੁਡਵਾਇਆ ਸੀ ਜਿਨ੍ਹਾਂ ਨੂੰ ਹਿੰਸਕ ਭੀੜ ਦੁਆਰਾ ਖੋਹ ਲਿਆ ਗਿਆ ਸੀ। ਭੀੜ ਨੇ ਮਰਦਾਂ ਨੂੰ ਮਾਰ ਦਿੱਤਾ ਅਤੇ ਫਿਰ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ, ਜਿਨ੍ਹਾਂ ਵਿੱਚੋਂ ਇੱਕ ਨੇ ਸਮੂਹਿਕ ਬਲਾਤਕਾਰ ਦੀ ਰਿਪੋਰਟ ਕੀਤੀ।

ਜ਼ਿਕਰਯੋਗ ਹੈ ਕਿ ਭਾਰਤ ਵਿੱਚ ਬਹੁਗਿਣਤੀ ਹਿੰਦੂਆਂ ਦਾ ਇੱਕ ਵੱਡਾ ਵਰਗ , ਦੇਸ਼ ਵਿੱਚ ਵੱਖ-ਵੱਖ ਘੱਟ ਗਿਣਤੀ ਭਾਈਚਾਰਿਆਂ ਨਾਲ ਹੋ ਰਹੀ ਬੇਇਨਸਾਫ਼ੀ, ਹਿੰਸਾ ਅਤੇ ਜ਼ੁਲਮ ਦਾ ਸਮਰਥਨ ਕਰ ਰਿਹਾ ਹੈ। ਇਸ ਦੀ ਤਾਜ਼ਾ ਅਤੇ ਸਭ ਤੋਂ ਦੁਖਦਾਈ ਉਦਾਹਰਣ ਮਨੀਪੁਰ ਹੈ, ਜਿੱਥੇ ਦੋ ਔਰਤਾਂ ਨੂੰ ਨਿਰਵਸਤਰ ਕਰ ਕੇ ਪਰੇਡ ਕਰਵਾਈ ਗਈ। ਇਸ ਘਟਨਾ ਕਾਰਨ ਜਿਥੇ ਪੂਰੇ ਵਿਸ਼ਵ ਵਿੱਚ ਭਾਰਤ ਦਾ ਅਕਸ਼ ਖਰਾਬ ਹੋਇਆ ਹੈ, ਉਥੇ ਭਾਰਤ ਵਿੱਚ ਘੱਟ ਗਿਣਤੀਆਂ ਦੀ ਸੁਰਖਿਆ 'ਤੇ ਵੀ ਸਵਾਲ ਖੜੇ ਹੋ ਰਹੇ ਹਨ।

## ਅਮਰੀਕਾ ਵਿੱਚ ਪੁਲਿਸ ਨੇ ਸਿੱਖ ਪੁਲਿਸ ਅ.ਫਸਰ ਨੂੰ ਦਾੜ੍ਹੀ ਰੱਖਣ ਤੋਂ ਰੋਕਿਆ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਇੱਕ ਸਿੱਖ ਪੁਲਿਸ ਮੁਲਾਜ਼ਮ ਨਾਲ ਵਿਤਕਰਾ ਹੋਣ ਦੇ ਇਲਜ਼ਾਮ ਲੱਗੇ ਹਨ। ਨਿਊਯਾਰਕ ਪੁਲਿਸ ਦੇ ਅਧਿਕਾਰੀਆਂ ਨੇ ਆਪਣੇ ਇੱਕ ਸਿੱਖ ਜਵਾਨ ਚਰਨਜੋਤ ਸਿੰਘ ਟਿਵਾਣਾ ਨੂੰ ਦਾੜ੍ਹੀ ਵਧਾਉਣ ਤੋਂ ਰੋਕ ਦਿੱਤਾ ਹੈ। ਚਰਨਜੋਤ ਸਿੰਘ ਨੇ ਮਾਰਚ 2022 'ਚ ਆਪਣੇ ਵਿਆਹ ਲਈ ਸਿਰ.ਫ ਡੇਢ ਇੰਚ ਦਾੜ੍ਹੀ ਵਧਾਉਣ ਦੀ ਇਜਾਜ਼ਤ ਮੰਗੀ ਸੀ ਪਰ ਅਧਿਕਾਰੀਆਂ ਨੇ ਪ੍ਰਵਾਨਗੀ ਦੇਣ ਤੋਂ ਸਾ.ਫ਼ ਮਨ੍ਹਾਂ ਕਰ ਦਿੱਤਾ। ਚਰਨਜੋਤ ਸਿੰਘ ਟਿਵਾਣਾ ਨਿਊਯਾਰਕ ਦੇ ਜੇਮਸਟਾਊਨ ਵਿੱਚ ਰਹਿੰਦਾ ਹੈ।

ਨਿਊਯਾਰਕ ਪੁਲਿਸ ਦੇ ਇਸ ਫੈਸਲੇ ਤੋਂ ਬਾਅਦ ਸਥਾਨਕ ਸਿੱਖ ਸੰਗਤ 'ਚ ਅਧਿਕਾਰੀਆਂ ਖ਼ਿਲਾ.ਫ਼ ਕਾ.ਫ਼ੀ ਰੋਹ ਪਾਇਆ ਜਾ ਰਿਹਾ ਹੈ। ਹਾਲਾਂਕਿ ਦੇਖਿਆ ਜਾਵੇ ਤਾਂ ਨਿਊਯਾਰਕ ਦੀ ਸੂਬਾ ਸਰਕਾਰ ਸਾਲ 2019 ਦੌਰਾਨ ਹੀ ਸਿੱਖ ਜਵਾਨਾਂ ਦੇ ਹੱਕ ਵਿੱਚ ਕਾਨੂੰਨ ਬਣਾ ਕੇ ਲਾਗੂ ਕਰ ਚੁੱਕੀ ਹੈ। ਚਰਨਜੋਤ ਟਿਵਾਣਾ ਨੂੰ ਅਧਿਕਾਰੀਆਂ ਨੇ ਇਹ ਦਲੀਲ ਦੇ ਕੇ ਇਨਕਾਰ ਕੀਤਾ ਸੀ ਕਿ ਜੇ ਉਸ ਨੇ ਦਾੜ੍ਹੀ ਵਧਾਈ, ਤਾਂ ਉਹ ਗੈਸ ਮਾਸਕ ਨਹੀਂ ਲਾ ਸਕੇਗਾ ਤੇ ਇੰਝ ਉਹ ਕਿਸੇ ਖ਼ਤਰੇ ਵਿੱਚ ਫਸ ਸਕਦਾ ਹੈ।

### ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਨਿਖੇਧੀ

ਨਿਊਯਾਰਕ ਸਟੇਟ ਟਰੱਪਰਜ਼ ਪੁਲਿਸ ਬਿਨੈਵੋਲੈਂਟ ਐਸੋਸੀਏਸ਼ਨ ਦੇ ਪ੍ਰਧਾਨ ਚਾਰਲੀ ਮਰ.ਫੀ ਨੇ ਦੱਸਿਆ ਕਿ ਟਿਵਾਣਾ ਨੇ ਅਧਿਕਾਰੀਆਂ ਤੋਂ ਰਸਮੀ ਤੌਰ 'ਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਨਹੀਂ ਮੰਗੀ ਸੀ। ਉਸ ਨੇ ਅਧਿਕਾਰੀਆਂ ਦੇ ਇਨਕਾਰ ਨੂੰ ਆਪਣੇ ਨਾਲ ਧੱਕੇਸ਼ਾਹੀ ਸਮਝ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ਨਿਊਯਾਰਕ ਪੁਲਿਸ ਦੇ ਅਧਿਕਾਰੀ ਕਦੇ ਵੀ ਆਪਣੇ ਜਵਾਨਾਂ ਤੇ ਹੋਰ ਮੁਲਾਜ਼ਮਾਂ ਨਾਲ ਧਰਮ ਦੇ ਆਧਾਰ 'ਤੇ ਕੋਈ ਧੱਕੇਸ਼ਾਹੀ ਜਾਂ ਵਧੀਕੀ ਨਹੀਂ ਕਰਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਟਵੀਟ ਕਰਕੇ ਕਿਹਾ ਕਿ ਨਿਊਯਾਰਕ ਪੁਲਿਸ ਦੀ ਇਹ ਮੰਦਭਾਗੀ ਨੀਤੀ ਹੈ ਕਿ ਪੁਲਿਸ ਵਿੱਚ ਡਿਊਟੀ ਕਰ ਰਹੇ ਸਿੱਖ ਮੁਲਾਜ਼ਮਾਂ ਨੂੰ ਗੈਸ ਮਾਸਕ ਦੀ ਵਰਤੋਂ ਕਰਨ ਦੇ ਸਬੰਧ ਵਿੱਚ ਸੁਰੱਖਿਆ ਮੁੱਦਿਆਂ ਦਾ ਹਵਾਲਾ ਦਿੰਦਿਆਂ ਹੋਇਆਂ ਉਨ੍ਹਾਂ ਨੂੰ ਦਾੜ੍ਹੀ ਸ਼ੇਵ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ, ਜੋ ਕਿ ਅਜਿਹੀ ਡਿਊਟੀ ਦੌਰਾਨ ਦਾੜ੍ਹੀ ਬਿਨਾਂ ਕੱਟੇ ਹੋਏ ਆਸਾਨੀ ਨਾਲ ਕਰ ਸਕਦੇ ਹਨ।

## 'ਰੀਜੈਂਸੀ ਈਵੈਂਟ ਸੈਂਟਰ' 'ਚ ਮਨਾਇਆ 'ਤੀਆਂ ਮੇਲਾ 2023'








ਫਰਿਜ਼ਨੋ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ : ਪੰਜਾਬੀ ਸੱਭਿਆਚਾਰ ਦਿਨਾਂ-ਤਿਉਹਾਰਾਂ ਅਤੇ ਗੀਤਾਂ-ਰਸਮਾਂ ਨਾਲ ਭਰਿਆਂ ਪਿਆ ਅਮੀਰ ਸੱਭਿਆਚਾਰ ਹੈ। ਜਿਸ ਵਿੱਚ ਹਰ ਤਿਉਹਾਰ ਨੂੰ ਮਨਾਉਣ ਦੇ ਆਪਣੇ-ਆਪਣੇ ਚਾਅ ਮਲਾਰ ਹਨ। ਬੇਸ਼ੱਕ ਪੰਜਾਬ ਵਿੱਚੋਂ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਬਹੁਤ ਸਾਰੇ ਦਿਨ ਤਿਉਹਾਰ ਘੱਟਦੇ ਜਾ ਰਹੇ ਹਨ, ਪਰ ਪੰਜਾਬੀਆਂ ਦੇ ਵਿਦੇਸ਼ਾਂ ਵਿੱਚ ਜਾਣ ਨਾਲ ਇਹ ਤਿਉਹਾਰ ਵੀ ਵੱਖ-ਵੱਖ ਦੇਸ਼ਾਂ ਵਿੱਚ ਚਲੇ ਗਏ। ਜਿੱਥੇ ਸਮੁੱਚਾ ਭਾਈਚਾਰਾ ਇੰਨ੍ਹਾਂ ਤਿਉਹਾਰਾਂ ਨੂੰ ਰਲ ਮਿਲ ਮਨਾਉਂਦਾ ਹੈ। ਇਸੇ ਲੜੀ ਅਧੀਨ ਫਰਿਜ਼ਨੋ ਦੇ ਨਾਲ ਲਗਦੇ ਸ਼ਹਿਰ ਕਲੋਵਿਸ ਦੇ 'ਰੀਜੈਂਸੀ ਈਵੈਂਟ ਸੈਂਟਰ' ਵਿੱਚ 'ਤੀਆਂ ਮੇਲਾ 2023' ਬੜੀ ਸ਼ਾਨੋ-ਸ਼ੌਕਤ ਨਾਲ ਖੁੱਲੇ ਪਾਰਟੀ ਹਾਲ ਵਿੱਚ ਮਨਾਇਆ ਗਿਆ। ਜਿੱਥੇ ਰੰਗ-ਬਰੰਗੇ ਸੂਟ, ਫੁੱਲਕਾਰੀਆਂ ਅਤੇ ਗਹਿਣਿਆਂ ਨਾਲ ਸੱਜ-ਧੱਜ ਕੇ ਆਈਆਂ ਮੁਟਿਆਰਾਂ, ਬੱਚੀਆਂ, ਭੈਣਾਂ ਬੀਬੀਆਂ ਨੇ ਭਾਰੀ ਇਕੱਠ ਵਿੱਚ ਇਸ ਪ੍ਰੋਗਰਾਮ ਦੀ ਸ਼ਾਨ ਨੂੰ ਵਧਾਇਆ। ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੋਣ ਕਰਕੇ, ਇਸ ਪ੍ਰੋਗਰਾਮ ਵਿੱਚ ਮਰਦਾਂ ਦੇ ਆਉਣ ਦੀ ਮਨਾਹੀ ਸੀ। ਇਸ ਪ੍ਰੋਗਰਾਮ ਵਿੱਚ ਬੱਚੀਆਂ, ਭੈਣਾਂ ਅਤੇ ਬੀਬੀਆਂ ਨੇ ਜਿੱਥੇ ਗਿੱਧੇ, ਗੀਤ ਅਤੇ ਹੋਰ ਡਾਂਸ ਦਾ ਪ੍ਰਦਰਸ਼ਨ ਕੀਤਾ, ਉੱਥੇ ਲੱਗੇ ਬਹੁਤ ਸਾਰੇ ਬੂਥਾਂ ਤੋਂ ਗਹਿਣੇ-ਗੱਟੇ,(**ਬਾਕੀ ਸ.ਫ਼ਾ 29 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Editor: Malkeet Singh   Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: Anil Kumar   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

# ਭਾਰਤ ’ਚ ਹਨ 11 ਹਜ਼ਾਰ 333 ਤੋਂ ਵੱਧ ਡਿ.ਫਾਲਟਰ

## ਨਾਮੁੜਨਯੋਗ ਕਰਜ਼ਿਆਂ ਦੀ ਗਿਣਤੀ ਭਾਰਤ ਦੇ ਸਿੱਖਿਆ ਬਜਟ ਤੋਂ 15 ਗੁਣਾ ਜ਼ਿਆਦਾ

## ਕਰਜ਼ਾ ਨਾ ਮੋੜਨ ਵਾਲੇ ਪੂੰਜੀਪਤੀਆਂ ਦੀ ਹੁਣ ਨਹੀਂ ਹੋ ਸਕੇਗੀ ਜਾਇਦਾਦ

## ਲੋਕ ਸਭਾ ਚੋਣਾਂ ’ਚ ਭਾਜਪਾ ਨੂੰ ਫੰਡ ਦੇ ਸਕਦੇ ਹਨ ਪੂੰਜੀਪਤੀ ਡਿ.ਫਾਲਟਰ





ਭਾਰਤੀ ਰਿਜਰਵ ਬੈਂਕ ਦੇ ਮੁਤਾਬਕ ਮੋਦੀ ਸਰਕਾਰ ਨੇ ਪਿਛਲੇ ਅੱਠ ਕੁ ਸਾਲਾਂ ਵਿੱਚ ਪੂੰਜੀਪਤੀਆਂ ਦੇ ਵੱਟਾ ਖਾਤਾ (ਨਾਮੁੜਨਯੋਗ) 12.08 ਲੱਖ ਕਰੋੜ ਰੁਪਏ ਦੇ ਕਰਜ਼ਿਆਂ ’ਤੇ ਲੀਕ ਮਾਰ ਦਿਤੀ ਹੈ। ਇਹ ਉਹ ਕਰਜ਼ੇ ਹੁੰਦੇ ਹਨ, ਜਿਹਨਾਂ ਨੂੰ ਕੋਈ ਵੀ ਕੰਪਨੀ ਜਾਂ ਪੂੰਜੀਪਤੀ ਕਰਜ਼ੇ ਦੇ ਰੂਪ ਵਿੱਚ ਲੈਂਦੇ ਹਨ ਪਰ ਬਾਅਦ ਵਿੱਚ ਘਾਟਾ ਦਿਖਾ ਕੇ ਇਹ ਕਰਜ਼ਾ ਮੋੜਨ ਤੋਂ ਹੱਥ ਖੜੇ ਕਰ ਜਾਂਦੇ ਹਨ ਤੇ ਫਿਰ ਡਿਫਾਲਟਰਾਂ ਦੀ ਸੂਚੀ ਵਿੱਚ ਆ ਜਾਂਦੇ ਹਨ। ਸਰਕਾਰੀ ਅੰਕੜਿਆਂ ਦੇ ਮੁਤਾਬਕ ਦੇਸ਼ ਵਿੱਚ 11 ਹਜ਼ਾਰ 333 ਤੋਂ ਵੱਧ ਡਿਫਾਲਟਰ ਹਨ।

ਆਮ ਲੋਕਾਂ ਨੂੰ ਮਿਲਣ ਵਾਲੀਆਂ ਮਾਮੂਲੀ ਸਹੂਲਤਾਂ ਨੂੰ ਕਿਸੇ ਸਮੇਂ ਮੁਫ਼ਤ ਦੀਆਂ ਰਿਉੜੀਆਂ ਆਖ ਕੇ ਮੋਦੀ ਨੇ ਭੰਡਿਆ ਸੀ, ਉਸੇ ਨਰਿੰਦਰ ਮੋਦੀ ਨੇ ਦੇਸ਼ ਦੇ ਸਰਕਾਰੀ ਤੇ ਗੈਰ ਸਰਕਾਰੀ ਬੈਂਕਾਂ ਜਰੀਏ ਲਗਭਗ 67.66 ਲੱਖ ਕਰੋੜ ਦੇ ਕਰਜ਼ੇ ਪੂੰਜੀਪਤੀ ਸਰਮਾਏਦਾਰਾਂ ਨੂੰ ਦਿੱਤੇ ਹੋਏ ਹਨ। ਕੁਲ ਦਿੱਤੇ ਗਏ ਕਰਜ਼ਿਆਂ ਦਾ ਲਗਭਗ 44 ਫੀਸਦੀ ਦੇਸ਼ ਦੇ ਸਿਖਰਲੇ 100 ਸਰਮਾਏਦਾਰ ਘਰਾਣਿਆਂ ਨੂੰ ਹੀ ਦੇ ਰਖਿਆ ਹੈ ਅਤੇ ਇਸ ਵਿਚੋਂ 15 ਫੀਸਦੀ ਕਰਜ਼ਾ ਗੁਜਰਾਤ ਦੇ ਵੱਡੇ ਵਪਾਰੀਆਂ ਅਤੇ ਕਾਰੋਬਾਰੀਆਂ ਦਾ ਹੈ। ਜੇ 2014 ਦੀ ਗਲ ਕੀਤੀ ਜਾਵੇ ਤਾਂ ਨਾਮੁੜਨਯੋਗ ਕਰਜ਼ਿਆਂ ਦੀ ਰਕਮ 2.4 ਲੱਖ ਕਰੋੜ ਸੀ। ਉਹੀ ਰਕਮ 2023 ਤਕ ਵੱਧ ਕੇ 12.08 ਲੱਖ ਕਰੋੜ ਹੋ ਗਈ ਹੈ। ਹੈਰਾਨੀ ਦੀ ਗਲ ਇਹ ਹੈ ਕਿ ਇਹ ਰਕਮ ਭਾਰਤ ਦੇ ਸਿੱਖਿਆ ਬਜਟ ਤੋਂ 15 ਗੁਣਾ ਜਿਆਦਾ ਹੈ।

ਬੁੱਧੀਜੀਵੀਆਂ ਦੀ ਰਾਏ ਮੁਤਾਬਕ ਏਨੀ ਵੱਡੀ ਰਕਮ ਦੇ ਨਾਲ ਦੇਸ਼ ਵਿੱਚ ਏਮਜ਼ ਅਤੇ ਪੀ. ਜੀ. ਆਈ. ਵਰਗੇ 1500 ਹਸਪਤਾਲ ਬਣਾ ਕੇ ਲੱਖਾਂ ਲੋਕਾਂ ਨੂੰ ਅਣਆਈਆਂ ਮੌਤਾਂ ਤੋਂ ਬਚਾਇਆ ਜਾ ਸਕਦਾ ਹੈ। ਪਿਛਲੇ ਕਰਜ਼ਿਆਂ ਨੂੰ ਦੇਖੀਏ ਤਾਂ ਜਿਹੜੀ ਸਰਮਾਏਦਾਰਾਂ ਨੇ ਕਰਜ਼ੇ ਨਾ ਮੋੜ ਕੇ ਸਰਕਾਰੀ ਖਜ਼ਾਨੇ ਨੂੰ ਚੂਨਾ ਲਗਾਇਆ ਉਹਨਾਂ ਵਿੱਚ ਸਭ ਤੋਂ ਵੱਧ ਮੋਦੀ ਦੇ ਨੇੜਲੇ ਹਨ, ਜਿਹਨਾਂ ਵਿੱਚ ਨੀਰਵ ਮੋਦੀ (11,633 ਕਰੋੜ), ਮੇਹੁਲ ਚੌਕਸੀ (13, 500 ਕਰੋੜ), ਜਤਿਨ ਮਹਿਤਾ ਡਾਇਮੰਡ ਦਾ ਮਾਲਕ (700 ਕਰੋੜ), ਸ਼ਰਾਬ ਕਾਰੋਬਾਰੀ ਅਤੇ ਕਿੰਗ ਫਿਸ਼ਰ ਦਾ ਮਾਲਕ ਵਿਜੈ ਮਾਲੀਆ (10 ਹਜਾਰ ਕਰੋੜ) ਸ਼ਾਮਲ ਹਨ। ਗਲ ਇਥੇ ਖਤਮ ਨਹੀਂ ਹੋ ਜਾਂਦੀ, ਦੇਸ਼ ਦੀਆਂ ਸਭ ਤੋਂ ਵੱਧ ਚੂਨਾ ਲਗਾਉਣ ਵਾਲੀਆਂ 25 ਕੰਪਨੀਆਂ ਵੀ ਹਨ, ਜਿਹਨਾਂ ਵਿੱਚ ਗੀਤਾਂਜਲੀ ਜੈਮਸ, ਐਰਾ ਇੰਨਫਰਾ,ਕਾਨਕਾਸਟ ਸਟੀਲ ਪਾਵਰ, ਆਰਈਆਈ ਐਗਰੋ ਲਿਮ., ਏ ਬੀ ਜੀ ਸ਼ਿਪ ਯਾਰਡ ਕੰਪਨੀ ਜਿਸਨੇ ਦੇਸ਼ ਦੇ 28 ਬੈਂਕਾਂ ਨੂੰ ਕੁਲ 23 ਹਜਾਰ ਕਰੋੜ ਰੁਪਏ ਦਾ ਚੂਨਾ ਲਗਾਇਆ ਹੈ। ਇਸ ਤਰਾਂ ਮੋਦੀ ਸਰਕਾਰ ਦੀ ਛੱਤਰ ਛਾਇਆ ਹੇਠ ਸਰਕਾਰੀ ਬੈਂਕਾਂ ਨਾਲ ਵੱਜੀ ਕੁਲ 12.08 ਲੱਖ ਕਰੋੜ ਰੁਪਏ ਦੀ ਠੱਗੀ ਆਜ਼ਾਦ ਭਾਰਤ ਦੀ ਸਭ ਤੋਂ ਵੱਡੀ ਠੱਗੀ ਮੰਨੀ ਜਾ ਸਕਦੀ ਹੈ।

ਹੁਣ ਰਿਜਰਵ ਬੈਂਕ ਦੇ ਨਵੇਂ ਹੁਕਮਾਂ ਦੇ ਮੁਤਾਬਿਕ ਦੇਸ਼ ਦੇ ਸਰਕਾਰੀ ਬੈਂਕਾਂ ਨੂੰ ਚੂਨਾ ਲਗਾਉਣ ਵਾਲੇ ਸਰਕਾਰ ਦੇ ਚਹੇਤਿਆਂ ਦੀਆਂ ਜਾਇਦਾਦਾਂ ਦੀ ਕੁਰਕੀ ਨਹੀਂ ਕੀਤੀ ਜਾਵੇਗੀ ਤੇ ਵੱਡੇ ਸਰਮਾਏਦਾਰਾਂ ਖ਼ਿਲਾਫ਼ ਬੈਂਕਾਂ ਨਾਲ ਕੀਤੀ ਠੱਗੀ ਦੇ ਦਰਜ ਮਾਮਲੇ ਅੱਖੋਂ ਝਰੋਖੇ ਕੀਤੇ ਜਾਣਗੇ, ਨਤੀਜਾ ਇਹ ਹੋਵੇਗਾ ਕਿ ਨੀਰਵ ਮੋਦੀ, ਮੇਹੁਲ ਚੌਕਸੀ, ਵਿਜੈ ਮਾਲੀਆ ਤੇ ਨਿਸ਼ਾਂਤ ਮੋਦੀ ਵਰਗਿਆ ਲਈ ਭਾਰਤ ਆਉਣ ਦਾ ਰਾਹ ਬਿਲਕੁਲ ਸਾਫ ਹੋ ਜਾਵੇਗਾ। ਭਾਵ ਇਹ ਹੋਵੇਗਾ ਕਿ ਇਹਨਾਂ ਵੱਡੇ ਲੁਟੇਰਿਆਂ ਨੂੰ ਹੋਰ ਲੁੱਟ ਕਰਨ ਦੀ ਖੁੱਲੀ ਛੁੱਟੀ ਮਿਲ ਜਾਵੇਗੀ ਤੇ ਜਾਹਰ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਹੀ ਲੁਟੇਰੇ ਸਰਮਾਏਦਾਰ ਭਾਜਪਾ ਨੂੰ ਮੋਟਾ ਫੰਡ ਵੀ ਦੇਣਗੇ।

ਸਾਫ ਹੈ ਕਿ ਸਰਕਾਰੀ ਬੈਂਕਾਂ ਦੇ ਇਸ ਘਾਟੇ ਦਾ ਸਾਰਾ ਬੋਝ ਆਮ ਲੋਕਾਂ ’ਤੇ ਸੁਟਿਆ ਜਾਵੇਗਾ। ਭਾਂਤ ਭਾਂਤ ਦੇ ਟੈਕਸ ਲਗਾ ਕੇ ਇਹ ਘਾਟਾ ਪੂਰਾ ਕੀਤਾ ਜਾਵੇਗਾ। ਇਹ ਵੀ ਸਾਫ ਹੈ ਕਿ ਆਮ ਲੋਕਾਂ ਦੇ ਹੱਕ ਵਿੱਚ ਸਰਕਾਰ ਨਾ ਖੜ੍ਹ ਕੇ ਉਹ ਵੱਡੇ ਸਰਮਾਏਦਾਰਾਂ ਨਾਲ ਖੜੀ ਹੈ। ਆਮ ਲੋਕਾਂ ਨੂੰ ਮਿਲਣ ਵਾਲੀਆਂ ਮੁੱਠੀ ਭਰ ਸਹੂਲਤਾਂ ਦੇ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਤੇ ਲੋਕਾਂ ਨੂੰ ਮਨ ਕੀ ਬਾਤ ਜਰੀਏ ਪਰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ‘ਇੰਡੀਆ’ ਗਠਜੋੜ ਸਬੰਧੀ ਪੰਜਾਬ ਕਾਂਗਰਸ ’ਚ ਵੱਡਾ ਭੰਬਲਭੂਸਾ

## ਕੀ ਪੰਜਾਬ ਵਿੱਚ ਕਾਂਗਰਸ ਤੇ ਆਪ ਵਿਚਾਲੇ ਵੀ ਹੋਵੇਗੀ ਸੀਟਾਂ ਦੀ ਵੰਡ ?

## ਜਾਖੜ ਬਾ.ਗੀ ਸੁਰਾਂ ਵਾਲੇ ਕਾਂਗਰਸੀ ਲੀਡਰਾਂ ਨੂੰ ਭਾਜਪਾ ਵਿੱਚ ਲਿਆਉਣ ਲਈ ਹੋਏ ਸਰਗਰਮ







ਐਨਡੀਏ ਦੇ ਖਿਲਾਫ, 26 ਵਿਰੋਧੀ ਪਾਰਟੀਆਂ ਨੇ ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ (ਇੰਡੀਆ) ਨਾਮ ਦਾ ਗਠਜੋੜ ਬਣਾਇਆ, ਜਿਸ ਦਾ ਇੱਕੋ ਇੱਕ ਉਦੇਸ਼ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨਾ ਹੈ। ਹੁਣ ‘ਇੰਡੀਆ’ ਦੇ ਗਠਨ ਨੂੰ ਕੁਝ ਹੀ ਸਮਾਂ ਹੋਇਆ ਹੈ ਕਿ ਇਸ ਦੇ ਕੁਝ ਅਣਸੁਖਾਵੇਂ ਪਹਿਲੂ ਵੀ ਸਾਹਮਣੇ ਆ ਚੁਕੇ ਹਨ। ਪਹਿਲਾ ਤੇ ਵੱਡਾ ਮਾਮਲਾ ਪੰਜਾਬ ਦਾ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੋਵੇਂ ਹੀ ‘ਇੰਡੀਆ’ ਵਿੱਚ ਸ਼ਾਮਲ ਹਨ, ਪਰ ਪੰਜਾਬ ਵਿੱਚ ਦੋਵਾਂ ਪਾਰਟੀਆਂ ਦੇ ਕੁਝ ਗਰੁੱਪ ਇੱਥੇ ਇੱਕਜੁੱਟ ਹੋ ਕੇ ਕੰਮ ਕਰਨ ਨੂੰ ਤਿਆਰ ਨਹੀਂ।

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ‘ਆਪ’ ਨੇ ਬਹੁਮਤ ਹਾਸਲ ਕੀਤਾ ਸੀ ਅਤੇ ਕਾਂਗਰਸ ਸਮੇਤ ਸਾਰੀਆਂ ਪਾਰਟੀਆਂ ਨੂੰ ਹਰਾ ਕੇ ਸਰਕਾਰ ਬਣਾਈ ਸੀ। ਕਾਂਗਰਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਬਸਪਾ ਮੁੱਖ ਵਿਰੋਧੀ ਪਾਰਟੀਆਂ ਸਨ ਪਰ ਸਰਕਾਰ ਬਣਦੇ ਹੀ ਸਭ ਤੋਂ ਪਹਿਲਾਂ ਕਾਂਗਰਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਕੱਲ੍ਹ ਤੱਕ ਸੱਤਾ ਵਿੱਚ ਰਹੀ ਕਾਂਗਰਸ ਪਾਰਟੀ ਦੇ ਅਣਗਿਣਤ ਮਜ਼ਬੂਤ ਆਗੂਆਂ ਨੂੰ ਭ੍ਰਿਸ਼ਟਾਚਾਰ ਅਤੇ ਹੋਰ ਦੋਸ਼ਾਂ ਵਿੱਚ ਸਲਾਖਾਂ ਪਿੱਛੇ ਡੱਕ ਦਿੱਤਾ ਗਿਆ ਸੀ। ਕਈ ਸੀਨੀਅਰ ਆਗੂਆਂ, ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਨੂੰ ਵੀ ਜ਼ਮਾਨਤ ਨਹੀਂ ਦਿੱਤੀ ਗਈ। ਇੱਥੋਂ ਤੱਕ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੀ ਨਹੀਂ ਬਖਸ਼ਿਆ ਗਿਆ। ‘ਆਪ’ ਸਰਕਾਰ ਦੀ ਸਰਕਾਰੀ ਮਸ਼ੀਨਰੀ ਨੇ ਪਲਾਂ ਵਿੱਚ ਹੀ ਇਨ੍ਹਾਂ ਸਭ ਨੂੰ ਜ਼ਮੀਨ ’ਤੇ ਲੈ ਆਂਦਾ। ਸਟੇਟ ਵਿਜੀਲੈਂਸ ਬਿਊਰੋ ਅਜੇ ਵੀ ਕਈ ਸੀਨੀਅਰ ਕਾਂਗਰਸੀਆਂ ਖਿਲਾਫ ਸਬੂਤ ਇਕੱਠੇ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਵੀ ਜੇਲ੍ਹ ਭੇਜਿਆ ਜਾ ਸਕੇ।

ਪਿਛਲੇ ਦੋ ਹਫ਼ਤੇ ਪਹਿਲਾਂ ਹੀ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੂੰ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਸੀ। ਅਜਿਹੇ ਵਿੱਚ ਪੰਜਾਬ ਕਾਂਗਰਸ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਪਾਰਟੀ ਉਸ ਗੱਠਜੋੜ ਦਾ ਹਿੱਸਾ ਬਣੇ, ਜਿਸ ਵਿੱਚ ਆਪ ਹੋਵੇ ਜੋ ਚੁਣ ਚੁਣ ਕੇ ਕਾਂਗਰਸ ਦੇ ਵੱਡੇ ਨੇਤਾਵਾਂ ’ਤੇ ਵਿਜੀਲੈਂਸ ਦਾ ਸ਼ਿਕੰਜਾ ਕੱਸੇ।

ਕਾਂਗਰਸ ਦੇ ਪੰਜਾਬ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਇਸ ਬਾਰੇ ਖੁੱਲ੍ਹ ਕੇ ਬੋਲ ਰਹੇ ਹਨ।

**ਪੰਜਾਬ ਕਾਂਗਰਸ ਦੇ ਕੁਝ ਆਗੂ ਸ਼ਸ਼ੋਪੰਜ ਵਿੱਚ ਕਿਉਂ ?**

ਦਰਅਸਲ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਪੰਜਾਬ ਵਿੱਚ ਕਾਂਗਰਸ ਕਮਜ਼ੋਰ ਹੋਣ ਲੱਗੀ ਸੀ। ਚੋਣਾਂ ਤੋਂ ਠੀਕ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਪਾਸੇ ਕਰ ਦਿੱਤਾ ਗਿਆ ਸੀ ਅਤੇ ਘੱਟ ਜਨ ਆਧਾਰ ਵਾਲੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ ਸੀ। ਚੰਨੀ ਦੇ ਮੁੱਖ ਮੰਤਰੀ ਬਣਦਿਆਂ ਹੀ ਪਾਰਟੀ ਹੋਰ ਡੁੱਬਣ ਲੱਗੀ। ਕਈ ਧੜੇ ਬਣ ਗਏ। ਸੁਨੀਲ ਕੁਮਾਰ ਜਾਖੜ ਅਤੇ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਕਾਂਗਰਸ ਨੇ ‘ਦਲਿਤ ਪੱਤਾ’ ਖੇਡਣ ਦੇ ਇਰਾਦੇ ਨਾਲ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ। ਇਕ ਤਾਂ ਉਨ੍ਹਾਂ ਕੋਲ ਸਮਾਂ ਬਹੁਤ ਘੱਟ ਸੀ ਅਤੇ ਦੂਜਾ, ਮੁੱਖ ਮੰਤਰੀ ਦੀ ਕੁਰਸੀ ’ਤੇ ਬੈਠਦਿਆਂ ਹੀ ਉਨ੍ਹਾਂ ’ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗਣੇ ਸ਼ੁਰੂ ਹੋ ਗਏ ਸਨ। ਇੱਥੋਂ ਤੱਕ ਕਿ ਈਡੀ ਨੇ ਉਸ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਸਬੂਤਾਂ ਸਮੇਤ ਫੜਿਆ ਸੀ। ਇਸ ਨਾਲ ਨਵੇਂ ਮੁੱਖ ਮੰਤਰੀ ਚੰਨੀ ਦੀ ਬਦਨਾਮੀ ਹੋਈ ਸੀ।

ਭਗਵੰਤ ਮਾਨ ਦੀ ਸਰਕਾਰ ਬਣਦਿਆਂ ਹੀ ਚੰਨੀ ਵਿਰੁੱਧ ਵਿਜੀਲੈਂਸ ਦੀਆਂ ਕਈ ਫਾਈਲਾਂ ਖੁੱਲ੍ਹ ਗਈਆਂ ਸਨ। ਸਥਿਤੀ ਦਾ ਸਾਹਮਣਾ ਕਰਨ ਦੀ ਬਜਾਏ ਸਾਬਕਾ ਮੁੱਖ ਮੰਤਰੀ ਚੰਨੀ ਅੱਖਾਂ ਦਾ ਇਲਾਜ ਕਰਵਾਉਣ ਦੇ ਬਹਾਨੇ ਲੰਮਾ ਸਮਾਂ ਵਿਦੇਸ਼ ਚਲੇ ਗਏ ਸਨ। ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਚੰਨੀ ਵਿਰੁੱਧ ਖੁੱਲ੍ਹੀਆਂ ਫਾਈਲਾਂ ਬੰਦ ਨਹੀਂ ਹੋਈਆਂ। ਉਨ੍ਹਾਂ ਨੂੰ ਕਿਸੇ ਵੀ ਸਮੇਂ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਸਥਾਨਕ ਆਗੂਆਂ ਦਾ ਤਰਕ ਹੈ ਕਿ ਰਾਜ ਦੀਆਂ ਏਜੰਸੀਆਂ ਇਸ ਦੇ ਵੱਡੇ ਆਗੂਆਂ ਵਿਰੁੱਧ ਢੁੱਕਵੀਂ ਮੁਹਿੰਮ ਚਲਾ ਰਹੀਆਂ ਹਨ ਅਤੇ ਜਿਸ ਪਾਰਟੀ ਦੀ ਸਰਕਾਰ ਦੀਆਂ ਕਥਿਤ ਹਦਾਇਤਾਂ ’ਤੇ ਇਹ ਸਭ ਹੋ ਰਿਹਾ ਹੈ, ਉਸ ਨਾਲ ਗਠਜੋੜ ਕਰਨਾ ਵੱਡੀ ਸਿਆਸੀ ਭੁੱਲ ਹੈ। ਅਹਿਮ ਮੀਟਿੰਗ ਜਿਸ ਵਿੱਚ ਕਾਂਗਰਸੀਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਪਾਰਟੀ ਨੂੰ ਕਦੇ ਵੀ ‘ਆਪ’ ਨਾਲ ਕੌਮੀ ਪੱਧਰ ਦਾ ਗਠਜੋੜ ‘ਭਾਰਤ’ ਨਾਲ ਨਹੀਂ ਜਾਣਾ ਚਾਹੀਦਾ, ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਰਾਜਿੰਦਰ ਕੌਰ ਭੱਠਲ, ਰਾਜ ਕੁਮਾਰ ਚੱਬੇਵਾਲ, ਰਾਜਿੰਦਰ ਸਿੰਘ ਬਾਜਵਾ, ਭਾਰਤ ਭੂਸ਼ਣ ਆਸ਼ੂ, ਬ੍ਰਹਮ ਮਹਿੰਦਰਾ, ਸੁਖਵਿੰਦਰ ਸਿੰਘ ਸੁੱਖ ਸਰਕਾਰੀਆ, ਅਰੁਣਾ ਚੌਧਰੀ, ਗੁਰਕੀਰਤ ਸਿੰਘ ਕੋਟਲੀ, ਕੇ.ਡੀ.ਪੀ. ਸਿੰਘ ਆਦਿ ਹਾਜ਼ਰ ਸਨ। ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਡਾ.ਨਵਜੋਤ ਕੌਰ ਸਿੱਧੂ ਬੁਲਾਏ ਜਾਣ ਦੇ ਬਾਵਜੂਦ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ।

ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਪਿਛਲੇ ਕਈ ਮਹੀਨਿਆਂ ਤੋਂ ਦਲ-ਬਦਲੀ ਦੀ ਪ੍ਰਕਿਰਿਆ ਨੂੰ ਰੋਕਣ ਅਤੇ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਨਵਾਂ ਕੁਝ ਕਰਨ ਲਈ ਯਤਨਸ਼ੀਲ ਸਨ ਪਰ ਹੁਣ ‘ਇੰਡੀਆ’ ਦੇ ਸੰਕਲਪ ਨੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦੇ ਹੋਸ਼ ਉਡਾ ਦਿੱਤੇ ਹਨ। ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਕੇਂਦਰ ਦੇ ਆਰਡੀਨੈਂਸ ਵਿਰੁੱਧ ਕਾਂਗਰਸ ਨੇ ਆਮ ਆਦਮੀ ਪਾਰਟੀ ਨੂੰ ਸਮਰਥਨ ਦਿੱਤਾ ਹੈ। (ਬਾਕੀ ਸਫ਼ਾ 29 ’ਤੇ)

# ਚੀਨ ਦੀ ਨਵੀਂ ਫ਼ੌਜੀ ਮੁਹਿੰਮ ਕਾਰਨ ਭਾਰਤ ਦੇ ਸਿਰ ਮੰਡਰਾਇਆ ਖ਼ਤਰਾ

## ਸ਼ੀ ਜਿਨਪਿੰਗ ਨੇ ਆਪਣੀ ਫ਼ੌਜ ਪੀਪਲਜ਼ ਲਿਬਰੇਸ਼ਨ ਆਰਮੀ ਦੀ ਪੱਛਮੀ ਥੀਏਟਰ ਕਮਾਂਡ ਦੀ ਸਮੀਖਿਆ ਕੀਤੀ

### ਬ੍ਰਿਟੇਨ ਦੀ ਰਿਪੋਰਟ ਅਨੁਸਾਰ ਸ਼੍ਰੀਲੰਕਾ ਅਤੇ ਪਾਕਿਸਤਾਨ ਵਿੱਚ ਮਿਲਟਰੀ ਬੇਸ ਬਣਾਏਗਾ ਚੀਨ

ਹੁਣੇ ਜਿਹੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੀ ਫੌਜ ਪੀਪਲਜ਼ ਲਿਬਰੇਸ਼ਨ ਆਰਮੀ ਦੀ ਪੱਛਮੀ ਥੀਏਟਰ ਕਮਾਂਡ ਦੀ ਸਮੀਖਿਆ ਕੀਤੀ ਸੀ। ਪੀਐਲਏ ਦੀ ਇਸ ਪੱਛਮੀ ਥੀਏਟਰ ਕਮਾਂਡ ਕੋਲ ਭਾਰਤ, ਮੱਧ ਏਸ਼ੀਆ ਅਤੇ ਅਫਗਾਨਿਸਤਾਨ ਦੀ ਜ਼ਿੰਮੇਵਾਰੀ ਹੈ। ਇਸ ਸਮੀਖਿਆ ਤੋਂ ਬਾਅਦ ਸ਼ੀ ਜਿਨਪਿੰਗ ਨੇ ਹਥਿਆਰਬੰਦ ਬਲਾਂ ਦੇ ਤੇਜ਼ੀ ਨਾਲ ਆਧੁਨਿਕੀਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸ਼ੀ ਜਿਨਪਿੰਗ ਕੇਂਦਰੀ ਮਿਲਟਰੀ ਕਮਿਸ਼ਨ ਦੇ ਚੇਅਰਮੈਨ ਹਨ, ਜੋ ਚੀਨ ਦੀਆਂ ਤਿੰਨੋਂ ਸੈਨਾਵਾਂ ਦਾ ਸਰਵਉੱਚ ਸੰਗਠਨ ਹੈ। ਸ਼ੀ ਜਿਨਪਿੰਗ ਨੇ ਚੀਨ ਦੇ ਸੈਨਾ ਦਿਵਸ ਤੋਂ ਠੀਕ ਪਹਿਲਾਂ ਪੱਛਮੀ ਥੀਏਟਰ ਕਮਾਂਡ ਦੀ ਇਹ ਸਮੀਖਿਆ ਕੀਤੀ। ਚੀਨੀ ਰਾਸ਼ਟਰਪਤੀ ਦੇ ਇਸ ਨਿਰਦੇਸ਼ ਨਾਲ ਭਾਰਤ ਦੇ ਸਿਰ ਉਪਰ ਖਤਰਾ ਮੰਡਰਾਉਣ ਲਗ ਪਿਆ ਹੈ। ਫਿਲਹਾਲ ਐਲਏਸੀ 'ਤੇ ਦੋਵਾਂ ਦੇਸ਼ਾਂ ਦੇ 50-50 ਹਜ਼ਾਰ ਸੈਨਿਕ ਤਾਇਨਾਤ ਹਨ।

ਸ਼ੀ ਜਿਨਪਿੰਗ ਨੇ ਸਾਰੇ ਹਵਾਈ ਫੌਜ ਦੇ ਫੌਜੀਆਂ ਅਤੇ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਪੱਛਮੀ ਥੀਏਟਰ ਕਮਾਂਡ ਨੂੰ ਆਧੁਨਿਕ ਢੰਗ ਨਾਲ ਨਿਯਮਿਤ ਤੌਰ 'ਤੇ ਫੌਜੀ ਤਿਆਰੀਆਂ ਕਰਨ ਅਤੇ ਏਅਰ ਫੋਰਸ ਨੂੰ ਮਜਬੂਤ



ਕਰਨ ਦੀ ਅਪੀਲ ਕੀਤੀ ਹੈ। ਇਸ ਸਮੀਖਿਆ ਦੌਰਾਨ ਸੀਨੀਅਰ ਫੌਜੀ ਅਧਿਕਾਰੀ ਵੀ ਮੌਜੂਦ ਸਨ।

ਦੱਸ ਦੇਈਏ ਕਿ ਚੀਨ ਨੇ ਭਾਰਤ ਦੀ ਸਰਹੱਦ ਨਾਲ ਲੱਗਦੀ ਅਸਲ ਕੰਟਰੋਲ ਰੇਖਾ 'ਤੇ ਮਿਜ਼ਾਈਲਾਂ ਤੋਂ ਲੈ ਕੇ ਘਾਤਕ ਲੜਾਕੂ ਜਹਾਜ਼ਾਂ ਤੱਕ ਸਭ ਕੁਝ ਤਾਇਨਾਤ ਕੀਤਾ ਹੋਇਆ ਹੈ। ਗਲਵਾਨ ਹਿੰਸਾ ਤੋਂ ਬਾਅਦ ਚੀਨ ਨੇ ਵੱਡੇ ਪੈਮਾਨੇ 'ਤੇ ਆਪਣੇ ਏਅਰ ਫੋਰਸ ਬੇਸ ਦਾ ਆਧੁਨਿਕੀਕਰਨ ਕਰਨਾ ਸ਼ੁਰੂ ਕਰ ਦਿੱਤਾ ਹੈ। ਚੀਨ ਨੇ ਲੱਦਾਖ ਤੋਂ ਅਰੁਣਾਚਲ ਪ੍ਰਦੇਸ਼ ਤੱਕ ਕਈ ਨਵੇਂ ਰਾਡਾਰ ਲਗਾਏ ਹੋਏ ਹਨ। ਚੀਨ ਨੇ ਭਾਰਤੀ ਸਰਹੱਦ ਨੇੜੇ ਆਪਣੇ ਮਾਰੂ ਲੜਾਕੂ ਜਹਾਜ਼, ਬੰਬਾਰ ਅਤੇ ਹਮਲਾਵਰ ਡਰੋਨ ਤਾਇਨਾਤ ਕੀਤੇ ਹਨ। ਇਸ ਤੋਂ ਇਲਾਵਾ ਨਵੇਂ ਪੁਲ ਅਤੇ ਸੜਕਾਂ ਬਣਾਈਆਂ ਜਾ ਰਹੀਆਂ ਹਨ। ਚੀਨ ਦੀ ਕੋਸ਼ਿਸ਼ ਭਾਰਤੀ ਸਰਹੱਦ ਨੇੜੇ ਤੇਜ਼ੀ ਨਾਲ ਆਪਣੀ ਫੌਜ ਤਾਇਨਾਤ ਕਰਨ ਦੀ ਹੈ। ਚੀਨ ਨੇ ਹੋਟਨ, ਨਗਰੀ ਗੁੰਸਾ ਅਤੇ ਲਹਾਸਾ ਵਿੱਚ ਆਪਣੇ ਹਵਾਈ ਅੱਡੇ ਦਾ ਵਿਸਤਾਰ ਕੀਤਾ ਹੈ। ਹੋਟਨ ਲੇਹ ਤੋਂ ਸਿਰਫ 400 ਕਿਲੋਮੀਟਰ ਦੂਰ ਹੈ।

**ਸ਼੍ਰੀਲੰਕਾ ਅਤੇ ਪਾਕਿਸਤਾਨ ਵਿੱਚ ਚੀਨ ਦੀਆਂ ਸਰਗਰਮੀਆਂ**

ਚੀਨ ਸ਼੍ਰੀਲੰਕਾ ਅਤੇ ਪਾਕਿਸਤਾਨ ਵਿੱਚ ਵਿਦੇਸ਼ੀ ਫੌਜੀ ਅੱਡੇ ਸਥਾਪਤ ਕਰਨ ਜਾ ਰਿਹਾ ਹੈ। ਇਹ ਦੋਵੇਂ ਦੇਸ਼ ਚੀਨ ਦੇ ਕਰਜ਼ੇ ਹੇਠ ਦੱਬੇ ਹੋਏ ਹਨ। ਅਜਿਹੇ ਵਿੱਚ ਇਨ੍ਹਾਂ ਦੋਵਾਂ ਦੇਸ਼ਾਂ ਦੀ ਅੰਦਰੂਨੀ ਅਤੇ ਬਾਹਰੀ ਨੀਤੀ ਚੀਨ ਹੀ ਤੈਅ ਕਰਦਾ ਹੈ। ਹੁਣ ਇੱਕ ਨਵੇਂ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਚੀਨ ਸ਼੍ਰੀਲੰਕਾ ਅਤੇ ਪਾਕਿਸਤਾਨ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਕਰਦੇ ਹੋਏ ਇੱਕ ਹੋਰ ਵਿਦੇਸ਼ੀ ਫੌਜੀ ਅੱਡਾ ਸਥਾਪਤ ਕਰਨ ਦੀ ਤਿਆਰੀ ਕਰ ਰਿਹਾ ਹੈ। ਇਨ੍ਹਾਂ ਦੋਵਾਂ ਦੇਸ਼ਾਂ ਵਿੱਚ ਚੀਨੀ ਵਪਾਰਕ ਕੰਪਨੀਆਂ ਨੇ ਤੇਲ, ਅਨਾਜ ਅਤੇ ਦੁਰਲੱਭ ਧਰਤੀ ਦੀਆਂ ਵਸਤੂਆਂ ਜਿਵੇਂ ਕਿ ਉਪਭੋਗਤਾ ਵਸਤੂਆਂ ਦੇ ਨਿਰਯਾਤ ਅਤੇ ਆਯਾਤ ਵਰਗੀਆਂ ਚੀਜ਼ਾਂ ਵਿੱਚ ਅੰਤਰਰਾਸ਼ਟਰੀ ਵਪਾਰ ਨੂੰ ਮਜਬੂਤ ਕਰਨ ਲਈ

(ਬਾਕੀ ਸਫ਼ਾ 30 'ਤੇ)

### ਚੀਨ ਨੇ ਪਾਕਿ 'ਚ 30 ਅਰਬ ਡਾਲਰ ਦਾ ਕੀਤਾ ਹੈ ਨਿਵੇਸ਼

ਚੀਨ ਨੇ ਪਾਕਿਸਤਾਨ ਵਿੱਚ ਪਿਛਲੇ 10 ਸਾਲਾਂ ਵਿੱਚ ਊਰਜਾ ਤੋਂ ਲੈ ਕੇ ਬੁਨਿਆਦੀ ਢਾਂਚੇ ਤੱਕ 30 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਸੀ। ਇਸ ਤੋਂ ਪਹਿਲਾਂ ਚੀਨ ਦੇ ਇਸ ਕਦਮ ਨੂੰ ਦੇਖਦੇ ਹੋਏ ਇਮਰਾਨ ਖਾਨ ਸਰਕਾਰ ਸੀਪੀਈਸੀ ਤੋਂ ਪਿੱਛੇ ਹਟ ਗਈ ਸੀ। ਇਸ ਕਾਰਨ ਸੀਪੀਈਸੀ ਦਾ ਦੂਜਾ ਪੜਾਅ ਸ਼ੁਰੂ ਨਹੀਂ ਹੋ ਸਕਿਆ। ਹੁਣ ਸ਼ਾਹਬਾਜ਼ ਸਰਕਾਰ ਦੇ ਆਉਣ ਤੋਂ ਬਾਅਦ ਚੀਨ ਦੇ ਸੀਪੀਈਸੀ ਨੂੰ ਇੱਕ ਵਾਰ ਫਿਰ ਹੁਲਾਰਾ ਮਿਲਣਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਚੀਨ ਨੇ ਡਿਫਾਲਟ ਹੋਣ ਦੀ ਕਗਾਰ 'ਤੇ ਪਹੁੰਚੇ ਪਾਕਿਸਤਾਨ ਨੂੰ ਕਈ ਬੇਲਆਊਟ ਪੈਕੇਜ ਵੀ ਦਿੱਤੇ ਸਨ । ਕਈ ਕਰਜ਼ੇ ਅਗਲੇ ਦੋ ਸਾਲਾਂ ਲਈ ਟਾਲ ਦਿੱਤੇ ਗਏ ਸਨ। ਅਮਰੀਕਾ ਦੇ ਵਿਰੋਧ ਤੋਂ ਬਾਅਦ ਵੀ ਪਾਕਿਸਤਾਨ ਚੀਨ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰ ਰਿਹਾ ਹੈ । ਪਾਕਿਸਤਾਨ ਨੂੰ ਅਮਰੀਕਾ ਤੋਂ ਵੀ ਕਰਜ਼ਾ ਮਿਲ ਰਿਹਾ ਹੈ ਪਰ ਭਵਿੱਖ ਵਿੱਚ ਉਹ ਚੀਨ ਨਾਲ ਜਾਣ ਦਾ ਇਰਾਦਾ ਰੱਖਦਾ ਹੈ ਤੇ ਭਾਰਤ ਅਮਰੀਕਾ ਦੇ ਖੇਮੇ ਵਿੱਚ ਜਾ ਰਿਹਾ ਹੈ।

## ਵਿਸ਼ਵ ਗੱਤਕਾ ਫ਼ੈਡਰੇਸ਼ਨ ਵੱਲੋਂ ਗੁਰਿੰਦਰ ਸਿੰਘ ਖ਼ਾਲਸਾ ਗੱਤਕਾ ਫ਼ੈਡਰੇਸ਼ਨ ਅਮਰੀਕਾ ਦੇ ਚੇਅਰਮੈਨ ਨਿਯੁਕਤ



ਚੰਡੀਗੜ੍ਹ/ਏ.ਟੀ.ਨਿਊਜ਼ : ਅਮਰੀਕਾ ਵਿੱਚ ਗੱਤਕਾ ਖੇਡ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਵਿਸ਼ਵ ਗੱਤਕਾ ਫੈਡਰੇਸ਼ਨ ਨੇ ਉੱਘੇ ਸਿੱਖ ਆਗੂ, ਉੱਦਮੀ ਅਤੇ ਜਨਤਕ ਬੁਲਾਰੇ ਗੁਰਿੰਦਰ ਸਿੰਘ ਖਾਲਸਾ ਨੂੰ ਗੱਤਕਾ ਫੈਡਰੇਸ਼ਨ ਯੂਐਸਏ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਵਿਸ਼ਵ ਗੱਤਕਾ ਫੈਡਰੇਸ਼ਨ (ਡਬਲਯੂ.ਜੀ.ਐਫ.) ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਗੁਰਿੰਦਰ ਖਾਲਸਾ ਨੂੰ ਇੰਡੀਆਨਾ ਦੇ ਸ਼ਹਿਰ ਫਿਸ਼ਰਜ਼ ਵਿਖੇ ਨਿਯੁਕਤੀ ਪੱਤਰ ਭੇਂਟ ਕੀਤਾ। ਗੱਤਕਾ ਫੈਡਰੇਸ਼ਨ ਯੂਐਸਏ ਦੇ ਚੇਅਰਮੈਨ ਵਜੋਂ, ਡਬਲਯੂ.ਜੀ.ਐਫ. ਨੇ ਖਾਲਸਾ ਨੂੰ ਦੇਸ਼ ਭਰ ਵਿੱਚ ਗੱਤਕੇ ਦੇ ਅਭਿਆਸ ਨੂੰ ਉਤਸ਼ਾਹਿਤ ਕਰਨ ਅਤੇ ਵਿਸਤਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਗੱਤਕਾ ਪ੍ਰਮੋਟਰ ਸ. ਹਰਜੀਤ ਸਿੰਘ ਗਰੇਵਾਲ ਅਤੇ ਡਾ. ਦੀਪ ਸਿੰਘ ਨੇ ਉਮੀਦ ਪ੍ਰਗਟ ਕੀਤੀ ਕਿ ਖਾਲਸਾ ਦਾ ਇਸ ਵਿਰਾਸਤੀ ਖੇਡ ਪ੍ਰਤੀ ਸਮਰਪਣ, ਪਿਆਰ ਅਤੇ ਜੋਸ਼ ਨੂੰ ਦੇਖਦੇ ਹੋਏ ਉਹ ਗੱਤਕਾ ਫੈਡਰੇਸ਼ਨ ਯੂਐਸਏ ਅਤੇ ਡਬਲਯੂ.ਜੀ.ਐਫ. ਦੁਆਰਾ ਇਸ ਪੁਰਾਤਨ

(ਬਾਕੀ ਸਫ਼ਾ 29 'ਤੇ)

## ਸਿੰਗਾਪੁਰ ਦੇ ਵਿਕਾਸ ਵਿੱਚ ਸਿੱਖਾਂ ਦਾ ਮਹਾਨ ਯੋਗਦਾਨ: ਵੋਂਗ

### ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ ਵੋਂਗ ਨੇ ਸਿੱਖਾਂ ਦੀ ਕੀਤੀ ਸ਼ਲਾਘਾ

ਸਿੰਗਾਪੁਰ/ਏ.ਟੀ.ਨਿਊਜ਼ :ਇਹ ਬੜੇ ਮਾਣ ਵਾਲੀ ਗਲ ਹੈ ਕਿ ਸਿੱਖ ਪੰਥ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਸੱਭਿਆਚਾਰ ਕਾਰਨ ਪੂਰੇ ਵਿਸ਼ਵ ਨੂੰ ਜਿੱਤ ਲਿਆ ਹੈ। ਸਾਂਝੀਵਾਲਤਾ, ਲੰਗਰ, ਗੁਰਦੁਆਰੇ, ਗੁਰ ਸਿਧਾਂਤ ਸਿੱਖ ਪੰਥ ਨੂੰ ਵਿਸ਼ਵ ਵਿੱਚ ਸਿੱਖਾਂ ਨੂੰ ਉਭਾਰਨ ਵਿੱਚ ਮਹਾਨ ਯੋਗਦਾਨ ਪਾ ਰਹੇ ਹਨ।

ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਨੇ ਸਿੱਖ ਪੰਥ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਹੈ ਕਿ ਸਿੰਗਾਪੁਰ ਵਿੱਚ ਸਿੱਖਾਂ ਨੇ ਆਪਣੇ ਸੱਭਿਆਚਾਰ, ਧਰਮ ਅਤੇ ਵੱਖਰੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਖ-ਵੱਖ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਹ ਸਿੱਖ ਸਲਾਹਕਾਰ ਬੋਰਡ ਦੀ 75ਵੀਂ ਵਰ੍ਹੇਗੰਢ ਦੇ ਮੌਕੇ ਰਾਤਰੀ ਭੋਜ ਦੌਰਾਨ ਬੋਲ ਰਹੇ ਸਨ। ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ ਸਿੱਖਾਂ ਨੇ ਆਪੋ-ਆਪਣੇ ਕਿੱਤਿਆਂ ਵਿੱਚ ਆਪਣੇ ਆਪ ਨੂੰ ਸਾਬਤ ਕੀਤਾ ਹੈ



ਅਤੇ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਕੇ ਸਿੰਗਾਪੁਰ ਦਾ ਨਾਮ ਰੋਸ਼ਨ ਕੀਤਾ ਹੈ। ਚਾਹੇ ਉਹ ਸਿਵਲ ਸੇਵਾ ਹੋਵੇ ਜਾਂ ਸੁਰੱਖਿਆ ਬਲ, ਨਿਆਂਪਾਲਿਕਾ, ਵਪਾਰ, ਖੇਡਾਂ ਜਾਂ ਕੋਈ ਹੋਰ ਪੇਸ਼ਾ, ਸਭ ਵਿੱਚ ਸਿੱਖਾਂ ਦੀ ਚੰਗੀ ਪ੍ਰਤੀਨਿਧਤਾ ਹੈ। ਉਹ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੇ ਹਨ ਅਤੇ ਸਿੰਗਾਪੁਰ ਦੀ ਅਗਵਾਈ ਕਰ ਰਹੇ ਹਨ।"

ਉਪ ਪ੍ਰਧਾਨ ਮੰਤਰੀ ਨੇ ਕਿਹਾ, " ਸਰਕਾਰੀ ਦ੍ਰਿਸ਼ਟੀਕੋਣ ਤੋਂ, ਅਸੀਂ ਸਿੱਖ ਭਾਈਚਾਰੇ ਦੇ ਨਾਲ ਇਸ ਨਜ਼ਦੀਕੀ ਸਾਂਝੇਦਾਰੀ ਦੀ ਕਦਰ ਕਰਦੇ ਹਾਂ ਅਤੇ ਸਿੱਖ ਪੰਥ ਦਾ ਧੰਨਵਾਦ ਕਰਦੇ ਹਾਂ। ਹੋਰ ਭਾਈਚਾਰਿਆਂ ਦੇ ਮੁਕਾਬਲੇ ਸਿੱਖਾਂ ਦੀ ਗਿਣਤੀ ਘੱਟ ਹੋ ਸਕਦੀ ਹੈ, ਪਰ ਸਿੰਗਾਪੁਰ ਵਿੱਚ ਸਿੱਖ ਪੰਥ ਯੋਗਦਾਨ ਕਿਤੇ ਵੱਧ ਤੇ ਉਸਾਰੂ ਹੈ,ਅਸੀਂ ਹਮੇਸ਼ਾ ਤੁਹਾਡੇ ਨਾਲ ਹਾਂ।"

ਉਨ੍ਹਾਂ ਦੱਸਿਆ ਕਿ ਹੁਣ ਸਿੰਗਾਪੁਰ ਵਿੱਚ ਸਿੱਖਾਂ ਦੀ ਗਿਣਤੀ 13,000 ਦੇ ਕਰੀਬ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਿੱਖਾਂ ਨੇ ਸਿੰਗਾਪੁਰ ਵਿੱਚ ਆਪਣੇ ਸੱਭਿਆਚਾਰ, ਧਰਮ ਅਤੇ ਵੱਖਰੀ ਪਛਾਣ ਨੂੰ ਕਾਇਮ ਰੱਖਦੇ ਹੋਏ ਸਿੰਗਾਪੁਰ ਨੂੰ ਸਮੁੱਚੀ ਮਨੁੱਖਤਾ ਦੀ ਸਾਂਝ ਦਾ ਸੁਨੇਹਾ ਗੁਰਦੁਆਰਾ ਸਾਹਿਬਾਨ ਤੇ ਲੰਗਰ ਰਾਹੀਂ ਦਿੱਤਾ ਹੈ। ਇਸ ਉਪਰ ਸਾਨੂੰ ਮਾਣ ਹੈ।

Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital services

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us








ਹਰਿਆਣਾ ਹਿੰਸਾ ਦੀ ਅੱਗ ਵਿੱਚ ਸੜ ਰਿਹਾ ਹੈ, ਨੂਹ ਜ਼ਿਲ੍ਹੇ ਤੋਂ ਸ਼ੁਰੂ ਹੋਈ ਇਸ ਅੱਗ ਦੀਆਂ ਲਪਟਾਂ ਗੁਰੂਗ੍ਰਾਮ ਤੱਕ ਪਹੁੰਚ ਗਈਆਂ ਹਨ। ਇਸ ਹਿੰਸਾ 'ਚ ਹੁਣ ਤੱਕ 5 ਤੋਂ ਵਧੇਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ। ਫਿਰਕੂ ਤਣਾਅ ਨੂੰ ਲੈ ਕੇ ਪ੍ਰਸ਼ਾਸਨ 'ਤੇ ਵੀ ਸਵਾਲ ਉਠਾਏ ਜਾ ਰਹੇ ਹਨ। ਜੇਕਰ ਸਮੇਂ ਸਿਰ ਸਾਵਧਾਨੀ ਵਰਤੀ ਜਾਂਦੀ ਤਾਂ ਸ਼ਾਇਦ ਹਾਲਾਤ ਇੰਨੇ ਨਾਜ਼ੁਕ ਨਾ ਹੁੰਦੇ। ਦਰਅਸਲ ਬਜਰੰਗ ਦਲ ਦੇ ਨੇਤਾ ਮੋਨੂੰ ਮਾਨੇਸਰ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਤਣਾਅ ਸ਼ੁਰੂ ਹੋ ਗਿਆ ਸੀ ਪਰ ਸਥਾਨਕ ਪ੍ਰਸ਼ਾਸਨ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ।

ਮੋਨੂੰ ਮਾਨੇਸਰ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਭੜਕਾਹਟ ਦਾ ਕੰਮ ਸ਼ੁਰੂ ਹੋ ਗਿਆ। ਮੋਨੂੰ ਨੇ ਇਸ ਵੀਡੀਓ 'ਚ ਕਿਹਾ ਸੀ ਕਿ ਉਹ ਵੀ ਬ੍ਰਿਜ ਮੰਡਲ ਯਾਤਰਾ 'ਚ ਹਿੱਸਾ ਲੈਣਗੇ। ਮੋਨੂੰ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਨਾਸਿਰ ਅਤੇ ਜੁਨੈਦ ਦੇ ਕਤਲ ਕੇਸ ਦਾ ਮੁਲਜ਼ਮ ਹੈ, ਜੋ ਕਿ ਫਰਾਰ ਹੈ। ਨਾਸਿਰ ਅਤੇ ਜੁਨੈਦ ਨੂੰ ਕੁਝ ਮਹੀਨੇ ਪਹਿਲਾਂ ਇੱਕ ਬੋਲੈਰੋ ਵਿੱਚ ਜ਼ਿੰਦਾ ਸਾੜ ਦਿੱਤਾ ਗਿਆ ਸੀ। ਉਹਨਾਂ 'ਤੇ ਗਊ ਤਸਕਰੀ ਦਾ ਦੋਸ਼ ਸੀ। ਹਾਲਾਂ ਕਿ ਮੋਨੂੰ ਯਾਤਰਾ 'ਤੇ ਨਹੀਂ ਪਹੁੰਚਿਆ, ਪਰ ਉਸ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੈਦਾ ਹੋਇਆ ਤਣਾਅ ਹਿੰਸਾ ਵਿੱਚ ਬਦਲ ਗਿਆ।



**ਪੁਲਿਸ 'ਤੇ ਸਵਾਲ :** ਸਵਾਲ ਇਹ ਵੀ ਉੱਠਦਾ ਹੈ ਕਿ ਜਦੋਂ ਸੋਸ਼ਲ ਮੀਡੀਆ ਰਾਹੀਂ ਤਣਾਅ ਦਾ ਮਾਹੌਲ ਬਣਾਇਆ ਜਾ ਰਿਹਾ ਹੈ ਤਾਂ ਪੁਲਿਸ ਅਤੇ ਪ੍ਰਸ਼ਾਸਨ ਚੁੱਪ ਕਿਉਂ ਬੈਠਾ ਹੈ? ਉਸ ਦਾ ਖ਼ੁਫ਼ੀਆ ਵਿਭਾਗ ਕੀ ਕਰ ਰਿਹਾ ਸੀ? ਕੀ ਉਸ ਨੂੰ ਪਤਾ ਨਹੀਂ ਸੀ ਕਿ ਬ੍ਰਿਜਮੰਡਲ ਯਾਤਰਾ ਦੌਰਾਨ ਹਿੰਸਾ ਭੜਕ ਸਕਦੀ ਹੈ? ਪੁਲਿਸ ਨੇ ਸਮੇਂ ਸਿਰ ਢੁੱਕਵੇਂ ਕਦਮ ਕਿਉਂ ਨਹੀਂ ਚੁੱਕੇ? ਜੇਕਰ ਪੁਲਿਸ ਸਮੇਂ ਸਿਰ ਸਰਗਰਮ ਹੁੰਦੀ ਤਾਂ ਸ਼ਾਇਦ ਹਿੰਸਾ ਨਾ ਭੜਕਦੀ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਜਿੱਥੇ ਹਿੰਸਾ ਹੋਈ, ਉੱਥੇ ਪੁਲਿਸ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਜਦੋਂ ਭੀੜ ਭੜਕ ਗਈ ਤਾਂ ਪੁਲਿਸ ਵਾਲੇ ਆਪਣੀ ਜਾਨ ਬਚਾਉਂਦੇ ਨਜ਼ਰ ਆਏ। ਬਦਮਾਸ਼ਾਂ ਨੇ ਦੋ ਹੋਮਗਾਰਡ ਜਵਾਨਾਂ ਦੀ ਜਾਨ ਲੈ ਲਈ। ਇਸ ਹਿੰਸਾ 'ਚ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ, ਵੱਡੀ ਗਿਣਤੀ 'ਚ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ। ਗੁਰੂਗ੍ਰਾਮ ਵਿੱਚ ਇੱਕ ਮਸਜਿਦ ਨੂੰ ਅੱਗ ਲਗਾ ਦਿੱਤੀ ਗਈ। ਬ੍ਰਿਜਮੰਡਲ ਯਾਤਰਾ ਵਿੱਚ ਸ਼ਾਮਲ 2000 ਤੋਂ ਵੱਧ ਔਰਤਾਂ ਅਤੇ ਪੁਰਸ਼ਾਂ ਨੂੰ ਮੰਦਰ ਵਿੱਚ ਸ਼ਰਨ ਲੈਣੀ ਪਈ।

ਭਰਤਪੁਰ ਜ਼ਿਲ੍ਹੇ ਵਿੱਚ ਵੀ ਤਣਾਅ: ਹਾਲਾਂ ਕਿ ਪੁਲਿਸ ਨੇ ਹਿੰਸਾ ਵਿੱਚ ਸ਼ਾਮਲ ਕੁਝ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ, ਪਰ ਕੀ ਇਹ ਹਿੰਸਾ ਬਿਲਕੁਲ ਨਾ ਹੁੰਦੀ ਤਾਂ ਚੰਗਾ ਹੁੰਦਾ। ਪਰ, ਅਜਿਹਾ ਨਹੀਂ ਹੋਇਆ। ਯਾਤਰਾ 'ਚ ਸ਼ਾਮਲ ਲੋਕਾਂ 'ਤੇ ਪਥਰਾਅ ਕੀਤਾ ਗਿਆ ਅਤੇ ਇਸ ਤੋਂ ਬਾਅਦ ਹਿੰਸਾ ਨੇ ਵਿਆਪਕ ਰੂਪ ਲੈ ਲਿਆ। ਇਸ ਹਿੰਸਾ ਦਾ ਅਸਰ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਵਿੱਚ ਵੀ ਦੇਖਣ ਨੂੰ ਮਿਲਿਆ। ਇੱਥੇ ਵੀ 4 ਤਹਿਸੀਲਾਂ ਵਿੱਚ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ।

**(ਬਾਕੀ ਸਫ਼ਾ 29 'ਤੇ)**



# ਸਕੂਲਾਂ 'ਚ ਸਮਾਰਟਫ਼ੋਨ 'ਤੇ ਹੋਵੇ ਪਾਬੰਦੀ: ਯੂਨੈਸਕੋ

## 'ਗਲੋਬਲ ਐਜੂਕੇਸ਼ਨ ਮਾਨੀਟਰਿੰਗ ਰਿਪੋਰਟ, 2023' 'ਚ ਦਿੱਤੀ ਚਿਤਾਵਨੀ

**ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਚੀਜ ਦਾ ਪ੍ਰਚਾਰ ਕਰਨ ਕਿ ਅਸੀਂ ਕੋਵਿਡ ਸਮੇਂ ਅਲੱਗ ਸਥਿਤੀ ਵਿੱਚ ਫਸ ਚੁਕੇ ਸੀ। ਉਸ ਸਮੇਂ ਅਜਿਹੇ ਸਾਧਨ ਅਪਨਾਉਣੇ ਜ਼ਰੂਰੀ ਸਨ ਤਾਂ ਕਿ ਸਾਡੇ ਬੱਚੇ ਸਿੱਖਿਆ ਤੋਂ ਵਾਂਝੇ ਨਾ ਰਹਿ ਸਕਣ। ਪਰ ਹੁਣ ਅਸੀਂ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਸਮਰਾਟ ਫੋਨ 'ਤੇ ਰੋਕ ਲਗਾ ਰਹੇ ਹਾਂ।**

ਮੌਜੂਦਾ ਸਮੇਂ 'ਚ ਸਕੂਲੀ ਸਿੱਖਿਆ 'ਚ ਮੋਬਾਇਲ ਬਹੁਤ ਜ਼ਰੂਰੀ ਹੋ ਗਿਆ ਹੈ। ਵਿਦਿਆਰਥੀ ਦਾ ਪੇਪਰ ਹੋਵੇ ਜਾਂ ਅਸਾਈਨਮੈਂਟ, ਅਧਿਆਪਕ ਹਰ ਚੀਜ਼ ਮੋਬਾਈਲ 'ਤੇ ਭੇਜਦੇ ਹਨ। ਅਜਿਹੇ 'ਚ ਹੁਣ ਯੂਨੈਸਕੋ ਨੇ ਸਕੂਲਾਂ 'ਚ ਸਮਾਰਟਫੋਨ ਨੂੰ ਲੈ ਕੇ ਇੱਕ ਰਿਪੋਰਟ ਜਾਰੀ ਕੀਤੀ ਹੈ, ਜਿਸ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

ਯੂਨੈਸਕੋ ਦੀ 418 ਪੰਨਿਆਂ ਦੀ 'ਗਲੋਬਲ ਐਜੂਕੇਸ਼ਨ ਮਾਨੀਟਰਿੰਗ ਰਿਪੋਰਟ, 2023', ਜਿਸਦਾ ਸਿਰਲੇਖ ' ਐਜੂਕੇਸ਼ਨ ਵਿੱਚ ਟੈਕਨਾਲੌਜੀ: ਏ ਟੂਲ ਆਨ ਹੂਜ਼ ਟਰਮਜ਼' ( A Tool on whose terms) (26 ਜੁਲਾਈ 2023 ਨੂੰ ਪ੍ਰਕਾਸ਼ਿਤ), ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਸਕੂਲਾਂ ਵਿੱਚ ਸਮਾਰਟਫੋਨਾਂ ਤੇ ਪਾਬੰਦੀ ਲਗਾਉਣੀ ਇਸ ਲਈ ਵੀ ਜਰੂਰੀ ਹੈ, ਕਿਉਂਕਿ ਸਮਾਰਟ ਫੋਨ ਨਾਲ ਬੱਚੇ ਮੰਦਬੁੱਧੀ ਬਣਦੇ ਜਾ ਰਹੇ ਹਨ, ਉਹਨਾਂ ਵਿੱਚ ਸਿੱਖਣ ਦੀ ਭਾਵਨਾ, ਪੜ੍ਹਨ ਦੀ ਪ੍ਰੈਕਟਿਸ, ਇਕ ਸੋਚਣ ਸ਼ਕਤੀ, ਕਿਤਾਬ ਤੋਂ ਪੜ੍ਹਨਾ ਤੇ ਮਹਿਸੂਸ ਕਰਨਾ

ਅਤੇ ਯੋਗਤਾ ਸਾਹਮਣੇ ਲਿਆਉਣ ਦੀ ਭਾਵਨਾ ਘੱਟਦੀ ਜਾ ਰਹੀ ਹੈ। ਅੱਜ ਦੇ ਸਮੇਂ ਵਿੱਚ ਬੱਚਿਆਂ ਲਈ ਮਾਪੇ, ਅਧਿਆਪਕ, ਕਲਾਸ ਰੂਮ ਤੇ ਮਨੋਰੰਜਨ ਸਿਰਫ਼ ਮੋਬਾਇਲ ਬਣਕੇ ਰਹਿ ਗਿਆ ਹੈ। ਇਹ ਰਿਪੋਰਟ 2 ਤੋਂ 17 ਤਕ ਦੇ ਬੱਚਿਆਂ 'ਤੇ ਕੀਤੀ ਗਈ ਸਟੱਡੀ 'ਤੇ ਆਧਾਰਿਤ ਹੈ। ਇਸ ਰਿਪੋਰਟ ਵਿੱਚ ਡਿਜੀਟਲ ਐਜੂਕੇਸ਼ਨ ਵਾਲੀਆਂ ਕਈ ਕੰਪਨੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਸ ਰਿਪੋਰਟ ਵਿਚ ਪੀਅਰਸਨ ਕੰਪਨੀ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਦਾ ਡਿਜੀਟਲ ਐਜੂਕੇਸ਼ਨ ਵਿੱਚ ਵੱਡਾ ਮੁਕਾਮ ਹੈ। ਸਭ ਤੋਂ ਜਿਆਦਾ ਰਿਸਰਚ ਪੀਅਰਸਨ ਹੀ ਕਰਵਾਉਂਦੀ ਹੈ, ਕਿ ਸਮਾਰਟ ਫੋਨ ਦੇ ਬੱਚਿਆਂ ਨੂੰ ਕੀ ਕੀ ਫਾਇਦੇ ਹਨ? ਰਿਪੋਰਟ ਦਸਦੀ ਹੈ ਕਿ ਕੋਵਿਡ ਵਿੱਚ ਇਕ ਬਿਲੀਅਨ ਸਟੂਡੈਂਟਸ ਤਕ ਟੈਕਨਾਲੌਜੀ ਪਹੁੰਚੀ ਪਰ ਅੱਧੇ ਬਿਲੀਅਨ ਤਕ ਇਹ ਟੈਕਨਾਲੌਜੀ ਨਹੀਂ ਪਹੁੰਚੀ ਸੀ। ਸੋ ਸਾਨੂੰ ਟੈਕਨਾਲੌਜੀ ਰਾਹੀਂ ਬਰਾਬਰਤਾ ਵਾਲਾ ਭਰਮ ਕੱਢ ਦੇਣਾ ਚਾਹੀਦਾ ਹੈ।

ਇਹ ਰਿਪੋਰਟ ਦੁਨੀਆਂ ਵਿੱਚ ਸਿੱਖਿਆ ਕਿਵੇਂ ਲਈ ਜਾਂਦੀ ਹੈ, ਉਸ 'ਤੇ ਆਧਾਰਿਤ ਹੈ। ਇਸ ਵਿਚ ਸਾਫ਼ ਕਹਿ ਦਿਤਾ ਗਿਆ ਹੈ ਕਿ ਸਮਾਰਟ ਫੋਨ ਤੇ ਪਾਬੰਦੀ ਲਗਾ ਦੇਣੀ ਚਾਹੀਦੀ ਹੈ। ਬੱਚਿਆਂ ਲਈ ਇਹ ਆਦਤ ਚੰਗੀ ਨਹੀਂ ਹੈ। ਖੋਜ਼ ਰਿਪੋਰਟਾਂ ਜੋ ਕਹਿੰਦੀਆਂ ਸਨ ਕਿ ਬੱਚੇ ਸਮਾਰਟ ਬਣ ਰਹੇ ਹਨ, ਉਹਨਾਂ ਰਿਪੋਰਟਾਂ ਦੇ ਪਿੱਛੇ ਡਿਜੀਟਲ



**(ਬਾਕੀ ਸਫ਼ਾ 29 'ਤੇ)**

### ਕਈ ਦੇਸ਼ਾਂ 'ਚ ਹੈ ਸਮਾਰਟਫੋਨ 'ਤੇ ਪਾਬੰਦੀ



ਕਈ ਦੇਸ਼ਾਂ ਵਿੱਚ, ਸਕੂਲਾਂ ਵਿੱਚ ਬੱਚਿਆਂ ਲਈ ਸਮਾਰਟ ਫੋਨ ਦੀ ਵਰਤੋਂ 'ਤੇ ਪਹਿਲਾਂ ਹੀ ਪਾਬੰਦੀ ਲਗਾਈ ਗਈ ਹੈ। ਫਰਾਂਸ ਵਿੱਚ ਪਹਿਲਾਂ ਹੀ ਅਜਿਹੀ ਨੀਤੀ 2018 ਵਿੱਚ ਲਾਗੂ ਕੀਤੀ ਗਈ ਸੀ ਅਤੇ ਨੀਦਰਲੈਂਡ ਵਿੱਚ ਸਾਲ 2024 ਵਿੱਚ ਅਜਿਹੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਸਕਦੀਆਂ ਹਨ।

ਡੱਚ ਸਿੱਖਿਆ ਮੰਤਰੀ ਦਾ ਕਥਨ ਹੈ ਕਿ 'ਬੱਚਿਆਂ ਨੂੰ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਦੇ ਮੌਕੇ ਮਿਲਨੇ ਚਾਹੀਦੇ ਹਨ, ਜੋ ਸਮਾਰਟਫ਼ੋਨ ਕਾਰਨ ਘਟਦੇ ਹਨ। ਮੋਬਾਈਲ ਫੋਨ ਧਿਆਨ ਭਟਕਾਉਂਦਾ ਹੈ ਅਤੇ ਸਾਨੂੰ ਬੱਚਿਆਂ ਨੂੰ ਇਸ ਤੋਂ ਬਚਾਉਣ 'ਤੇ ਧਿਆਨ ਦੇਣਾ ਹੋਵੇਗਾ। ਯੂ.ਕੇ. ਸਰਕਾਰ ਬੱਚਿਆਂ ਨੂੰ ਅਨੁਸ਼ਾਸਨ ਦੇਣ ਲਈ ਮੋਬਾਈਲ ਫੋਨਾਂ 'ਤੇ ਪਾਬੰਦੀ ਲਗਾਉਣ ਦੀ ਵੀ ਤਿਆਰੀ ਕਰ ਰਹੀ ਹੈ। ਵਿਦੇਸ਼ਾਂ ਵਿੱਚ ਤਾਂ ਮਾਪੇ ਏਕਤਾ ਬਣਾ ਕੇ ਸਕੂਲਾਂ ਵਿੱਚ ਸਮਾਰਟ ਫੋਨ ਦਾ ਵਿਰੋਧ ਕਰ ਰਹੇ ਹਨ। ਡੈਨਮਾਰਕ ਅਤੇ ਫਰਾਂਸ ਵਿੱਚ ਕੁਝ ਐਪਸ ਬੰਦ ਕਰ ਦਿਤੀਆਂ ਗਈਆਂ ਹਨ। ਇਥੋਂ ਤਕ ਕਿ ਗੂਗਲ ਵਰਕ ਸਪੇਸ ਵੀ ਬੈਨ ਕਰ ਦਿਤੀ ਹੈ। ਜਰਮਨੀ ਨੇ ਮਾਈਕਰੋਸਾਫ਼ਟ ਦੇ ਪ੍ਰੋਡਕਸ ਨੂੰ ਕੁਝ ਹਿਸਿਆਂ ਵਿੱਚ ਬੈਨ ਕੀਤਾ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਟੈਕਨਾਲੌਜੀ ਦੇ ਮਰੀਜ਼ ਨਹੀਂ ਹੋਣਾ ਚਾਹੀਦਾ। ਆਨਲਾਈਟ ਸੱਟਡੀ ਫੈਸ਼ਨ ਸਟੇਟਸ ਬਣ ਰਹੀ ਹੈ, ਅਸੀਂ ਆਪਣੇ ਬੱਚਿਆਂ ਨੂੰ ਟੈਕਨਾਲੌਜੀ ਦੇ ਲਾਭ ਹਾਨੀਆਂ ਸਹੀ ਤਰੀਕੇ ਨਾਲ ਦਸੀਏ ਤਾਂ ਕਿ ਸਾਡੇ ਬੱਚੇ ਪੜ੍ਹ ਲਿਖ ਕੇ ਵੀ ਅਣਪੜ੍ਹ ਨਾ ਰਹਿ ਜਾਣ।

# ਅਮਰੀਕਾ 'ਚ ਰਾਸ਼ਟਰਪਤੀ ਚੋਣਾਂ-2024 ਦੀਆਂ ਤਿਆਰੀਆਂ ਸ਼ੁਰੂ

## ਰਿਪਬਲਿਕਨ ਉਮੀਦਵਾਰੀ ਦੀ ਦੌੜ ਵਿੱਚ ਤਿੰਨ ਭਾਰਤੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਅਗਲੇ ਸਾਲ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ, ਜਿਸ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਰਿਪਬਲਿਕਨ ਪਾਰਟੀ ਦੇ ਸੰਭਾਵਿਤ ਉਮੀਦਵਾਰਾਂ ਨੂੰ ਲੈ ਕੇ ਅੰਦਾਜ਼ੇ ਲਗਾਏ ਜਾ ਰਹੇ ਹਨ। ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ, ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਭ ਤੋਂ ਅੱਗੇ ਮੰਨਿਆ ਜਾਂਦਾ ਹੈ। ਹਾਲਾਂਕਿ, ਤਿੰਨ ਭਾਰਤੀ-ਅਮਰੀਕੀ ਉਸ ਨੂੰ ਚੁਣੌਤੀ ਦੇ ਰਹੇ ਹਨ ਅਤੇ 'ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ' ਦਾ ਦਾਅਵਾ ਕਰ ਰਹੇ ਹਨ। ਵਿਵੇਕ ਰਾਮਾਸਵਾਮੀ, ਨਿੱਕੀ ਹੇਲੀ ਅਤੇ ਹਰਸ਼ਵਰਧਨ ਸਿੰਘ ਰਾਸ਼ਟਰਪਤੀ ਅਹੁਦੇ ਲਈ ਆਪਣੀ ਉਮੀਦਵਾਰੀ ਦੀ ਦਾਅਵੇਦਾਰੀ ਦਾ ਐਲਾਨ ਕਰਕੇ ਇਸ ਦੌੜ ਵਿੱਚ ਸ਼ਾਮਲ ਹੋ ਗਏ ਹਨ।

ਰਿਪਬਲਿਕਨ ਪਾਰਟੀ ਦੀ ਨੈਸ਼ਨਲ ਕਨਵੈਨਸ਼ਨ 15-18 ਜੁਲਾਈ, 2024 ਨੂੰ ਮਿਲਵਾਕੀ, ਵਿਸਕਾਨਸਿਨ ਵਿੱਚ ਹੋਵੇਗੀ, ਜਿੱਥੇ ਅਧਿਕਾਰਤ ਤੌਰ 'ਤੇ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦ ਵਿਅਕਤੀ ਦੀ ਚੋਣ ਕੀਤੀ ਜਾਵੇਗੀ। ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਤੇ ਸੰਯੁਕਤ ਰਾਸ਼ਟਰ ਵਿੱਚ ਟਰੰਪ ਦੇ ਵੇਲੇ ਦੀ ਰਾਜਦੂਤ ਨਿੱਕੀ ਹੇਲੀ ਅਤੇ ਰਿਪਬਲਿਕਨ ਨਾਮਜ਼ਦਗੀ ਦੀ ਦੌੜ ਵਿੱਚ ਇਕਲੌਤੀ ਇਸਤਰੀ ਦਾਅਵੇਦਾਰ ਹੈ। ਨਿੱਕੀ ਹੇਲੀ ਲਗਾਤਾਰ ਤਿੰਨ ਚੋਣਾਂ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਵਾਲੀ ਤੀਜੀ ਭਾਰਤੀ-ਅਮਰੀਕੀ ਹੈ। ਇਸ ਤੋਂ ਪਹਿਲਾਂ ਬੌਬੀ ਜਿੰਦਲ 2016 ਵਿੱਚ ਅਮਰੀਕੀ ਰਾਸ਼ਟਰਪਤੀ ਅਤੇ 2020 ਵਿੱਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਚੋਣ ਵਿੱਚ ਹਿੱਸਾ ਲੈ ਚੁੱਕੇ ਹਨ।




ਹੇਲੀ ਦਾ ਜਨਮ ਸਿੱਖ ਮਾਤਾ-ਪਿਤਾ ਅਜੀਤ ਸਿੰਘ ਰੰਧਾਵਾ ਅਤੇ ਰਾਜ ਕੌਰ ਰੰਧਾਵਾ ਦੇ ਘਰ ਹੋਇਆ, ਜੋ 1960 ਦੇ ਦਹਾਕੇ ਵਿੱਚ ਪੰਜਾਬ ਤੋਂ ਕੈਨੇਡਾ ਅਤੇ ਫਿਰ ਅਮਰੀਕਾ ਚਲੇ ਗਏ ਸੀ। 39 ਸਾਲ ਦੀ ਉਮਰ ਵਿੱਚ, ਜਦੋਂ ਉਸਨੇ ਜਨਵਰੀ 2011 ਵਿੱਚ ਅਹੁਦਾ ਸੰਭਾਲਿਆ ਸੀ, ਤਾਂ ਉਹ ਅਮਰੀਕਾ ਵਿੱਚ ਸਭ ਤੋਂ ਘੱਟ ਉਮਰ ਦੀ ਗਵਰਨਰ ਸੀ ਅਤੇ ਦੱਖਣੀ ਕੈਰੋਲੀਨਾ ਦੀ ਪਹਿਲੀ ਇਸਤਰੀ ਗਵਰਨਰ ਵਜੋਂ ਇਤਿਹਾਸ ਰਚਿਆ ਸੀ। ਉਹ ਰਾਜ ਦੀ ਪਹਿਲੀ ਭਾਰਤੀ-ਅਮਰੀਕੀ ਗਵਰਨਰ ਸੀ ਤੇ ਇਸ ਅਹੁਦੇ 'ਤੇ ਦੋ ਵਾਰ ਸੇਵਾ ਕੀਤੀ। ਜਨਵਰੀ 2017 ਤੋਂ ਦਸੰਬਰ 2018 ਤੱਕ, ਉਸਨੇ ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੇ 29ਵੇਂ ਰਾਜਦੂਤ ਵਜੋਂ ਸੇਵਾ ਨਿਭਾਈ।

ਭਾਰਤੀ ਪ੍ਰਵਾਸੀ ਤੇ ਤਕਨੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ, , ਇੱਕ ਬਾਹਰੀ ਵਿਅਕਤੀ ਵਜੋਂ ਰਿਪਬਲਿਕਨ ਰਾਸ਼ਟਰਪਤੀ ਨਾਮਜ਼ਦਗੀ ਦੀ ਦੌੜ ਵਿੱਚ ਸ਼ਾਮਲ ਹੋਏ ਸਨ ਪਰ ਹੁਣ ਉਹ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੂੰ ਪਿੱਛੇ ਛੱਡ ਕੇ ਤੀਜੇ ਨੰਬਰ 'ਤੇ ਆ ਗਏ ਹਨ। ਭਾਰਤੀ-ਅਮਰੀਕੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੇ ਫਰਵਰੀ ਵਿੱਚ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ।

ਸਿਹਤ ਸੰਭਾਲ ਅਤੇ ਤਕਨਾਲੋਜੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਨੂੰ ਰਿਪਬਲਿਕਨ ਪਾਰਟੀ ਦੇ 9 ਫੀਸਦੀ ਨੇਤਾਵਾਂ ਦਾ ਸਮਰਥਨ ਹਾਸਲ ਹੈ। ਇਸ ਦੇ ਨਾਲ ਹੀ ਟਰੰਪ ਨੂੰ 47 ਫੀਸਦੀ ਵੋਟ ਮਿਲੇ, ਜੋ ਡੀਸੈਂਟਿਸ ਦੇ 19 ਫੀਸਦੀ ਤੋਂ ਕਿਤੇ ਜ਼ਿਆਦਾ ਹਨ। ਰਾਮਾਸਵਾਮੀ ਦਾ ਜਨਮ ਸਿਨਸਿਨਾਟੀ, ਓਹੀਓ, ਅਮਰੀਕਾ ਵਿੱਚ ਹੋਇਆ ਸੀ। ਉਸਦੇ ਮਾਤਾ-ਪਿਤਾ ਪਲੱਕੜ, ਕੇਰਲ ਤੋਂ ਅਮਰੀਕਾ ਚਲੇ ਗਏ ਸਨ। ਉਸ ਦੇ ਪਿਤਾ ਦਾ ਨਾਂ ਗਣਪਤੀ ਰਾਮਾਸਵਾਮੀ ਹੈ, ਜੋ ਕਿ ਪੇਸ਼ੇ ਤੋਂ ਇੰਜੀਨੀਅਰ ਸੀ। ਉਸਦੀ ਮਾਂ, ਗੀਤਾ ਰਾਮਾਸਵਾਮੀ, ਪੇਸ਼ੇ ਤੋਂ ਇੱਕ ਮਨੋਵਿਗਿਆਨੀ ਸੀ। ਵਿਵੇਕ ਦੀ ਪਤਨੀ ਅਪੂਰਵਾ ਤਿਵਾਰੀ ਓਹੀਓ ਸਟੇਟ ਯੂਨੀਵਰਸਿਟੀ ਦੇ ਵੇਕਸਨਰ ਮੈਡੀਕਲ ਸੈਂਟਰ ਵਿੱਚ ਇੱਕ ਸਹਾਇਕ ਪ੍ਰੋਫੈਸਰ ਅਤੇ ਸਰਜਨ ਹੈ। 37 ਸਾਲਾ ਰਾਮਾਸਵਾਮੀ ਦਵਾਈਆਂ ਲਈ ਚੀਨ 'ਤੇ ਨਿਰਭਰਤਾ ਖਤਮ ਕਰਨ ਦੇ ਵਾਅਦੇ 'ਤੇ ਰਾਸ਼ਟਰਪਤੀ ਅਹੁਦੇ ਦੀ ਚੋਣ ਲੜ ਰਹੇ ਹਨ।

ਏਅਰੋਸਪੇਸ ਇੰਜੀਨੀਅਰ ਹਰਸ਼ਵਰਧਨ ਸਿੰਘ ਨੇ ਸ਼ਨੀਵਾਰ ਨੂੰ ਟਵਿੱਟਰ ਵੀਡੀਓ ਪੋਸਟ ਕਰਕੇ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਸੀ। ਇਸ ਦੌੜ ਵਿੱਚ ਹਿੱਸਾ ਲੈਣ ਵਾਲੇ ਉਹ ਤੀਜੇ ਭਾਰਤੀ ਹਨ। ਏਰੋਸਪੇਸ ਇੰਜੀਨੀਅਰ ਹਰਸ਼ ਵਰਧਨ ਨੇ ਇੱਕ ਵੀਡੀਓ ਵਿੱਚ ਕਿਹਾ ਕਿ ਉਹ ਸਾਰੀ ਉਮਰ ਰਿਪਬਲਿਕਨ ਰਹੇ। ਉਸਨੇ (ਬਾਕੀ ਸਫ਼ਾ 30 'ਤੇ)

### ਕੀ ਕਹਿੰਦਾ ਹੈ ਅਮਰੀਕੀ ਕਾਨੂੰਨ

ਟਰੰਪ ਨੂੰ ਉਮੀਦਵਾਰੀ ਦੀ ਦੌੜ ਵਿੱਚ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ। ਕਈ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਦੇ ਅਸਾਧਾਰਨ ਹਾਲਾਤਾਂ ਦੇ ਬਾਵਜੂਦ ਟਰੰਪ ਨੂੰ ਆਪਣੀ ਰਾਸ਼ਟਰਪਤੀ ਮੁਹਿੰਮ ਵਿੱਚ ਅੱਗੇ ਵਧਣ ਤੋਂ ਕੋਈ ਵੀ ਨਹੀਂ ਰੋਕ ਸਕਦਾ। ਇੰਨਾ ਹੀ ਨਹੀਂ ਜੇਕਰ ਉਹ ਜੇਲ੍ਹ ਵੀ ਜਾਂਦਾ ਹੈ ਤਾਂ ਵੀ ਉਹ ਰਾਸ਼ਟਰਪਤੀ ਬਣ ਸਕਦਾ ਹੈ।ਐਰੀਜ਼ੋਨਾ ਸਟੇਟ ਯੂਨੀਵਰਸਿਟੀ ਦੀ ਕਾਨੂੰਨੀ ਵਿਦਵਾਨ, ਸਟੈਫਨੀ ਲਿੰਡਕਵਿਸਟ ਲਿਖਦੀ ਹੈ, 'ਅਮਰੀਕਾ ਦੇ ਸੰਵਿਧਾਨ ਦਾ ਆਰਟੀਕਲ 2 ਰਾਸ਼ਟਰਪਤੀ ਦੇ ਅਹੁਦੇ ਲਈ ਬਹੁਤ ਸਪੱਸ਼ਟ ਯੋਗਤਾਵਾਂ ਨਿਰਧਾਰਤ ਕਰਦਾ ਹੈ, ਰਾਸ਼ਟਰਪਤੀ ਦੀ ਉਮਰ 35 ਸਾਲ ਹੋਣੀ ਚਾਹੀਦੀ ਹੈ, 14 ਸਾਲਾਂ ਤੋਂ ਅਮਰੀਕਾ ਦਾ ਨਿਵਾਸੀ ਹੋਵੇ ਅਤੇ ਕੁਦਰਤੀ ਤੌਰ 'ਤੇ ਪੈਦਾ ਹੋਇਆ ਅਮਰੀਕੀ ਨਾਗਰਿਕ ਹੋਵੇ। ਲਿੰਡਕਵਿਸਟ ਨੇ ਕਿਹਾ ਕਿ ਸੰਵਿਧਾਨ ਦੇ ਤਹਿਤ ਰਾਸ਼ਟਰਪਤੀ ਨੂੰ ਦੋਸ਼, ਸਜ਼ਾ ਜਾਂ ਕੈਦ ਤੋਂ ਮੁਕਤ ਹੋਣ ਦੀ ਲੋੜ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਜਾਂ ਜੇਲ੍ਹ ਵਿੱਚ ਬੰਦ ਵਿਅਕਤੀ ਵੀ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲੜ ਸਕਦਾ ਹੈ ਅਤੇ ਰਾਸ਼ਟਰਪਤੀ ਵੀ ਬਣ ਸਕਦਾ ਹੈ।

# ਅਮਰੀਕਾ ਵੱਲੋਂ ਤੀਸਰੇ ਵਿਸ਼ਵ ਯੁੱਧ ਦੀਆਂ ਤਿਆਰੀਆਂ

## 6 ਏਅਰਕ੍ਰਾਫ਼ਟ ਕੈਰੀਅਰ, 7 ਬੇੜੇ, 2500 ਫ਼ੌਜੀ, ਪੂਰੀ ਦੁਨੀਆਂ 'ਚ ਇੱਕੋ ਸਮੇਂ ਕਰੇਗਾ ਅਮਰੀਕਾ ਰਿਹਰਸਲ

ਵਾਸ਼ਿੰਗਟਨ/ਏ.ਟੀ.ਨਿਊਜ਼: ਚੀਨ ਤੇ ਰੂਸ ਦੀਆਂ ਜੰਗੀ ਮੁਹਿੰਮਾਂ ਨੂੰ ਦੇਖਦਿਆਂ ਅਮਰੀਕੀ ਜਲ ਸੈਨਾ ਨੇ ਇੱਕੋ ਸਮੇਂ ਪੂਰੀ ਦੁਨੀਆਂ ਵਿੱਚ ਯੁੱਧ ਅਭਿਆਸ ਦਾ ਐਲਾਨ ਕੀਤਾ ਹੈ। ਇਸ ਨੂੰ ਤੀਜੇ ਵਿਸ਼ਵ ਯੁੱਧ ਦੀ ਰਿਹਰਸਲ ਵਜੋਂ ਦੇਖਿਆ ਜਾ ਰਿਹਾ ਹੈ। ਅਮਰੀਕੀ ਜਲ ਸੈਨਾ ਅਤੇ ਮਰੀਨ ਕੋਰ ਦੇ 25,000 ਜਵਾਨ ਵੀ ਇਸ ਅਭਿਆਸ ਵਿੱਚ ਹਿੱਸਾ ਲੈਣਗੇ। ਇਹ ਅਭਿਆਸ 9 ਤੋਂ 18 ਅਗਸਤ ਤੱਕ ਕੀਤਾ ਜਾਵੇਗਾ। ਇਸ ਨੂੰ ਲਾਰਜ ਸਕੇਲ ਐਕਸਰਸਾਈਜ਼ 2023 ਦਾ ਨਾਮ ਦਿੱਤਾ ਗਿਆ ਹੈ। ਇਸ ਅਭਿਆਸ ਵਿੱਚ ਅਮਰੀਕੀ ਜਲ ਸੈਨਾ ਦੇ ਛੇ ਕੈਰੀਅਰ ਬੈਟਲ ਗਰੁੱਪ ਅਤੇ ਸੱਤ ਫਲੀਟ ਹਿੱਸਾ ਲੈਣਗੇ। ਇਹ ਯੁੱਧ ਅਭਿਆਸ ਇੰਨਾ ਵੱਡਾ ਹੈ ਕਿ ਇਹ 22 ਟਾਈਮ ਜ਼ੋਨਾਂ ਵਿੱਚ ਇੱਕੋ ਸਮੇਂ ਆਯੋਜਿਤ ਕੀਤਾ ਜਾਵੇਗਾ। ਇਨ੍ਹਾਂ 10 ਦਿਨਾਂ ਦੌਰਾਨ ਦੁਨੀਆਂ ਦਾ ਕੋਈ ਵੀ ਅਜਿਹਾ ਸਮੁੰਦਰ ਨਹੀਂ ਹੋਵੇਗਾ ਜਿੱਥੇ ਅਮਰੀਕੀ ਜਲ ਸੈਨਾ ਅਭਿਆਸ ਨਾ ਕਰ ਰਹੀ ਹੋਵੇਗੀ।

**ਸੱਤ ਬੇੜੇ, ਛੇ ਜੰਗੀ ਬੇੜੇ ਹੋਣਗੇ ਸ਼ਾਮਲ**

ਯੂਐਸ ਫਲੀਟ ਫੋਰਸਿਜ਼ ਕਮਾਂਡ ਦੇ ਕਮਾਂਡਰ ਐਡਮਿਰਲ ਡੇਰਿਲ ਕੌਡਲ ਅਤੇ ਮਰੀਨ ਫੋਰਸਿਜ਼ ਕਮਾਂਡ ਦੇ ਕਮਾਂਡਰ ਲੈਫਟੀਨੈਂਟ ਜਨਰਲ ਬ੍ਰਾਇਨ ਕੈਵਨੌਗ ਨੇ ਯੂਐਸ ਫਲੀਟ ਫੋਰਸਿਜ਼ ਕਮਾਂਡ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਆਗਾਮੀ ਵੱਡੇ ਪੈਮਾਨੇ ਦੇ ਅਭਿਆਸ 2023 ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਅਭਿਆਸ ਵਿੱਚ ਛੇ ਮੈਰੀਟਾਈਮ ਕੰਪੋਨੈਂਟ ਕਮਾਂਡਾਂ, ਸੱਤ ਫਲੀਟਾਂ ਅਤੇ 22 ਟਾਈਮ ਜ਼ੋਨਾਂ ਵਿੱਚ ਯੂਐਸ ਨੇਵੀ ਅਤੇ ਮਰੀਨ ਕੋਰ ਦੀ ਟੀਮ ਨੂੰ ਇਕੱਠਾ ਕਰਕੇ ਸੰਯੁਕਤ ਫਾਇਰ ਪਾਵਰ ਵਿੱਚ ਵਾਧਾ ਕਰਨਾ ਹੈ।



**22 ਟਾਈਮ ਜ਼ੋਨਾਂ ਵਿੱਚ ਇੱਕੋ ਸਮੇਂ ਦੇ ਅਭਿਆਸ ਹੋਣਗੇ**

ਕੌਡਲੇ ਨੇ ਕਿਹਾ ਕਿ 22 ਟਾਈਮ ਜ਼ੋਨਾਂ ਵਿੱਚ ਸਾਡੇ ਓਪਰੇਸ਼ਨਾਂ ਨੂੰ ਕਮਾਂਡ ਅਤੇ ਨਿਯੰਤਰਣ ਕਰਨ ਦੀ ਸਮਰੱਥਾ ਹੀ ਸਾਨੂੰ ਇੱਕ ਗਲੋਬਲ ਵਾਤਾਵਰਣ ਵਿੱਚ ਸਾਡੇ ਪ੍ਰਤੀਯੋਗੀਆਂ ਦੇ ਵਿਰੁੱਧ ਲੜਾਈ ਵਿਚ ਜਿੱਤ ਦਿਵਾਏਗੀ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਜੁਝਾਰੂ ਸ਼ਕਤੀ ਨੂੰ ਕਾਇਮ ਰੱਖਣ ਲਈ ਉੱਚ ਪੱਧਰੀ ਆਧੁਨਿਕ ਯੁੱਧ ਨੀਤੀ ਤੇ ਢੰਗ ਵਿਸ਼ਵ ਪੱਧਰ 'ਤੇ ਲਾਗੂ ਕਰਨੇ ਹੋਣਗੇ।

**ਵਰਚੁਅਲੀ ਢੰਗ ਨਾਲ ਤਿਆਰ ਕੀਤੇ ਜਾਣਗੇ ਦੁਸ਼ਮਣ**

ਇਸ ਅਭਿਆਸ ਦੌਰਾਨ, ਅਸਲ ਸਮੁੰਦਰੀ ਕਾਰਵਾਈ ਦਾ ਮਾਹੌਲ ਬਣਾਉਣ ਲਈ ਵਰਚੁਅਲਤਾ ਦੀ ਵਰਤੋਂ ਵੀ ਕੀਤੀ ਜਾਵੇਗੀ। ਇਸ ਅਭਿਆਸ ਦੀ ਨਿਗਰਾਨੀ ਜਲ ਸੈਨਾ ਸੰਚਾਲਨ ਦੇ ਮੁਖੀ ਦੇ ਦਫ਼ਤਰ ਤੋਂ ਸਿੱਧੇ ਤੌਰ 'ਤੇ ਕੀਤੀ ਜਾਵੇਗੀ।

# ਕੈਲੀਫ਼ੋਰਨੀਆ ਦੇ ਹਵਾਈ ਅੱਡੇ 'ਤੇ ਛੋਟਾ ਜਹਾਜ਼ ਉਡਾਣ ਭਰਨ ਸਮੇਂ ਹੋਇਆ ਤਬਾਹ, 3 ਦੀ ਮੌਤ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਕੈਲੀਫੋਰਨੀਆ ਦੇ ਇੱਕ ਹਵਾਈ ਅੱਡੇ 'ਤੇ ਉਡਾਣ ਭਰਨ ਸਮੇ ਇੱਕ ਛੋਟਾ ਜਹਾਜ਼ ਤਬਾਹ ਹੋਣ ਦੀ ਖਬਰ ਹੈ। ਪਾਇਲਟ ਸਮੇਤ ਜਹਾਜ਼ ਵਿੱਚ ਸਵਾਰ ਸਾਰੇ 3 ਵਿਅਕਤੀ ਮਾਰੇ ਗਏ। ਫੈਡਰਲ ਐਵੀਏਸ਼ਨ ਅਧਿਕਾਰੀਆਂ ਅਨੁਸਾਰ ਇੱਕ ਇੰਜਣ ਵਾਲਾ ਬੀਚਕਰਾਫਟ ਪੀ 35 ਅਪਲੈਂਡ ਸ਼ਹਿਰ ਦੇ ਕੇਬਲ ਏਅਰਪੋਰਟ 'ਤੇ ਸਵੇਰੇ 6.30 ਵਜੇ ਦੇ ਆਸ ਪਾਸ ਉਡਾਣ ਭਰਨ ਦੇ ਤੁਰੰਤ ਬਾਅਦ ਤਬਾਹ ਹੋ ਗਿਆ। ਸੈਨ ਬਰਨਾਰਡਿਨੋ ਕਾਊਂਟੀ ਫਾਇਰ ਵਿਭਾਗ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਹਾਦਸੇ ਦੇ ਕਾਰਨਾਂ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਸੰਘੀ ਹਵਾਬਾਜ਼ੀ ਅਧਿਕਾਰੀਆਂ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ।



# ਅਮਰੀਕਾ ਦੇ ਓਹੀਓ ਰਾਜ 'ਚ ਪਸ਼ੂਆਂ ਦੇ ਰਾਹਤ ਕੇਂਦਰ 'ਤੇ ਛਾਪਾ, 30 ਕੁੱਤੇ ਮਰੇ ਹੋਏ ਮਿਲੇ

## ਮਾਲਕ ਵਿਰੁੱਧ ਪਸ਼ੂਆਂ ਪ੍ਰਤੀ ਜ਼ਾਲਮਾਨਾ ਵਿਵਹਾਰ ਕਰਨ ਦੇ ਦੋਸ਼ ਆਇਦ



ਸੈਕਰਾਮੈਂਟੋ,ਕੈਲੀਫੋਰਨੀਅ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਓਹੀਓ ਰਾਜ ਵਿੱਚ ਪਸ਼ੂਆਂ ਦੇ ਇਕ ਰਾਹਤ ਕੇਂਦਰ ਵਿੱਚ ਪੁਲਿਸ ਅਫਸਰਾਂ ਵੱਲੋਂ ਕੀਤੀ ਕਾਰਵਾਈ ਦੌਰਾਨ ਅੰਦਾਜਨ 30 ਕੁੱਤੇ ਤੇ ਕਤੂਰੇ ਮ੍ਰਿਤਕ ਹਾਲਤ ਵਿੱਚ ਮਿਲਣ ਦੀ ਖਬਰ ਹੈ। ਓਹੀਓ ਐਨੀਮਲ ਰੈਸਕਿਊ ਕੇਂਦਰ 'ਤੇ ਬਟਲਰ ਕਾਊਂਟੀ,ਓਹੀਓ ਦੇ ਪੁਲਿਸ ਅਫਸਰਾਂ ਵੱਲੋਂ ਮਾਰੇ ਛਾਪੇ ਦੌਰਾਨ ਹਾਲਾਤ ਜੋ ਵੇਖਣ ਨੂੰ ਮਿਲੇ ਉਹ ਕਲਪਨਾ ਤੋਂ ਬਾਹਰ ਹਨ। ਪੁਲਿਸ ਅਫਸਰਾਂ ਤੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਕੇਂਦਰ ਵਿਚਲੇ ਹਾਲਾਤ ਬਹੁਤ ਹੀ ਖਤਰਨਾਕ ਹਨ। ਡਿਪਟੀ ਡੌਗ ਵਾਰਡਨ ਅਨੁਸਾਰ ਅੰਦਰਲੇ ਹਾਲਾਤ ਰਹਿਣ ਦੇ ਯੋਗ ਨਹੀਂ ਹਨ। ਬਦਬੂ ਤੇ ਗੰਦਗੀ ਕਾਰਨ ਉਥੇ ਸਾਹ ਲੈਣਾ ਵੀ ਔਖਾ ਹੈ। ਬਟਲਰ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਰਿਲੀਜ ਅਨੁਸਾਰ ਡਿਪਟੀ ਡੌਗ ਵਾਰਡਨ ਨੂੰ ਸਾਹ ਲੈਣ ਲਈ ਕਈ ਵਾਰ ਅੰਦਰੋਂ ਬਾਹਰ ਆਉਣਾ ਪਿਆ। ਐਨੀਮਲ ਰੈਸਕਿਊ ਕੇਂਦਰ ਦਾ ਮਾਲਕ ਆਪਣਾ ਕਾਰੋਬਾਰ ਹੈਲਪਿੰਗ ਹੈਂਡਜ ਫਾਰ ਫੱਰੀ ਪਾਅਜ ਦੇ ਨਾਂ ਹੇਠ ਚਲਾ ਰਿਹਾ ਹੈ ਜਿਸ ਦੀ ਪੁਲਿਸ ਨੇ ਪਛਾਣ ਰੌਂਡਾ ਮਰਫੀ ਵਜੋਂ ਕੀਤੀ ਹੈ।ਉਸ ਵਿਰੁੱਧ ਲਾਪਰਵਾਹੀ ਤੇ ਪਸ਼ੂਆਂ ਪ੍ਰਤੀ ਜਾਲਮਾਨ ਵਿਵਹਾਰ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਬਟਲਰ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਕੇਂਦਰ ਵਿਚ 90 ਤੋਂ ਵਧ ਕੁੱਤੇ ਤੇ ਕਤੂਰੇ ਸਨ ਜਿਨਾਂ ਨੂੰ ਉਥੋਂ ਹਟਾਇਆ ਗਿਆ। ਸ਼ੈਰਿਫ ਦਫਤਰ ਅਨੁਸਾਰ ਕੁੱਤਿਆਂ ਤੇ ਕਤੂਰਿਆਂ ਨੂੰ ਮੈਡੀਸਨ ਟਾਊਨਸ਼ਿੱਪ ਵਿਚ ਵੱਖ ਵੱਖ ਦੋ ਥਾਵਾਂ 'ਤੇ ਰਖਿਆ ਗਿਆ ਸੀ। ਇਕ ਇਮਾਰਤ ਵਿੱਚ ਪਿੰਜਰਿਆਂ ਵਿੱਚ ਬੰਦ 25 ਤੋਂ ਵਧ ਕੁੱਤੇ ਮਿਲੇ ਜਿਥੇ ਤਾਪਮਾਨ 89 ਡਿਗਰੀ ਫਾਰਨਹੀਟ ਸੀ। ਪਿੰਜਰਿਆਂ ਵਿੱਚ ਗੰਦਗੀ ਦੀ ਭਰਮਾਰ ਸੀ। ਪਿੰਜਰਿਆਂ ਵਿੱਚ ਨਾ ਪਾਣੀ ਤੇ ਨਾ ਹੀ ਕੁੱਤਿਆਂ ਲਈ ਕੁਝ ਖਾਣ ਲਈ ਸੀ। ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਇਕ ਪਿੰਜਰੇ ਵਿਚ ਇਕ ਮਾਂ ਤੇ 8 ਨਵਜਾਤ ਕਤੂਰੇ ਮਿਲੇ ਹਨ।

**ਦਰਪਣ ਝੂਠ ਨਹੀਂ ਬੋਲਦਾ**

# ਇਜ਼ਰਾਈਲ ਦੀਆਂ ਜ਼ਾਲਮਾਨਾ ਨੀਤੀਆਂ ਅਪਨਾਉਣ ਲੱਗੇ ਭਾਰਤ ਦੇ ਹਿੰਦੂ ਰਾਸ਼ਟਰਵਾਦੀ

## ਇਸਾਈਆਂ, ਮੁਸਲਮਾਨਾਂ ਬਾਅਦ ਸਿੱਖ ਵੀ ਹੋ ਸਕਦੇ ਨੇ ਭਗਵੇਂ ਸਿਆਸਤਦਾਨਾਂ ਦੇ ਨਿਸ਼ਾਨੇ ’ਤੇ

## ਮਨੀਪੁਰ ਵਾਲਾ ਹਿੰਸਕ ਵਰਤਾਰਾ ਪੰਜਾਬ ਤੇ ਹਰਿਆਣੇ ਵਿੱਚ ਦੁਹਰਾ ਸਕਦੀ ਹੈ ਮੋਦੀ ਸਰਕਾਰ : ਰਾਹੁਲ ਗਾਂਧੀ

ਅਜਿਹੇ ਸਮੇਂ ਜਦੋਂ ਭਾਰਤ ਦੇ ਬਹੁਗਿਣਤੀ ਹਿੰਦੂਆਂ ਦਾ ਇੱਕ ਵੱਡਾ ਵਰਗ ਦੇਸ਼ ਵਿੱਚ ਵੱਖ-ਵੱਖ ਘੱਟ ਗਿਣਤੀ ਭਾਈਚਾਰਿਆਂ ਨਾਲ ਹੋ ਰਹੀ ਬੇਇਨਸਾਫ਼ੀ, ਹਿੰਸਾ ਅਤੇ ਜ਼ੁਲਮ ਦਾ ਸਮਰਥਨ ਕਰ ਰਿਹਾ ਹੈ। ਇਸ ਦੀ ਤਾਜ਼ਾ ਅਤੇ ਸਭ ਤੋਂ ਦੁਖਦਾਈ ਉਦਾਹਰਣ ਮਨੀਪੁਰ ਹੈ। ਹੁਣੇ ਜਿਹੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਭਾਜਪਾ ਤੇ ਆਰਐੱਸਐੱਸ ਸਿਰਫ਼ ਸੱਤਾ ਹੀ ਚਾਹੁੰਦੇ ਹਨ ਤੇ ਦੇਸ਼ ਵਿੱਚ ਵੰਡੀਆਂ ਪਾਉਣ ਦਾ ਕੰਮ ਕਰ ਰਹੇ ਹਨ। ਦੋਵੇਂ ਧਿਰਾਂ ਨੂੰ ਲੋਕਾਂ ਦੇ ਦੁੱਖ ਤੇ ਤਕਲੀਫ਼ਾਂ ਦੀ ਪ੍ਰਵਾਹ ਨਹੀਂ ਹੈ। ਉਨ੍ਹਾਂ ਨੇ ਯੂਥ ਕਾਂਗਰਸ ਸਮਾਗਮ ਨੂੰ ਵਰਚੁਅਲੀ ਸੰਬੋਧਨ ਕਰਦਿਆਂ ਕਿਹਾ ਸੀ ਕਿ ਭਾਜਪਾ-ਆਰਐੱਸਐੱਸ ਸਿਰਫ਼ ਸੱਤਾ ਚਾਹੁੰਦੇ ਹਨ ਤੇ ਸੱਤਾ ਵਿੱਚ ਆਉਣ ਲਈ ਕੁਝ ਵੀ ਕਰ ਸਕਦੇ ਹਨ। ਸੱਤਾ ਲਈ ਉਹ ਮਨੀਪੁਰ ਅਤੇ ਪੂਰੇ ਦੇਸ਼ ਨੂੰ ਸਾੜ ਸਕਦੇ ਹਨ।” ਉਨ੍ਹਾਂ ਕਿਹਾ ਭਾਵੇਂ ਹਰਿਆਣਾ, ਪੰਜਾਬ ਜਾਂ ਉੱਤਰ ਪ੍ਰਦੇਸ਼ ਹੋਵੇ, ਉਹ (ਭਾਜਪਾ-ਆਰਐੱਸਐੱਸ) ਸੱਤਾ ਦੀ ਚਾਹਤ ਵਿੱਚ ਪੂਰੇ ਦੇਸ਼ ਨੂੰ ਵੇਚ ਸਕਦੇ ਹਨ।



ਭਾਜਪਾ ਨੇ ਰਾਹੁਲ ਗਾਂਧੀ ਵੱਲੋਂ ਲਾਏ ਗਏ ਦੋਸ਼ਾਂ ’ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਸੀ ਕਿ ਕਾਂਗਰਸੀ ਆਗੂ ਵੱਲੋਂ ਭਾਜਪਾ-ਆਰਐੱਸਐੱਸ ਨੂੰ ਬਦਨਾਮ ਕਰਨ ਦੀਆਂ ਚਾਲਾਂ ਕਦੇ ਵੀ ਸਫਲ ਨਹੀਂ ਹੋਣਗੀਆਂ ਕਿਉਂਕਿ ਲੋਕ ਸੱਚਾਈ ਜਾਣਦੇ ਹਨ ਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਮੋਦੀ ਮੁੜ ਬਹੁਮਤ ਹਾਸਲ ਕਰਨਗੇ।

ਰਾਹੁਲ ਗਾਂਧੀ ਦੇ ਵਿਚਾਰ ਤੋਂ ਸਪਸ਼ਟ ਹੈ ਕਿ ਮਨੀਪੁਰ ਵਾਲਾ ਹਿਟਲਰੀ ਪੈਮਾਨਾ ਪੰਜਾਬ ਤੇ ਸਿੱਖਾਂ ਨਾਲ ਦੁਹਰਾਇਆ ਜਾ ਸਕਦਾ ਹੈ। ਇਸਾਈਆਂ, ਮੁਸਲਮਾਨਾਂ ਉਪਰ ਹਿੰਦੂਤਵੀ ਸਿਆਸੀ ਤੇ ਹਿੰਸਕ ਹਮਲਿਆਂ ਬਾਅਦ ਸਿੱਖ ਵੀ ਨਿਸ਼ਾਨੇ ਉਪਰ ਹਨ। ਇਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਹ ਸੱਚ ਹੈ ਕਿ ਭਾਰਤ ਦਾ ਬਹੁਗਿਣਤੀ ਵਰਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਦੇ ਵਾਅਦਿਆਂ ਵਿੱਚ ਡੁੱਬ ਕੇ ਉਸ ਦੀ ਬੇਇਨਸਾਫ਼ੀ ’ਤੇ ਚੁੱਪ ਧਾਰੀ ਬੈਠਾ ਹੈ ਜਾਂ ਉਸ ਦੇ ਹਰ ਵਿਚਾਰ ਉਪਰ ਤਾੜੀਆਂ ਮਾਰ ਰਿਹਾ ਹੈ। ਠੀਕ ਉਸੇ ਸਮੇਂ ਹਿੰਦੂ ਰਾਸ਼ਟਰਵਾਦੀਆਂ ਦੇ ਸਭ ਤੋਂ ਪਿਆਰੇ ਅਤੇ ਉੱਚੇ-ਸੁੱਚੇ ਆਦਰਸ਼ ਇਜ਼ਰਾਈਲ ਵਿੱਚ ਕੁਝ ਅਜਿਹਾ ਵਾਪਰ ਰਿਹਾ ਹੈ, ਜੋ ਹਿੰਦੂ ਰਾਸ਼ਟਰਵਾਦੀਆਂ ਦੇ ਲਈ ਆਪਣੇ ਭਵਿੱਖ ਨੂੰ ਇੱਕ ਜਾਦੂਈ ਸ਼ੀਸ਼ੇ ਵਿੱਚ ਦੇਖਣ ਵਾਂਗ ਹੈ।

ਵਿਸ਼ੇਸ਼ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਕੇ ਖੜੀ ਕੀਤੀ ਗਈ ਬਹੁਗਿਣਤੀਵਾਦੀ ਮੁਹਿੰਮ ਦੇ ਨਤੀਜੇ ਕੀ ਹੁੰਦੇ ਹਨ, ਇਸ ਬਾਰੇ ਇਜ਼ਰਾਈਲ ਨਾਲੋਂ ਖਤਰਨਾਕ ਉਦਾਹਰਨ ਵਿਸ਼ਵ ਵਿੱਚ ਹੋਰ ਕੀ ਹੋ ਸਕਦੀ ਹੈ। ਮੁਸਲਿਮ ਘੱਟ ਗਿਣਤੀਆਂ ਨਾਲ ਨਫ਼ਰਤ, ਸਬਕ ਸਿਖਾਉਣ ਦੀ ਇਜ਼ਰਾਈਲ ਨੀਤੀ ਭਾਰਤੀ ਹਿੰਦੂ ਫਾਸ਼ੀਵਾਦੀਆਂ ਲਈ ਮੌਜੂਦਾ ਆਦਰਸ਼ਕ ਰੋਲ ਮਾਡਲ ਬਣੀ ਹੋਈ ਹੈ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਜਰਮਨ ਨਾਜ਼ੀਆਂ, ਜਿਨ੍ਹਾਂ ਨੇ ਇਨ੍ਹਾਂ ਯਹੂਦੀਆਂ ’ਤੇ ਵਹਿਸ਼ੀ ਅੱਤਿਆਚਾਰ ਕੀਤੇ, ਨਸਲਕੁਸ਼ੀ ਕੀਤੀ ਸੀ, ਉਹ ਵੀ ਹਿੰਦੂ ਰਾਸ਼ਟਰਵਾਦੀਆਂ ਦੇ ਅਸਲ ਆਦਰਸ਼ ਅਤੇ ਸਤਿਕਾਰਤ ਰਹਿਨੁਮਾ ਰਹੇ ਹਨ! ਆਰ ਐਸ ਐਸ ਦੇ ਸਰਸੰਘਚਾਲਕ ਗੁਰੂ ਗੋਲਵਰਕਰ ਦੀ ਪੁਸਤਕ ਬੰਚ ਆਫ ਥਾਟ ਵਿਚੋਂ ਅਜਿਹੇ ਪ੍ਰਮਾਣ ਮੌਜੂਦ ਹਨ ਜਿਸ ਵਿੱਚ ਹਿੰਦੂਤਵ ਤੇ ਹਿੰਦੂ ਰਾਸ਼ਟਰਵਾਦ ਦਾ ਆਦਰਸ਼ ਹਿਟਲਰ ਤੇ ਹਿਟਲਰ ਵੇਲੇ ਦਾ ਜਰਮਨੀ ਹੈ। ਕੁਛ ਸਮਾਂ ਪਹਿਲਾਂ ਇਜ਼ਰਾਈਲ ਵਿੱਚ ਬੈਂਜਾਮਿਨ ਨੇਤਨਯਾਹੂ ਦੀ (ਬਾਕੀ ਸਫ਼ਾ 30 ’ਤੇ)

# ਭਾਜਪਾ ਹਕੂਮਤ ਵਾਲੇ ਰਾਜਾਂ ਵਿੱਚ ਔਰਤਾਂ ਉੱਪਰ ਸਭ ਤੋਂ ਵੱਧ ਹੋ ਰਹੇ ਨੇ ਅਪਰਾਧ

## 2017 ਤੋਂ 2021 ਤੱਕ ਭਾਰਤ ਦੇ 18 ਰਾਜਾਂ ਵਿੱਚ ਔਰਤਾਂ ਨਾਲ ਬਲਾਤਕਾਰ ਤੇ ਕਤਲਾਂ ਦੇ 1278 ਮਾਮਲੇ ਦਰਜ ਹੋਏ

ਪ੍ਰਧਾਨ ਮੰਤਰੀ ਨੇ ਮਨੀਪੁਰ ਵਿੱਚ ਔਰਤਾਂ ਨੂੰ ਨਿਰਵਸਤਰ ਘੁਮਾਉਣ, ਬਲਾਤਕਾਰ ਕਰਨ ਤੇ ਕਤਲ ਤੱਕ ਕਰ ਦੇਣ ਦੀ ਘਟਨਾ ਦੀ ਵੀਡੀਓ ਵਾਇਰਲ ਹੋਣ ’ਤੇ ਸੂਬੇ ਵਿੱਚ ਤਿੰਨ ਮਈ ਤੋਂ ਚਲ ਰਹੀ ਹਿੰਸਾ ਬਾਰੇ ਪਿਛਲੇ ਦਿਨੀਂ ਪਹਿਲੀ ਵਾਰ ਖ਼ਾਮੋਸ਼ੀ ਤੋੜਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਨੀਪੁਰ ਦੀ ਘਟਨਾ ’ਤੇ ਦੁੱਖ ਪ੍ਰਗਟਾਉਣ ਦੇ ਨਾਲ-ਨਾਲ ਕਾਂਗਰਸ ਹਕੂਮਤਾਂ ਵਾਲੇ ਰਾਜਸਥਾਨ ਤੇ ਛੱਤੀਸਗੜ੍ਹ ਵਿੱਚ ਔਰਤਾਂ ’ਤੇ ਹਿੰਸਾ ਦਾ ਜ਼ਿਕਰ ਉਘਾੜ ਕੇ ਕੀਤਾ ਸੀ। ਭਾਜਪਾ ਦੀ ਹਕੂਮਤ ਵਾਲੀਆਂ ਸਰਕਾਰਾਂ ਵਿੱਚ ਔਰਤਾਂ ਦੀ ਦਸ਼ਾ ਬਾਰੇ ਕੁਝ ਨਹੀਂ ਸੀ ਕਿਹਾ। ਭਾਜਪਾਈਆਂ ਦੀ ਖਾਸੀਅਤ ਹੈ ਕਿ ਆਪਣੀ ਗਲਤੀ ਮੰਨਣ ਦੀ ਥਾਂ ਦੂਜੇ ਨੂੰ ਗਲਤ ਸਾਬਤ ਕਰਨ ਲਈ ਟਿੱਲ ਲਾ ਦਿੰਦੇ ਹਨ। ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਭਾਜਪਾ ਆਗੂਆਂ ਨੇ ਵੀ ਹੁਸ਼ਿਆਰੀ ਫੜਦਿਆਂ ਰਾਜਸਥਾਨ ਤੇ ਛੱਤੀਸਗੜ੍ਹ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸੰਸਦ ਵਿੱਚ ਮਨੀਪੁਰ ਹਿੰਸਾ ’ਤੇ ਬਹਿਸ ਦੇ ਨਾਲ-ਨਾਲ ਰਾਜਸਥਾਨ ਤੇ ਛੱਤੀਸਗੜ੍ਹ ਦੀ ਸਥਿਤੀ ’ਤੇ ਬਹਿਸ ਨੂੰ ਵੀ ਨੱਥੀ ਕਰਨ ਦੀ ਮੰਗ ਕਰਨ ਲੱਗ ਪਏ। ਇਸੇ ਦਰਮਿਆਨ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਇਸ ਸਵਾਲ ਕਿ ਕੀ ਦੇਸ਼ ਵਿੱਚ ਔਰਤਾਂ ਨਾਲ ਬਲਾਤਕਾਰ ਤੇ ਉਨ੍ਹਾਂ ਦੇ ਕਤਲਾਂ ਦੇ ਮਾਮਲੇ ਵਧੇ ਹਨ, ਦਾ ਜਵਾਬ ਦਿੰਦਿਆਂ ਲੋਕ ਸਭਾ ਵਿੱਚ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਪ੍ਰਧਾਨ ਮੰਤਰੀ ਤੇ ਹੋਰਨਾਂ ਭਾਜਪਾ ਆਗੂਆਂ ਨੂੰ ਮੂੰਹ ਚਿੜਾਉਣ ਵਾਲੇ ਹਨ। ਮਿਸ਼ਰਾ ਮੁਤਾਬਕ 2017 ਤੋਂ 2021 ਤੱਕ ਦੇਸ਼ ਦੇ 18 ਰਾਜਾਂ ਵਿੱਚ ਔਰਤਾਂ ਨਾਲ ਬਲਾਤਕਾਰ ਤੇ ਕਤਲਾਂ ਦੇ 1278 ਮਾਮਲੇ ਦਰਜ ਕੀਤੇ ਗਏ। 218 ਮਾਮਲਿਆਂ ਨਾਲ ਯੂ ਪੀ ਟਾਪ ’ਤੇ ਸੀ। ਉਸ ਤੋਂ ਬਾਅਦ ਆਸਾਮ (191), ਮੱਧ ਪ੍ਰਦੇਸ਼ (166) ਤੇ ਮਹਾਰਾਸ਼ਟਰ (133) ਸਨ। ਪਹਿਲੇ ਤਿੰਨ ਰਾਜਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ ਤੇ ਚੌਥੇ ਵਿੱਚ ਭਾਜਪਾ ਦੇ ਗੱਠਜੋੜ ਵਾਲੀ। ਕਾਂਗਰਸ ਦੀਆਂ ਹਕੂਮਤਾਂ ਵਾਲੇ ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕ੍ਰਮਵਾਰ 39 ਤੇ 32 ਮਾਮਲੇ ਦਰਜ ਹੋਏ ਸਨ ਜਦਕਿ ਤ੍ਰਿਣਮੂਲ ਕਾਂਗਰਸ ਦੀ ਹਕੂਮਤ ਵਾਲੇ ਪੱਛਮੀ ਬੰਗਾਲ ਵਿਚ 30 ਮਾਮਲੇ। ਅਜੈ ਕੁਮਾਰ ਮਿਸ਼ਰਾ ਵੱਲੋਂ 2017 ਤੋਂ 2021 ਤੱਕ ਔਰਤਾਂ ਵਿਰੁੱਧ ਜੁਰਮਾਂ ਬਾਰੇ ਪੇਸ਼ ਅੰਕੜੇ ਦੱਸਦੇ ਹਨ ਕਿ ਉਨ੍ਹਾਂ ਦੀ ਸਭ ਤੋਂ ਮਾੜੀ ਹਾਲਤ ਭਾਜਪਾ ਦੀਆਂ ਹਕੂਮਤਾਂ ਵਾਲੇ ਰਾਜਾਂ ਵਿੱਚ ਹੈ। 2017 ਵਿੱਚ ਯੂ ਪੀ ਵਿੱਚ ਔਰਤਾਂ ਵਿਰੁੱਧ ਹਿੰਸਾ ਦੇ 56011 ਮਾਮਲੇ ਦਰਜ ਹੋਏ। ਉਸ ਤੋਂ ਬਾਅਦ ਮਹਾਰਾਸ਼ਟਰ (31979), ਬੰਗਾਲ (30992), ਮੱਧ ਪ੍ਰਦੇਸ਼ (29788), ਰਾਜਸਥਾਨ (25993) ਅਤੇ ਆਸਾਮ (23082) ਦਾ ਨੰਬਰ ਸੀ। ਛੱਤੀਸਗੜ੍ਹ ਵਿੱਚ 7996 ਮਾਮਲੇ ਦਰਜ ਹੋਏ ਸਨ। 2018 ਵਿੱਚ (ਬਾਕੀ ਸਫ਼ਾ 30 ’ਤੇ)




# ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਦਾ ਭਵਿੱਖ ਮੋਦੀ ਸੱਤਾ ਆਧਾਰਿਤ ?

ਮੋਦੀ-ਸ਼ਾਹ ਜੋੜੀ ਅਤੇ ਕੇਂਦਰੀ ਏਜੰਸੀਆਂ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਸਿੱਖਾਂ ਦਾ ਆਗੂ ਬਣਾਉਣ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਹੈ। ਇਹ ਮਿਥ ਕੇ ਉਹਨਾਂ ਨੇ ਆਪਣੀ ਨਵੀਂ ਖੇਡ ਖੇਡਣੀ ਸ਼ੁਰੂ ਕੀਤੀ ਹੈ। ਚੰਡੀਗੜ੍ਹ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਛੱਡ ਕੇ ਬਾਕੀ ਅਕਾਲੀ ਦਲਾਂ ਤੇ ਹੋਰਨਾਂ ‘ਪੰਥਕ’ ਆਗੂਆਂ ਨੂੰ ਇਕੱਠਾ ਕਰਨ ਦੇ ਯਤਨ ਇਸੇ ਖੇਡ ਦਾ ਇਕ ਹਿੱਸਾ ਹਨ। ਦਿਲੀ ਵਿੱਚ ਹੋਈ ਐਨ. ਡੀ. ਏ. ਦੀ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਅਣਗੌਲਿਆ ਕਰ ਕੇ ਸੁਖਦੇਵ ਸਿੰਘ ਢੀਂਡਸਾ ਨੂੰ ਦਿੱਤੇ ਸੱਦੇ ਨੇ ਹੀ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਹੁਣ ਢੀਂਡਸਾ ਦੇ ਦਲ ਨੂੰ ਹੀ ਪੰਜਾਬ ਅੰਦਰ ਅਸਲੀ ਅਕਾਲੀ ਦਲ ਵਜੋਂ ਪੇਸ਼ ਕੀਤਾ ਜਾਏਗਾ।



ਖ਼ਬਰਾਂ ਅਨੁਸਾਰ ਅਮਿਤ ਸ਼ਾਹ ਨੇ ਸੁਖਬੀਰ ਸਿੰਘ ਬਾਦਲ ਤੇ ਬੀਬੀ ਹਰਸਿਮਰਨ ਕੌਰ ਨੂੰ ਇਕੱਠਿਆਂ ਬੁਲਾ ਕੇ ਇਹ ਕਹਿ ਦਿੱਤਾ ਹੈ ਕਿ ਹੁਣ ਉਹਨਾਂ ਦਾ ਦਲ ਪੰਜਾਬ ਅੰਦਰ ਭਾਜਪਾ ਦੇ ਉਮੀਦਵਾਰਾਂ ਨੂੰ ਲੋੜੀਦੀਆਂ ਜੇਤੂ ਵੋਟਾਂ ਲੈ ਕੇ ਨਹੀਂ ਦੇ ਸਕਦਾ, ਇਸ ਲਈ ਉਹ ਕੇਂਦਰ ਸਰਕਾਰ ਵਿੱਚ ਇਕ ਵਜ਼ੀਰੀ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਸੁਖਦੇਵ ਸਿੰਘ ਢੀਂਡਸਾ ਨੂੰ ਸੌਂਪ ਦੇਣ। ਕਿਹਾ ਜਾਂਦਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਅਮਿਤ ਸ਼ਾਹ ਦੀ ਇਹ ਪੇਸ਼ਕਸ਼ ਠੁਕਰਾ ਦਿੱਤੀ ਹੈ। ਪੰਜਾਬ ਅੰਦਰ ਸਿੱਖ ਮਨਾਂ ਵਿੱਚ ਇਹ ਇਕ ਧਾਰਨਾ ਬਣੀ ਹੋਈ ਹੈ ਕਿ ਜਿਸ ਦਲ ਕੋਲ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹੁੰਦੀ ਹੈ, ਸਿਰਫ਼ ਉਹ ਹੀ ਅਸਲੀ ਅਕਾਲੀ ਦਲ ਹੁੰਦਾ ਹੈ। ਇਸ ਲਈ ਹੁਣ ਨਵੰਬਰ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀਆਂ ਹੋਣ ਵਾਲੀਆ ਚੋਣਾਂ ਵਿੱਚ ਇਸ ਦੀ ਪ੍ਰਧਾਨਗੀ ਬਾਦਲਕਿਆਂ ਕੋਲੋਂ ਖੋਹ ਕੇ ਸੁਖਦੇਵ ਸਿੰਘ ਢੀਂਡਸਾ ਦੇ ਦਲ ਨੂੰ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਗੱਲ ਦਾ ਇਜ਼ਹਾਰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਕੀਤਾ ਹੈ।

ਹੁਣ ਤੋਂ ਹੀ ਬੜੇ ਜੋਰ ਸ਼ੋਰ ਨਾਲ ਇਸ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਸਰਕਾਰ ਪੱਖੀ ਟੀ ਵੀ ਚੈਨਲਾਂ ਉੱਤੇ ਸ਼੍ਰੋਮਣੀ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਬੜੇ ਜੋਰ ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ। ਏਜੰਸੀਆਂ ਵੱਲੋਂ ਦਿੱਤੇ ਅੰਕੜਿਆਂ ਨਾਲ ਇਸ ਭ੍ਰਿਸ਼ਟਾਚਾਰ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਮਸਲਾ ਇਹ ਨਹੀਂ ਕਿ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਨਹੀਂ ਹੈ, ਮਸਲਾ ਇਹ ਹੈ ਕਿ ਇਸ ਨੂੰ ਹੁਣ ਹੀ ਕਿਉਂ ਉਭਾਰਿਆ ਜਾ ਰਿਹਾ ਹੈ। ਇਸ ਦਾ ਕਾਰਨ ਇਕੋ ਹੀ ਹੈ ਕਿ ਕਮੇਟੀ ਉੱਤੇ ਜਬਰੀ ਕਬਜ਼ਾ ਕਰਨ ਤੋਂ ਪਹਿਲਾਂ ਇਸ ਵਾਸਤੇ ਸਿੱਖ ਰਾਏ ਤਿਆਰ ਕੀਤੀ ਜਾ ਸਕੇ।

ਪਿਛਲੇ ਨਵੰਬਰ ਵਿੱਚ ਵੀ ਇਹ ਯਤਨ ਆਰੰਭ ਕੀਤੇ ਗਏ ਸਨ ਪਰ ਸ. ਸਿਮਰਨਜੀਤ ਸਿੰਘ ਮਾਨ ਦੇ ਸੰਗਰੂਰ ਹਲਕੇ ਤੋਂ ਪਾਰਲੀਮਾਨੀ ਚੋਣ ਜਿੱਤ ਜਾਣ ਕਾਰਨ ਇਹ ਯਤਨ ਵਿੱਚੇ ਛੱਡ ਦਿੱਤੇ ਗਏ ਸਨ। ਸੁਹਿਰਦ ਸਿੱਖ ਮਨਾਂ ਵਿੱਚ ਸੁਆਲ ਪੈਦਾ ਹੋ ਸਕਦਾ ਹੈ ਕਿ ਇਸ ਹਾਲਤ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਨਵੀਂਆਂ ਚੋਣਾਂ ਹੀ ਕਿਉਂ ਨਹੀਂ ਕਰਵਾ ਦਿੱਤੀਆਂ ਜਾਂਦੀਆਂ। ਇਸ ਦਾ ਕਾਰਨ ਕੇਂਦਰੀ ਏਜੰਸੀਆਂ ਦੇ ਮਨ ਦੀ ਇਹ ਸ਼ੰਕਾ ਹੈ ਕਿ ਇਉਂ ਕਰਨ ਨਾਲ ਕਿਤੇ ਗਲਤੀ ਨਾਲ ਵੀ ਸਿੱਖਾਂ ਦੀ ਕੋਈ ਪੰਥਕ ਧਿਰ ਅੱਗੇ ਨਾ ਆ ਜਾਵੇ। ਇਸ ਲਈ ਜਿੰਨਾ ਚਿਰ ਕੇਂਦਰ ਵਿੱਚ ਮੋਦੀ ਸਰਕਾਰ ਹੈ, ਓਨਾ ਚਿਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣ ਦੀ ਕੋਈ ਸੰਭਾਵਨਾ ਨਹੀਂ।

ਭਾਜਪਾ ਦੇ ਸੀਨੀਅਰ ਨੇਤਾ ਸਿੱਖਾਂ ਤੋਂ ਪੁੱਛਦੇ ਹਨ ਕਿ ਕੀ ਕਾਰਨ ਹੈ ਕਿ ਜਿੰਨਾ ਮੋਦੀਕੇ ਸਿੱਖਾਂ ਨੂੰ ਆਪਣੇ ਨੇੜੇ ਲਾਉਣ ਦਾ ਯਤਨ ਕਰਦੇ ਹਨ, ਸਿੱਖ ਓਨਾ ਹੀ ਉਹਨਾਂ ਤੋਂ ਦੂਰ ਹੁੰਦੇ ਜਾਂਦੇ ਹਨ, ਤਾਂ ਸਿੱਖਾਂ ਦਾ ਜੁਆਬ ਬੜਾ ਸਪਸ਼ਟ ਸੀ ਕਿ ਸਿੱਖਾਂ ਨੂੰ ਇਹ ਗੁੜ੍ਹਤੀ ਗੁਰੂ ਸਾਹਿਬ ਨੇ ਦਿੱਤੀ ਹੈ ਕਿ ਉਹ ਮਜ਼ਲੂਮ ਤੇ ਜਾਬਰ ਦਾ ਨਿਖੇੜਾ ਕਰ ਸਕਦੇ ਹਨ। (ਬਾਕੀ ਸਫ਼ਾ 30 ’ਤੇ)

# ਜੰਮੂ-ਕਸ਼ਮੀਰ ਦੇ ਸਿੱਖਾਂ ਨਾਲ ਵਿਤਕਰਾ ਕਿਉਂ ?

## ਜੰਮੂ-ਕਸ਼ਮੀਰ ਵਿਧਾਨ ਸਭਾ ’ਚ 3 ਰਾਖਵੀਆਂ ਸੀਟਾਂ ’ਚੋਂ 2 ਕਸ਼ਮੀਰੀ ਪੰਡਿਤਾਂ ਲਈ ਰਾਖਵੀਆਂ ਪਰ ਸਿੱਖਾਂ ਨਾਲ ਅਨਿਆਂ ਕਿਉਂ ?




ਪਤਾ ਲੱਗਾ ਕਿ ਕੇਂਦਰ ਸਰਕਾਰ ਜੰਮੂ-ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਦੀ ਤਿਆਰੀ ਕਰ ਰਹੀ ਹੈ। ਭਾਵੇਂ ਪਹਿਲਾਂ ਇਹ ਚੋਣਾਂ 5 ਹੋਰ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਨਾਲ ਹੀ ਹੋਣੀਆਂ ਸਨ ਪਰ ਹੁਣ ਇਨ੍ਹਾਂ ਦੇ ਲੋਕ ਸਭਾ ਚੋਣਾਂ ਦੇ ਨਾਲ ਹੋਣ ਦੇ ਆਸਾਰ ਬਣਦੇ ਦਿਖਾਈ ਦੇ ਰਹੇ ਹਨ। ਚੋਣਾਂ ਤੋਂ ਪਹਿਲਾਂ ਧਾਰਾ 370 ਹਟਾਉਣ ਤੋਂ ਬਾਅਦ ਬਣਾਏ ‘ਜੰਮੂ-ਕਸ਼ਮੀਰ ਪੁਨਰਗਠਨ ਐਕਟ 2019’ ਵਿੱਚ ਸੋਧ ਕਰਨ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸੋਧ ਵਿੱਚ ਜੰਮੂ-ਕਸ਼ਮੀਰ ਵਿਧਾਨ ਸਭਾ ਵਿੱਚ 3 ਸੀਟਾਂ ਰਾਖਵੀਆਂ ਕੀਤੇ ਜਾਣ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਨ੍ਹਾਂ 3 ਸੀਟਾਂ ਵਿਚੋਂ 2 ਕਸ਼ਮੀਰੀ ਪੰਡਿਤਾਂ ਲਈ ਰਾਖਵੀਆਂ ਹੋਣਗੀਆਂ ਅਤੇ ਇਕ ਸੀਟ ਕਥਿਤ ਆਜ਼ਾਦ ਕਸ਼ਮੀਰ (ਪਾਕਿ ਕਬਜ਼ੇ ਹੇਠਲੇ ਕਸ਼ਮੀਰ ਵਿਚੋਂ ਉੱਜੜ ਕੇ ਆਏ ਲੋਕਾਂ) ਲਈ ਰਾਖਵੀਂ ਹੋਵੇਗੀ। ਕਸ਼ਮੀਰ ਵਿੱਚ ਉਨ੍ਹਾਂ ਕਸ਼ਮੀਰੀ ਪੰਡਿਤਾਂ ਲਈ ਤਾਂ 2 ਸੀਟਾਂ ਰਾਖਵੀਆਂ ਰੱਖ ਲਈਆਂ ਜਾਣਗੀਆਂ, ਜੋ ਅੱਤਵਾਦੀਆਂ ਦਾ ਮੁਕਾਬਲਾ ਕਰਨ ਦੀ ਬਜਾਏ ਕਸ਼ਮੀਰ ਦੀ ਧਰਤੀ ਨੂੰ ਅਲਵਿਦਾ ਕਹਿ ਆਏ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਸਰਕਾਰੀ ਮਦਦ ਨਾਲ ਅੱਗੇ ਵਧੇ ਅਤੇ ਕਾਮਯਾਬ ਹੋਏ। ਪਰ ਉਨ੍ਹਾਂ ਸਿੱਖਾਂ ਲਈ ਕੋਈ ਸੀਟ ਰਾਖਵੀਂ ਨਹੀਂ ਕੀਤੀ ਜਾ ਰਹੀ, ਜੋ ‘ਰਾਸ਼ਟਰਵਾਦੀ’ ਸੋਚ ’ਤੇ ਪਹਿਰਾ ਦਿੰਦੇ ਹੋਏ ਕਸ਼ਮੀਰ ਵਿੱਚ ਡਟ ਕੇ ਹਾਲਾਤ ਦਾ ਟਾਕਰਾ ਕਰਦੇ ਰਹੇ ਅਤੇ ਸ਼ਹੀਦੀਆਂ ਦਿੰਦੇ ਰਹੇ। ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਵਿਚ ਸਿੱਖ ਵੀ ਸ਼ਾਮਿਲ ਸਨ, ਪਰ ਸਭ ਜਾਣਦੇ ਹਨ ਕਿ ਉੱਜੜੇ ਲੋਕਾਂ (ਬਾਕੀ ਸਫ਼ਾ 30 ’ਤੇ)

# ਅੱਤਵਾਦੀਆਂ ਦੀਆਂ ਕਾਰਵਾਈਆਂ ਦਾ ਢੰਗ ਤਰੀਕਾ

## ਏ.ਆਈ.ਐਸ.ਐਸ.ਐਫ. ਦੇ ਕਾਰਕੁਨ ਵਿਰਸਾ ਸਿੰਘ ਵਲਟੋਹਾ ਵੱਲੋਂ ਦਿਲਚਸਪ ਵੇਰਵੇ

ਧੰਨਵਾਦ ਸਹਿਤ
ਇੰਡੀਆ ਟੂਡੇ
(ਛਪਿਆ 15 ਜੂਨ 1985)

**ਕਿਸ਼ਤ ਤੀਜੀ**

### ਵਿਰਸਾ ਸਿੰਘ ਵਲਟੋਹਾ ਦਾ ਇਕਬਾਲੀਆ ਬਿਆਨ





(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਭਿੰਡਰਾਂਵਾਲੇ ਨੇ ਇਸ ਕੰਮ ’ਤੇ ਆਪਣੀ ਖ਼ੁਸ਼ੀ ਜ਼ਾਹਰ ਕੀਤੀ ਅਤੇ ਟਿੱਪਣੀ ਕੀਤੀ ਕਿ ਉਸਨੇ ਮੇਰੀ ਪਹਿਲੀ ਗਲਤੀ (ਮੇਰੇ ਪਿਆਰੇ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਬੁਲਾਉਣ ਦੀ) ਲਈ ਮੈਨੂੰ ਮੁਆਫ਼ ਕਰ ਦਿੱਤਾ ਸੀ।

ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਹਥਿਆਰਾਂ ਦੀ ਵੰਡ ਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਏ.ਆਈ.ਐਸ.ਐਸ.ਐਫ ਦੇ ਸਾਰੇ ਬੰਦਿਆਂ ਨੇ ਆਪਣੇ ਰਿਵਾਲਵਰ/ਪਿਸਤੌਲ ਰੱਖੇ ਹੋਏ ਸਨ। ਇਹ ਉਨ੍ਹਾਂ ਨੂੰ ਸੰਤ ਭਿੰਡਰਾਂਵਾਲਿਆਂ ਦੁਆਰਾ ਦਿੱਤੇ ਗਏ ਸਨ।

ਮੈਂ ਵੀ ਅਕਾਲ ਰੈਸਟ ਹਾਊਸ ਵਿੱਚ ਰਹਿਣ ਦੇ ਦਿਨ ਤੋਂ ਹੀ ਇੱਕ ਹਥਿਆਰ ਮੰਗ ਰਿਹਾ ਸੀ। ਸੰਤ ਭਿੰਡਰਾਂਵਾਲਿਆਂ ਨੇ ਕਾਫ਼ੀ ਸਮੇਂ ਤੋਂ ਮੈਨੂੰ ਕੋਈ ਹਥਿਆਰ ਨਹੀਂ ਦਿੱਤਾ ਕਿਉਂਕਿ ਉਹ ਮੇਰੇ ਨਾਲ ਇਸ ਤੱਥ ਕਾਰਨ ਨਾਰਾਜ਼ ਸਨ ਕਿ ਮੇਰੀ ਪਿਆਰੀ (ਬਲਵਿੰਦਰ ਕੌਰ) ਨੇ ਮੈਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਬੁਲਾਇਆ ਸੀ ਅਤੇ ਇਹ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਪਰ ਹਰਮਿੰਦਰ ਸਿੰਘ ਸੰਧੂ ਜਨਵਰੀ 1984 ਦੇ ਆਸ-ਪਾਸ ਸੰਤ ਭਿੰਡਰਾਂਵਾਲਿਆਂ ਕੋਲੋਂ ਇੱਕ ਰਿਵਾਲਵਰ ਅਤੇ 25 ਗੋਲੀਆਂ ਲੈਣ ਵਿੱਚ ਕਾਮਯਾਬ ਹੋ ਗਿਆ। ਦਿੱਲੀ ਵਿੱਚ ਗੈਰ-ਗਠਜੋੜ ਮੀਟਿੰਗ ਦੌਰਾਨ ਪਾਲਿਕਾ ਬਜ਼ਾਰ ਅਤੇ ਅੰਤਰਰਾਜੀ ਬੱਸ ਟਰਮੀਨਸ ਵਿੱਚ ਹੋਏ ਧਮਾਕਿਆਂ ਬਾਰੇ: 5.3.83 ਦੀ ਸ਼ਾਮ ਨੂੰ ਹਰਮਿੰਦਰ ਸਿੰਘ ਸੰਧੂ ਅਤੇ ਸਤਿੰਦਰਜੀਤ ਸਿੰਘ ਖਾਲਸਾ ਨੇ ਮੈਨੂੰ ਅਕਾਲ ਰੈਸਟ ਹਾਊਸ ਦੀ ਛੱਤ ’ਤੇ ਦੱਸਿਆ ਕਿ ਗੈਰ-ਗਠਜੋੜ ਦੀ ਮੀਟਿੰਗ ਦਿੱਲੀ ਵਿਖੇ ਹੋਣੀ ਸੀ ਅਤੇ ਉਸ ਸਮੇਂ ਦੌਰਾਨ ਮੈਨੂੰ ਬੰਬ ਅਤੇ ਪਰਚੇ ਸੁੱਟਣਲਈ ਕੁਝ ਮੁੰਡਿਆਂ ਨੂੰ ਦਿੱਲੀ ਲੈ ਕੇ ਜਾਣਾ ਪਿਆ।

ਅਗਲੇ ਦਿਨ ਉਨ੍ਹਾਂ ਨੇ ਸਾਨੂੰ ਛੇ ਦੇਸੀ ਬੰਬਾਂ ਵਾਲਾ ਬੈਗ ਦਿੱਤਾ ਅਤੇ ਕਮਲਇੰਦਰ ਸਿੰਘ ਉਰਫ਼ ਪੱਪੂ, ਸੰਤੋਖ ਸਿੰਘ ਕਾਲਾ, ਧਰਮ ਸਿੰਘ ਧਰਮਾ (ਸਾਰੇ ਅੰਮ੍ਰਿਤਸਰ) ਅਤੇ ਮੈਨੂੰ ਦੱਸਿਆ ਕਿ ਅਸੀਂ ਬੰਬ ਵਿਗਿਆਨ ਭਵਨ ਅਤੇ ਪਾਰਲੀਮੈਂਟ ਸਟਰੀਟ ’ਤੇ ਸੁੱਟ ਦੇਈਏ। ਇਸ ਲਈ ਅਸੀਂ ਦਿੱਲੀ ਵਿੱਚ ਅਸੀਂ ਗੁਰਦੁਆਰਾ ਬੰਗਲਾ ਸਾਹਿਬ ਦੇ ਇੱਕ ਕਮਰੇ ਵਿੱਚ ਠਹਿਰੇ। 7.3.83 ਨੂੰ ਅੰਮ੍ਰਿਤਸਰ ਦੇ ਸਰਬਜੀਤ ਸਿੰਘ ਟੋਨੀ ਅਤੇ ਜੰਮੂ ਤੋਂ ਸਰਬਜੀਤ ਸਿੰਘ ਪਰਚੇ ਲੈ ਕੇ ਸਾਡੇ ਨਾਲ ਸ਼ਾਮਲ ਹੋਏ। ਅਸੀਂ ਇਨ੍ਹਾਂ ਨੂੰ ਗੁਰਦੁਆਰਾ ਬੰਗਲਾ ਸਾਹਿਬ, ਅਮਰੀਕਾ ਅਤੇ ਸਾਊਦੀ ਅਰਬਸਮੇਤ ਕਈ ਦੂਤਾਵਾਸਾਂ ਦੇ ਲੈਟਰ ਬਾਕਸਾਂ ਵਿੱਚ ਸੁੱਟ ਦਿੱਤਾ।

ਉਸੇ ਸ਼ਾਮ ਟੋਨੀ ਅਤੇ ਕਾਲਾ ਕੁਝ ਪਰਚੇ ਅਤੇ ਇੱਕ ਬੰਬ ਪਾਲਿਕਾ ਬਜ਼ਾਰ ਲੈ ਗਏ। ਧਰਮ ਇੱਕ ਬੰਬ ਅਤੇ ਕੁਝ ਪਰਚੇ ਆਈਐਸਬੀਟੀ ਵਿੱਚ ਲੈ ਗਿਆ। ਪੱਪੂ ਇੱਕ ਬੰਬ ਅਤੇ ਕੁਝ ਪਰਚੇ ਸ਼ੀਲਾ ਸਿਨੇਮਾ ਵਿੱਚ ਲੈ ਗਿਆ। ਸਰਬਜੀਤ ਸਿੰਘ (ਜੰਮੂ ਦੇ) ਅਤੇ ਮੈਂ ਇੱਕ-ਇੱਕ ਬੰਬ ਲੈ ਗਏ। ਅਸੀਂ ਅੰਮ੍ਰਿਤਸਰ ਵਾਪਸ ਆ ਗਏ ਅਤੇ ਸੰਧੂ ਨੂੰ ਸਾਰੀ ਗੱਲ ਦੱਸੀ ਕਿ ਅਸੀਂ ਦਿੱਲੀ ਵਿੱਚ ਕੀ ਕੀਤਾ ਸੀ। ਫਰਵਰੀ 1983 ਦੇ ਇੱਕ ਦਿਨ ਮੈਂ ਹਰਮਿੰਦਰ ਸਿੰਘ ਸੰਧੂ ਅਤੇ ਰਜਿੰਦਰ ਸਿੰਘ ਮਹਿਤਾ ਨਾਲ ਅਕਾਲ ਰੈਸਟ ਹਾਊਸ ਵਿੱਚ ਠਹਿਰਿਆ ਸੀ। ਅਨੋਖ ਸਿੰਘ ਵੀ ਉੱਥੇ ਆ ਗਿਆ। ਮੈਨੂੰ ਪਤਾ ਲੱਗਾ ਕਿ ਅਨੋਖ ਸਿੰਘ ਗਿਆ ਹੋਇਆ ਸੀ ਪਰ ਬੂਆ ਦਾਸ ਨੂੰ ਮਾਰਨ ਵਿੱਚ ਕਾਮਯਾਬ ਨਾ ਹੋਇਆ। ਉਸ ਰਾਤ ਸੰਧੂ, ਮਹਿਤਾ ਅਤੇ ਅਨੋਖ ਸਿੰਘ ਨੇ ਮੈਨੂੰ ਦੱਸਿਆ ਕਿ ਮੇਰਾ ਪਿੰਡ ਵੀ ਘੜਿਆਲਾ ਦੇ ਇਲਾਕੇ ਵਿੱਚ ਸੀ, ਮੈਂ ਗੁਰਦਾਸਪੁਰ ਵਿੱਚ ਸਿੱਖਾਂ ਨੂੰ ਤੰਗ ਕਰਨ ਵਾਲੇ ਬੂਆ ਦਾਸ ਨੂੰ ਮਾਰਨ ਵਿੱਚ ਅਨੋਖ ਸਿੰਘ ਨਾਲ ਸ਼ਾਮਲ ਹੋਣਾ ਸੀ। ਬੂਆ ਦਾਸ ਨੇ

ਬਹੁਤ ਸਾਰੇ ਸਿੱਖ ਨੌਜਵਾਨਾਂ ਦੀਆਂ ਹਥਿਆਰਾਂ ਨਾਲ ਲੱਤਾਂ ਬਾਹਾਂ ਤੋੜੀਆਂ ਸੀ। ਅਪ੍ਰੈਲ, 1984 ਵਿੱਚ ਅੱਤਵਾਦੀਆਂ ਦੁਆਰਾ ਇੱਕ ਰੇਲਵੇ ਸਟੇਸ਼ਨ ਨੂੰ ਤਬਾਹ ਕਰ ਦਿੱਤਾ ਗਿਆ ਸੀ। ਅਗਲੀ ਸਵੇਰ ਅਨੋਖ ਸਿੰਘ ਨੇ ਮੈਨੂੰ ਇੱਕ .12 ਬੋਰ ਦੇਸੀ ਪਿਸਤੌਲ ਅਤੇ 12 ਕਾਰਤੂਸ ਦਿੱਤੇ। ਉਹ ਇੱਕ .38 ਰਿਵਾਲਵਰ ਲੈ ਕੇ ਜਾ ਰਿਹਾ ਸੀ। ਅਸੀਂ ਘਰਿਆਲਾ ਲਈ ਬੱਸ ਫੜੀ ਪਰ ਦੱਸਿਆ ਗਿਆ ਕਿ ਬੂਆ ਦਾਸ ਆਪਣੇ ਪਿਤਾ ਦੀਆਂ ਅਸਥੀਆਂ ਗੰਗਾ ਵਿੱਚ ਪਾਉਣ ਗਿਆ ਸੀ। ਅਸੀਂ ਅੰਮ੍ਰਿਤਸਰ ਵਾਪਸ ਆ ਗਏ।

ਬੂਆ ਦਾਸ ਦੇ ਪਿਤਾ ਦੇ ਦਸਵੇਂ ਦਿਨ (ਮੌਤ ਤੋਂ ਬਾਅਦ ਦਸਵੇਂ ਦਿਨ)। ਅਨੋਖ ਸਿੰਘ ਅਤੇ ਮੈਂ ਘੜਿਆਲਾ ਪਿੰਡ ਲਈ ਰਵਾਨਾ ਹੋਏ। ਸ਼ਾਮ ਦੇ 7 ਵਜੇ ਦੇ ਕਰੀਬ ਅਸੀਂ ਬੂਆ ਦਾਸ ਨੂੰ ਆਪਣੇ ਭਰਾ ਨਾਲ ਸੈਰ ਕਰਨ ਜਾਂਦੇ ਦੇਖਿਆ। ਜਦੋਂ ਉਹ ਰੇਲਵੇ ਸਟੇਸ਼ਨ ਦੇ ਨੇੜੇ ਪਹੁੰਚੇ ਤਾਂ ਅਨੋਖ ਸਿੰਘ ਨੇ ਬੂਆ ਦਾਸ ਅਤੇ ਉਸ ਦੇ ਭਰਾ ਤੇ ਗੋਲੀਆਂ ਚਲਾਈਆਂ। ਮੈਂ ਗੋਲੀ ਨਹੀਂ ਚਲਾਈ.... ਫਿਰ ਅਸੀਂ ਸੰਧੂ ਅਤੇ ਮਹਿਤਾ ਨੂੰ ਹਰਿਮੰਦਰ ਸਾਹਿਬ ਵਿੱਚ ਰਿਪੋਰਟ ਕੀਤੀ। ਉਹ ਇਸ ਬਾਰੇ ਪਹਿਲਾਂ ਹੀ ਜਾਣਦੇ ਸਨ ਅਤੇ ਬਹੁਤ ਖ਼ੁਸ਼ ਸਨ। ਉਸੇ ਸ਼ਾਮ ਅਨੋਖ ਸਿੰਘ ਮੈਨੂੰ ਸੰਤ ਭਿੰਡਰਾਂਵਾਲਿਆਂ ਦੇ ਦਰਸ਼ਨਾਂ ਲਈ ਲੈ ਗਿਆ। ਅਨੋਖ ਸਿੰਘ ਨੇ ਉਸ ਨੂੰ ਦੱਸਿਆ ਕਿ ਮੈਂ ਆਪਣੇ ਪਿਸਤੌਲ ਤੋਂ ਗੋਲੀ ਨਹੀਂ ਚਲਾ ਸਕਿਆ। ਸੰਤ ਭਿੰਡਰਾਂਵਾਲੇ, ਜੋ ਕਿ ਬਹੁਤ ਖ਼ੁਸ਼ ਮੂਡ ਵਿੱਚ ਸਨ, ਮੇਰੇ ਨਾਲ ਥੋੜਾ ਨਾਰਾਜ਼ ਮਹਿਸੂਸ ਕੀਤਾ।ਫਰਵਰੀ 1984 ਵਿੱਚ ਸਿੰਡੀਕੇਟ ਬੈਂਕ, ਅੰਮ੍ਰਿਤਸਰ ਦੀ ਲੁੱਟ ਬਾਰੇ: ਫਰਵਰੀ 1984 ਦੀ ਇੱਕ ਰਾਤ ਨੂੰ ਸੰਧੂ ਅਤੇ ਮਹਿਤਾ ਨੇ ਅੰਮ੍ਰਿਤਸਰ ਦੇ ਗੁਰਿੰਦਰ ਸਿੰਘ ਭੋਲਾ, ਮਥੁਰਾ ਸਿੰਘ, ਸੁਰਜੀਤ ਸਿੰਘ ਅਤੇ ਮੈਨੂੰ ਸਿੰਡੀਕੇਟ ਬੈਂਕ, ਅੰਮ੍ਰਿਤਸਰ ਵਿੱਚ ਡਕੈਤੀ ਕਰਨ ਲਈ ਕਿਹਾ। ਅਸੀਂ ਚਾਰ ਜਣੇ ਆਪਣੇ ਰਿਵਾਲਵਰ/ਪਿਸਤੌਲ ਲੈ ਕੇ ਬੈਂਕ ਪਹੁੰਚ ਗਏ, ਜਿਸ ਨੂੰ ਭੋਲੇ ਨੇ ਪਹਿਲਾਂ ਦੇਖਿਆ ਸੀ। ਅਸੀਂ ਆਪਣੇ ਹਥਿਆਰਾਂ ਨਾਲ ਬੈਂਕ ਸਟਾਫ ਨੂੰ ਧਮਕਾਇਆ। ਭੋਲਾ ਨੇ ਬੈਂਕ ਗਾਰਡ ਤੋਂ ਬੰਦੂਕ ਖੋਹ ਕੇ ਉਸ ਨੂੰ ਤੋੜ ਦਿੱਤਾ।

ਕਾਊਂਟਰ ’ਤੇ ਨਕਦੀ ਇੱਕ ਬੈਗ ਵਿੱਚ ਰੱਖੀ ਹੋਈ ਸੀ ਜੋ ਸੁਰਜੀਤ ਸਿੰਘ ਖੋਹ ਕੇ ਲੈ ਗਿਆ। ਮੈਂ ਤੇ ਭੋਲਾ ਮੋਟਰਸਾਈਕਲ ’ਤੇ ਚਲੇ ਗਏ ਜਦੋਂਕਿ ਮਥੁਰਾ ਸਿੰਘ ਤੇ ਸੁਰਜੀਤ ਸਿੰਘ ਲੁੱਟੇ ਹੋਏ ਪੈਸਿਆਂ ਵਾਲਾ ਬੈਗ ਸਕੂਟਰ ’ਤੇ ਲੈ ਗਏ। ਜਦੋਂ ਉਹ ਸਕੂਟਰ ਸਟਾਰਟ ਕਰ ਰਹੇ ਸਨ ਤਾਂ ਕੋਈ ਉਨ੍ਹਾਂ ਤੋਂ ਬੈਗ ਖੋਹ ਕੇ ਲੈ ਗਿਆ।... ਜਦੋਂ ਅਸੀਂ ਅਕਾਲ ਰੈਸਟ ਹਾਊਸ ਵਿੱਚ ਸੰਧੂ ਅਤੇ ਮਹਿਤਾ ਨੂੰ ਲੁੱਟੀ ਗਈ ਰਕਮ ਦੇ ਨੁਕਸਾਨ ਬਾਰੇ ਦੱਸਿਆ ਤਾਂ ਉਨ੍ਹਾਂ ਨੂੰ ਇਸ ਦਾ ਅਫ਼ਸੋਸ ਹੋਇਆ।

(ਚਲਦਾ)





# ਐਨਡੀਏ ਬਨਾਮ ਇੰਡੀਆ

## ਕਿੰਨੀ ਕੁ ਸਫ਼ਲ ਹੋਵੇਗੀ ਭਾਰਤ ਵਿੱਚ 'ਗੱਠਜੋੜ ਦੀ ਸਿਆਸਤ'



ਭਾਰਤ ਵਿੱਚ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਹੁਣੇ ਤੋਂ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ। ਇਹਨਾਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਜਿਥੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਸਾਂਝਾਂ ਗਠਜੋੜ 'ਇੰਡੀਆ' ਬਣਾਇਆ ਹੈ, ਉਥੇ ਭਾਜਪਾ ਵੱਲੋਂ ਐਨਡੀਏ ਨੂੰ ਮੁੜ ਉਭਾਰਿਆ ਗਿਆ ਹੈ। ਇਸ ਤਰਾਂ ਸਪਸ਼ਟ ਹੋ ਜਾਂਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਮੁੱਖ ਮੁਕਾਬਲਾ ਦੋ ਗਠਜੋੜਾਂ ਵਿਚਾਲੇ ਹੋ ਸਕਦਾ ਹੈ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਕੁਝ ਸਿਆਸੀ ਪਾਰਟੀਆਂ ਦੇ ਦੋਵਾਂ ਗਠਜੋੜਾਂ ਵਿੱਚ ਸ਼ਾਮਲ ਨਾ ਹੋਣ ਦੇ ਬਾਵਜੂਦ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਮੁੱਖ ਮੁਕਾਬਲਾ ਐਨਡੀਏ ਬਨਾਮ ਇੰਡੀਆ ਗਠਜੋੜਾਂ ਵਿਚਾਲੇ ਹੋਵੇਗਾ। ਅਜਿਹਾ ਪਹਿਲੀ ਵਾਰ ਹੋਵੇਗਾ, ਜਦੋਂ ਇੰਨੀਆਂ ਪਾਰਟੀਆਂ ਦੇ ਬਣੇ ਦੋ ਗਠਜੋੜ ਆਪਸ ਵਿੱਚ ਟਕਰਾ ਜਾਣਗੇ। ਹਾਲਾਂਕਿ, ਦੇਸ਼ ਵਿੱਚ ਗੱਠਜੋੜ ਦੀ ਰਾਜਨੀਤੀ ਦਾ ਇਤਿਹਾਸ ਆਜ਼ਾਦੀ ਤੋਂ ਕੁਝ ਸਾਲਾਂ ਬਾਅਦ ਸ਼ੁਰੂ ਹੁੰਦਾ ਹੈ। ਅਤੇ ਕੇਂਦਰ ਵਿੱਚ ਵੀ ਕਈ ਵਾਰ ਗੱਠਜੋੜ ਸਰਕਾਰਾਂ ਬਣ ਚੁੱਕੀਆਂ ਹਨ।

ਜ਼ਿਕਰਯੋਗ ਹੈ ਕਿ ਵੱਖ-ਵੱਖ ਪਾਰਟੀਆਂ ਜਾਂ ਸਿਆਸੀ ਪਛਾਣ ਰੱਖਣ ਵਾਲੇ ਪ੍ਰਮੁੱਖ ਵਿਅਕਤੀਆਂ ਦੇ ਆਪਸੀ ਸਮਝੌਤੇ ਨੂੰ ਗੱਠਜੋੜ ਕਿਹਾ ਜਾਂਦਾ ਹੈ। ਤੁਹਾਨੂੰ ਯਾਦ ਕਰਾ ਦੇਈਏ ਕਿ ਭਾਰਤ ਵਿੱਚ ਗੱਠਜੋੜ ਸਰਕਾਰ ਰਾਜ ਪੱਧਰ 'ਤੇ ਸ਼ੁਰੂ ਕੀਤੀ ਗਈ ਸੀ। ਆਂਧਰਾ ਪ੍ਰਦੇਸ਼ ਵਿੱਚ ਪਹਿਲੀ ਗੱਠਜੋੜ ਸਰਕਾਰ 1953 ਵਿੱਚ ਬਣੀ ਸੀ ਪਰ ਇਹ ਸਰਕਾਰ ਸਿਰਫ਼ 13 ਮਹੀਨੇ ਹੀ ਚੱਲ ਸਕੀ। ਉਸ ਤੋਂ ਬਾਅਦ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਆਦਿ ਰਾਜਾਂ ਵਿੱਚ ਵੀ ਮਿਸ਼ਰਤ ਸਰਕਾਰਾਂ ਬਣੀਆਂ। ਆਜ਼ਾਦੀ ਤੋਂ ਬਾਅਦ ਤਕਰੀਬਨ ਦੋ ਦਹਾਕਿਆਂ ਤੱਕ ਕਾਂਗਰਸ ਨੂੰ ਕਿਸੇ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਭਾਵੇਂ ਉਸ ਸਮੇਂ ਹੋਰ ਵਿਚਾਰਧਾਰਾ ਦੀਆਂ ਪਾਰਟੀਆਂ ਜ਼ਰੂਰ ਸਨ। 1964 ਵਿੱਚ ਜਵਾਹਰ ਲਾਲ ਨਹਿਰੂ ਅਤੇ 1966 ਵਿੱਚ ਲਾਲ ਬਹਾਦਰ ਸ਼ਾਸਤਰੀ ਦੀ ਮੌਤ ਤੋਂ ਬਾਅਦ ਰਾਜਨੀਤੀ ਵਿੱਚ ਵੀ ਤਬਦੀਲੀ ਆਉਣ ਲੱਗੀ। ਰਾਸ਼ਟਰੀ ਪੱਧਰ 'ਤੇ ਗਠਜੋੜ ਦੀ ਸ਼ੁਰੂਆਤ 70 ਦੇ ਦਹਾਕੇ 'ਚ ਸ਼ੁਰੂ ਹੋਈ ਸੀ। ਇਸੇ ਦੌਰਾਨ 1975 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਨੇ ਵਿਰੋਧੀ ਧਿਰਾਂ ਨੂੰ ਕਾਂਗਰਸ ਵਿਰੁੱਧ ਇਕੱਠੇ ਹੋਣ ਦਾ ਮੌਕਾ ਦਿੱਤਾ।

ਅਕਤੂਬਰ 1951 ਵਿੱਚ ਜਨਸੰਘ ਦਾ ਗਠਨ ਹੋਇਆ। ਸ਼ਿਆਮਾ ਪ੍ਰਸਾਦ ਮੁਖਰਜੀ ਇਸ ਦੇ ਪਹਿਲੇ ਪ੍ਰਧਾਨ ਚੁਣੇ ਗਏ ਸਨ। ਜਨਸੰਘ ਇੱਕ ਰਾਸ਼ਟਰਵਾਦੀ ਪਾਰਟੀ ਸੀ। 1952 ਵਿੱਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਵਿੱਚ ਜਨਸੰਘ ਦੇ ਤਿੰਨ ਮੈਂਬਰ ਚੁਣੇ ਗਏ ਸਨ। ਮੁਖਰਜੀ ਖੁਦ ਵੀ ਉਨ੍ਹਾਂ ਵਿੱਚੋਂ ਇੱਕ ਸਨ। ਉਸਨੇ ਉੜੀਸਾ (ਉਦੋਂ ਉੜੀਸਾ) ਦੀ ਰਿਪਬਲਿਕ ਕੌਂਸਲ, ਪੰਜਾਬ ਦੇ ਅਕਾਲੀ ਦਲ, ਹਿੰਦੂ ਮਹਾਸਭਾ ਅਤੇ ਆਜ਼ਾਦ ਸੰਸਦ ਮੈਂਬਰਾਂ ਸਮੇਤ ਛੋਟੀਆਂ ਪਾਰਟੀਆਂ ਨੂੰ ਜੋੜ ਕੇ ਨੈਸ਼ਨਲ ਡੈਮੋਕ੍ਰੇਟਿਕ ਪਾਰਟੀ ਦੇ ਨਾਂ 'ਤੇ ਗੱਠਜੋੜ ਬਣਾਇਆ। ਇਸ ਪਾਰਟੀ ਦੇ ਆਗੂ ਸਿਆਮਾ ਪ੍ਰਸਾਦ ਮੁਖਰਜੀ ਸਨ। ਪਾਰਟੀ ਦਾ ਉਦੇਸ਼ ਤਤਕਾਲੀ ਨਹਿਰੂ ਸਰਕਾਰ ਦੀ ਕਸ਼ਮੀਰ ਨੀਤੀ ਦਾ ਵਿਰੋਧ ਕਰਨਾ ਸੀ।

ਐਮਰਜੈਂਸੀ ਖਤਮ ਹੋਣ ਤੋਂ ਬਾਅਦ 1977 ਵਿੱਚ ਲੋਕ ਸਭਾ ਚੋਣਾਂ ਹੋਈਆਂ ਸਨ। ਇਸ ਵਿੱਚ ਜਨਤਾ ਨੇ ਚੰਗੇ ਜਾਂ ਮਾੜੇ ਵਿੱਚੋਂ ਕਿਸੇ ਦੀ ਚੋਣ ਨਹੀਂ ਕਰਨੀ ਸੀ, ਸਗੋਂ ਇਹ ਤੈਅ ਕਰਨਾ ਸੀ ਕਿ ਐਮਰਜੈਂਸੀ ਦਾ ਵਿਰੋਧ ਕਿਸ ਨੇ ਕਰਨਾ ਸੀ। ਐਮਰਜੈਂਸੀ ਦੇ ਬਾਅਦ ਤੋਂ ਹੀ ਲੋਕਾਂ ਵਿੱਚ ਗੁੱਸਾ ਸੀ। ਇਸ ਦਾ ਅਸਰ ਚੋਣ ਨਤੀਜਿਆਂ 'ਤੇ ਵੀ ਦੇਖਣ ਨੂੰ ਮਿਲਿਆ। ਇੰਦਰਾ ਗਾਂਧੀ ਚੋਣ ਹਾਰ ਗਈ। ਆਮ ਤੌਰ 'ਤੇ ਉਹੀ ਲੋਕ ਜਾਂ ਨੇਤਾ ਚੋਣਾਂ ਜਿੱਤਦੇ ਹਨ, ਜਿਨ੍ਹਾਂ ਨੇ ਐਮਰਜੈਂਸੀ ਦਾ ਵਿਰੋਧ ਕੀਤਾ ਜਾਂ ਜੇਲ੍ਹ ਗਏ। ਕਈ ਵਿਚਾਰਧਾਰਾਵਾਂ ਅਤੇ ਛੋਟੀਆਂ ਪਾਰਟੀਆਂ ਨੂੰ ਮਿਲਾ ਕੇ ਜਨਤਾ ਪਾਰਟੀ ਨਾਂ ਦੀ ਨਵੀਂ ਪਾਰਟੀ ਬਣਾਈ ਗਈ। ਜਨਤਾ ਪਾਰਟੀ ਵਿੱਚ ਜਨਸੰਘ, ਭਾਰਤੀ ਲੋਕ ਦਲ, ਕਾਂਗਰਸ ਓ, ਯੂਨਾਈਟਿਡ ਸੋਸ਼ਲਿਸਟ ਪਾਰਟੀ ਵਰਗੀਆਂ 10 ਤੋਂ ਵੱਧ ਪਾਰਟੀਆਂ ਸ਼ਾਮਲ ਸਨ। 1977 ਦੀਆਂ ਚੋਣਾਂ ਵਿੱਚ ਜਨਤਾ ਪਾਰਟੀ ਨੇ ਵੱਡੀ ਜਿੱਤ ਹਾਸਲ ਕੀਤੀ। ਕਾਂਗਰਸ 154 ਸੀਟਾਂ 'ਤੇ ਸਿਮਟ ਗਈ। ਜਿੱਤ ਤੋਂ ਬਾਅਦ ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਬਣੇ।

**(ਬਾਕੀ ਸਫ਼ਾ 30 'ਤੇ)**






## ਦੋਵਾਂ ਗਠਜੋੜਾਂ 'ਚ ਸ਼ਾਮਲ ਨਾ ਹੋਣ ਵਾਲੀਆਂ ਸਿਆਸੀ ਪਾਰਟੀਆਂ ਦੀ ਅਹਿਮ ਭੂਮਿਕਾ



ਸਾਲ 2024 ਲਈ, ਇੱਕ ਪਾਸੇ ਐਨਡੀਏ ਅਤੇ ਇੰਡੀਆ ਵਿਚਾਲੇ ਤਾਕਤ ਦਾ ਪ੍ਰਦਰਸ਼ਨ ਸ਼ੁਰੂ ਹੋ ਗਿਆ ਹੈ। ਦੂਜੇ ਪਾਸੇ ਭਾਰਤ ਵਿੱਚ ਕਈ ਸਿਆਸੀ ਪਾਰਟੀਆਂ ਅਜਿਹੀਆਂ ਵੀ ਹਨ, ਜੋ ਕਿ ਇਹਨਾਂ ਦੋਵਾਂ ਗਠਜੋੜਾਂ ਵਿੱਚ ਹੀ ਸ਼ਾਮਲ ਨਹੀਂ ਹਨ। ਲੋਕ ਸਭਾ ਵਿੱਚ ਇਨ੍ਹਾਂ ਪਾਰਟੀਆਂ ਦੇ ਸੰਸਦ ਮੈਂਬਰਾਂ ਦੀ ਗਿਣਤੀ ਵੀ 60 ਤੋਂ ਪਾਰ ਹੈ। ਅਜਿਹੇ 'ਚ ਇਹ ਕਹਿਣਾ ਸਹੀ ਨਹੀਂ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਸਿਰਫ਼ ਦੋ ਗਠਜੋੜਾਂ ਵਿਚਾਲੇ ਹੀ ਹੋਵੇਗਾ।

ਅਜਿਹੇ 'ਚ ਸਵਾਲ ਇਹ ਹੈ ਕਿ ਕੀ ਚੋਣਾਂ ਲੜਨ ਵਾਲੀਆਂ ਸਾਰੀਆਂ ਪਾਰਟੀਆਂ ਇਨ੍ਹਾਂ ਦੋ ਧੜਿਆਂ 'ਚ ਵੰਡੀਆਂ ਹੋਈਆਂ ਹਨ। ਅਜਿਹਾ ਨਹੀਂ ਹੈ ਕਿ 2024 ਦੀ ਲੜਾਈ ਵਿੱਚ ਅਜੇ ਵੀ ਬਹੁਤ ਸਾਰੀਆਂ ਪਾਰਟੀਆਂ ਹਨ ਜੋ ਇਨ੍ਹਾਂ ਦੋਵਾਂ ਗਠਜੋੜਾਂ ਵਿੱਚ ਸ਼ਾਮਲ ਨਹੀਂ ਹਨ ਅਤੇ ਉਨ੍ਹਾਂ ਦੀ ਤਾਕਤ ਵੀ ਘੱਟ ਨਹੀਂ ਹੈ। ਅਜਿਹੇ 'ਚ ਦੋਵਾਂ ਗਠਜੋੜਾਂ ਵਿੱਚ ਸ਼ਾਮਲ ਨਾ ਹੋਣ ਵਾਲੀਆਂ ਸਿਆਸੀ ਪਾਰਟੀਆਂ ਵੀ 2024 ਦੀ ਲੜਾਈ 'ਚ ਵੀ ਅਹਿਮ ਭੂਮਿਕਾ ਨਿਭਾਉਣਗੀਆਂ।

ਸਿਆਸੀ ਸੂਤਰਾਂ ਅਨੁਸਾਰ ਭਾਰਤ ਵਿੱਚ ਅਜੇ ਵੀ 9 ਤੋਂ ਵੱਧ ਪਾਰਟੀਆਂ ਹਨ ਜੋ ਕਿਸੇ ਵੀ ਪਾਸੇ ਨਹੀਂ ਹਨ। ਜੇਕਰ ਅਸੀਂ 2019 ਦੇ ਲੋਕ ਸਭਾ ਜਿੱਤ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਨ੍ਹਾਂ ਦੀ ਗਿਣਤੀ 62 ਹੈ। 62 ਸੰਸਦ ਮੈਂਬਰ ਵੀ ਘੱਟ ਨਹੀਂ ਹਨ ਅਤੇ ਉਹ ਵੀ ਜਦੋਂ ਐਨ.ਡੀ.ਏ. ਅਤੇ ਆਈ.ਐਨ.ਡੀ.ਆਈ.ਏ. ਕਈ ਅਜਿਹੀਆਂ ਪਾਰਟੀਆਂ ਹਨ ਜਿਨ੍ਹਾਂ ਕੋਲ ਲੋਕ ਸਭਾ ਵਿੱਚ ਇੱਕ ਵੀ ਸੀਟ ਨਹੀਂ ਹੈ। ਇਸ ਵਾਰ ਐਨਡੀਏ ਵਿੱਚ ਜ਼ਿਆਦਾਤਰ ਛੋਟੀਆਂ ਪਾਰਟੀਆਂ ਸ਼ਾਮਲ ਹਨ। ਐਨਡੀਏ ਦੀਆਂ 39 ਪਾਰਟੀਆਂ ਵਿੱਚੋਂ 25 ਅਜਿਹੀਆਂ ਪਾਰਟੀਆਂ ਸ਼ਾਮਲ ਹਨ ਜਿਨ੍ਹਾਂ ਦਾ ਲੋਕ ਸਭਾ ਵਿੱਚ ਇੱਕ ਵੀ ਸੰਸਦ ਮੈਂਬਰ ਨਹੀਂ ਹੈ। ਦੂਜੇ ਪਾਸੇ ਵਿਰੋਧੀ ਗਠਜੋੜ ਦੇ ਆਈ.ਐਨ.ਡੀ.ਆਈ.ਏ. ਜਿਸ 'ਚ ਕਈ ਵੱਡੀਆਂ ਪਾਰਟੀਆਂ ਹਨ ਪਰ 26 'ਚੋਂ 10 ਅਜਿਹੇ ਵੀ ਹਨ ਜਿਨ੍ਹਾਂ ਦਾ ਕੋਈ ਵੀ ਸੰਸਦ ਮੈਂਬਰ ਨਹੀਂ ਹੈ। ਅਜਿਹੇ 'ਚ ਉਨ੍ਹਾਂ ਪਾਰਟੀਆਂ 'ਤੇ ਵੀ ਚਰਚਾ ਹੋਣੀ ਜ਼ਰੂਰੀ ਹੈ ਜਿਨ੍ਹਾਂ ਦੇ ਬਹੁਤ ਸਾਰੇ ਲੋਕ ਸਭਾ ਮੈਂਬਰ ਹਨ। ਜਿਹੜੀਆਂ ਪਾਰਟੀਆਂ ਦੋਵੇਂ ਗੱਠਜੋੜ ਦਾ ਹਿੱਸਾ ਨਹੀਂ ਹਨ, ਉਨ੍ਹਾਂ ਵਿੱਚ ਮਾਇਆਵਤੀ,

**(ਬਾਕੀ ਸਫ਼ਾ 30 'ਤੇ)**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

2 ਅਗਸਤ ਤੋਂ 8 ਅਗਸਤ, 2023

## ਖ਼ਾਲਸਾ ਏਡ ਦੇ ਟਿਕਾਣਿਆਂ ’ਤੇ ਐੱਨ.ਆਈ.ਏ. ਦੇ ਛਾਪੇ

ਕੇਂਦਰੀ ਜਾਂਚ ਏਜੰਸੀ ਐੱਨ.ਆਈ.ਏ. ਵੱਲੋਂ ਖ਼ਾਲਸਾ ਏਡ ਦੇ ਇੰਡੀਆ ਦੇ ਮੁਖੀ ਅਮਰਪ੍ਰੀਤ ਸਿੰਘ ਦੇ ਪਟਿਆਲਾ ਦੇ ਤਵੱਕਲੀ ਮੋੜ ਸਥਿਤ ਘਰ ਅਤੇ ਇਥੋਂ ਦੀ ਰਿਸ਼ੀ ਕਲੋਨੀ ਵਿਚਲੇ ਦਫ਼ਤਰ ਅਤੇ ਗੁਦਾਮ ਵਿੱਚ ਛਾਪਾ ਮਾਰਿਆ ਗਿਆ। ਸਵੇਰੇ ਸਾਜਰੇ ਹੀ ਉਨ੍ਹਾਂ ਦੇ ਘਰ ਐੱਨ.ਆਈ.ਏ. ਦੀ ਵੀਹ ਮੈਂਬਰੀ ਟੀਮ ਪੁੱਜੀ ਜਿਸ ਨੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਮੋਬਾਈਲ ਫੋਨ ਜ਼ਬਤ ਕੀਤਾ। ਇਸ ਮਗਰੋਂ ਕਈ ਘੰਟਿਆਂ ਤੱਕ ਤਲਾਸ਼ੀ ਮੁਹਿੰਮ ਚੱਲੀ। ਇਸ ਉਪਰੰਤ ਇਹ ਗੱਲ ਚਰਚਾ ਵਿੱਚ ਹੈ ਕਿ ਐੱਨ.ਆਈ.ਏ. ਦੀ ਟੀਮ ਅਮਰਪ੍ਰੀਤ ਸਿੰਘ ਦੇ ਘਰੋਂ ਤੇ ਦਫ਼ਤਰੋਂ ਕਈ ਦਸਤਾਵੇਜ਼ ਜ਼ਬਤ ਕਰ ਕੇ ਨਾਲ ਲੈ ਗਈ ਹੈ ਜਿਨ੍ਹਾਂ ’ਚ ਬੈਂਕ ਸਟੇਟਮੈਂਟਸ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਐੱਨ.ਆਈ.ਏ. ਨੇ ਅਮਰਪ੍ਰੀਤ ਸਿੰਘ ਨੂੰ ਕੁਝ ਦਸਤਾਵੇਜ਼ ਲੈ ਕੇ 3 ਅਗਸਤ ਨੂੰ ਏਜੰਸੀ ਦੇ ਦਿੱਲੀ ਸਥਿਤ ਦਫ਼ਤਰ ਵਿੱਚ ਪਹੁੰਚਣ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਆਪਣੀਆਂ ਸਮਾਜ ਸੇਵੀ ਸਰਗਰਮੀਆਂ ਨੂੰ ਲੈ ਕੇ ‘ਖਾਲਸਾ ਏਡ’ ਵਿਸ਼ਵ ਪੱਧਰ ’ਤੇ ਵਿਲੱਖਣ ਪਹਿਚਾਣ ਰੱਖਦੀ ਹੈ। ਦੁਨੀਆਂ ਭਰ ਵਿੱਚ ਜਿੱਥੇ ਵੀ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਆਫ਼ਤ ਆਉਂਦੀ ਹੈ ‘ਖਾਲਸਾ ਏਡ’ ਉਥੇ ਹਰ ਸੰਭਵ ਮਦਦ ਲਈ ਪਹੁੰਚਦੀ ਹੈ। ਦਿੱਲੀ ਵਿਖੇ ਸਾਲ ਤੋਂ ਵੱਧ ਸਮੇਂ ਲਈ ਚੱਲੇ ਕਿਸਾਨੀ ਮੋਰਚੇ ਸਮੇਂ ਵੀ ਲਗਾਤਾਰ ‘ਖਾਲਸਾ ਏਡ’ ਸੇਵਾ ਕਰਦੀ ਰਹੀ ਅਤੇ ਉਥੇ ਹਰ ਇੱਕ ਸਹੂਲਤ ਮੁਹੱਈਆ ਕਰਵਾਉਂਦੀ ਰਹੀ। ਹੁਣ ਤਾਜ਼ਾ ਗੱਲ ਕਰੀਏ ਤਾਂ ਪੰਜਾਬ ਤੇ ਹਰਿਆਣਾ ’ਚ ਆਏ ਹੜ੍ਹਾਂ ਦੌਰਾਨ ਵੀ ਖਾਲਸਾ ਏਡ ਵੱਲੋਂ ਅਮਰਪ੍ਰੀਤ ਸਿੰਘ ਦੀ ਅਗਵਾਈ ਹੇਠ ਸੇਵਾ ਜਾਰੀ ਹੈ ਜਿਥੇ ਲਗਾਤਾਰ ਲੋੜੀਂਦਾ ਸਮਾਨ ਹੜ੍ਹਾਂ ਦੀ ਮਾਰ ਹੇਠਾਂ ਆਏ ਪਰਿਵਾਰਾਂ ਨੂੰ ਪਹੁੰਚਾਇਆ ਜਾ ਰਿਹਾ ਹੈ।

ਖਾਲਸਾ ਏਡ ਦੇ ਇੰਡੀਆ ਦੇ ਮੁਖੀ ਅਮਰਪ੍ਰੀਤ ਸਿੰਘ ਨੇ ਐੱਨ.ਆਈ.ਏ. ਦੇ ਛਾਪੇ ਤੋਂ ਬਾਅਦ ਸ਼ਾਮ ਵੇਲੇ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਛਾਪੇ ਮਾਰ ਕੇ ਉਨ੍ਹਾਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਸੇ ਤਹਿਤ ਉਸ ਨੂੰ 3 ਅਗਸਤ ਨੂੰ ਦਿੱਲੀ ਸਥਿਤ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਨੇ ਐੱਨ.ਆਈ.ਏ. ਦੀ ਇਸ ਕਾਰਵਾਈ ਨੂੰ ਖਾਲਸਾ ਏਡ ਵੱਲੋਂ ਕੀਤੀ ਜਾ ਰਹੀ ਸੇਵਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਿਹਾ ਹੈ ਜੋ ਸਹੀ ਵੀ ਹੈ। ਦਿੱਲੀ ਦਰਬਾਰ ਲਗਾਤਾਰ ਸਿੱਖਾਂ ਵਿੱਚ ਆਪਸੀ ਖਿਲਾਰਾ ਵਧਾਉਣ ਦੇ ਯਤਨ ਕਰ ਰਿਹਾ ਹੈ ਅਤੇ ਇਸੇ ਤਹਿਤ ਜਿਹੜੀਆਂ ਧਿਰਾਂ ਦੀ ਭਰੋਸੇਯੋਗਤਾ ਬਚੀ ਹੈ ਉਸ ਨੂੰ ਸ਼ੱਕੀ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ‘ਖਾਲਸਾ ਏਡ’ ਵੀ ਸਿੱਖਾਂ ਦੀ ਇੱਕ ਨਾਮਵਰ ਅਤੇ ਭਰੋਸੇਯੋਗ ਸੇਵਾ ਸੰਸਥਾ ਹੈ। ਹਰ ਕੋਈ ਜਾਣਦਾ ਹੈ ਕਿ ਰਾਜਨੀਤੀ ਪੱਖੋਂ ਐੱਨ.ਆਈ.ਏ. ਦੇ ਛਾਪੇ ਕੀ ਮਾਅਨੇ ਰੱਖਦੇ ਹਨ। ਭਾਜਪਾ ਦੀ ਇਹ ਨੀਤੀ ਕੋਈ ਲੁਕੀ ਛਿਪੀ ਨਹੀਂ ਹੈ।

ਐੱਨ.ਆਈ.ਏ. ਵੱਲੋਂ ਲਗਾਤਾਰ ਆਪਣੀ ਛਾਪਾ ਮੁਹਿੰਮ ਤੇਜ ਕੀਤੀ ਹੋਈ ਹੈ ਜਿਸ ਤਹਿਤ ਭਾਜਪਾ ਦੇ ਰਾਹ ’ਚ ਬਣੇ ਅੜਿੱਕਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ‘ਖਾਲਸਾ ਏਡ’ ਅੱਜ ਦੀ ਘੜੀ ਬਹੁਤ ਬਿਹਤਰ ਕੰਮ ਕਰ ਰਹੀ ਹੈ, ਸੋ ਹੁਣ ਜਿੱਥੇ ਇਸ ਦੀ ਭਰੋਸੇਯੋਗਤਾ ਨੂੰ ਢਾਹ ਲਾਉਣ ਵਾਲਿਆਂ ਖ਼ਿਲਾਫ਼ ਸਿੱਖਾਂ ਨੂੰ ਸਖ਼ਤੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ ਉਥੇ ਇਹ ਸਮਾਂ ‘ਖਾਲਸਾ ਏਡ’ ਲਈ ਵੀ ਪਰਖ ਦਾ ਸਮਾਂ ਹੈ, ਉਨ੍ਹਾਂ ਨੂੰ ਵੀ ਅਡੋਲ ਰਹਿ ਕੇ ਇਸ ਪਰਖ ’ਚੋਂ ਨਿਕਲਣਾ ਪਵੇਗਾ। ਗੁਰੂ ਪਾਤਸ਼ਾਹ ਮਿਹਰ ਕਰਨ, ਅਸੀਂ ਆਪਸੀ ਮਸਲੇ ਪਿੱਛੇ ਛੱਡ ਕੇ ਵਿਰੋਧੀ ਤਾਕਤਾਂ ਵੱਲੋਂ ਸਾਡੇ ’ਤੇ ਕੀਤੇ ਜਾ ਰਹੇ ਹਮਲਿਆਂ ਸਬੰਧੀ ਇਕੱਠੇ ਹੋ ਕੇ ਇੱਕ ਸੁਰ ਵਿੱਚ ਜਵਾਬ ਦੇਈਏ। ਨਹੀਂ ਤਾਂ ਜੋ ਅੱਜ ਗੁਆਂਢੀ ਦੇ ਹੋ ਰਿਹਾ ਹੈ ਕੱਲ੍ਹ ਆਪਣੇ ਵੀ ਹੋਵੇਗਾ, ਅੱਜ ਅਸੀਂ ਕਿਸੇ ਲਈ ਨਾ ਬੋਲੇ ਕੱਲ੍ਹ ਸਾਡੇ ਲਈ ਵੀ ਕਿਸੇ ਨੇ ਨਹੀਂ ਬੋਲਣਾ।

## ਵਿਸ਼ਵ ਭੋਜਨ ਸ਼ਾਸਨ ਉੱਤੇ ਕਾਰਪੋਰੇਟ ਦਾ ਕਬਜ਼ਾ

ਪੂਰੀ ਦੁਨੀਆ ਦੀ ਆਰਥਿਕਤਾ ਵਿੱਚ ਏਕੀਕਰਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਵਿਸ਼ਵ ਵਪਾਰ ਦੇ ਬਹੁਤੇ ਹਿੱਸਿਆਂ ਨੂੰ ਤਕੜੀਆਂ ਕੰਪਨੀਆਂ ਨੇ ਕਾਬੂ ਕੀਤਾ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਵਿਸ਼ਵ ਭੋਜਨ ਸ਼ਾਸਨ ’ਤੇ ਵੱਡੀਆਂ ਕੰਪਨੀਆਂ ਦੀ ਸ਼ਮੂਲੀਅਤ ਵਧ ਗਈ ਹੈ। ਸੰਯੁਕਤ ਰਾਸ਼ਟਰ ਭੋਜਨ ਪ੍ਰਣਾਲੀ ਸੰਮੇਲਨ 2021 ਨਾਲ ਇਹ ਗੱਲ ਸਾਫ਼ ਹੋ ਗਈ ਕਿ ਸੰਯੁਕਤ ਰਾਸ਼ਟਰ ਦਾ ਵੱਡੀਆਂ ਕੰਪਨੀਆਂ ਨਾਲ ਗਠਜੋੜ ਹੈ। ਇਸ ਵਿੱਚ ਖੇਤੀ ਦੀਆਂ ਵਪਾਰਕ ਕੰਪਨੀਆਂ ਅਤੇ ਸੰਯੁਕਤ ਰਾਸ਼ਟਰ ਇੱਕੋ ਮੰਚ ਉੱਤੇ ਇਕੱਠੇ ਹੋ ਗਏ। ਇਹ ਸੰਮੇਲਨ ਇੱਕ ਵੱਡੀ ਬਹੁਪੱਖੀ ਸਟੇਕਹੋਲਡਰ ਪਹਿਲਕਦਮੀ ਦਾ ਹਿੱਸਾ ਹੈ। ਇਹ ਅੰਤਰ ਰਾਸ਼ਟਰੀ ਪੱਧਰ ’ਤੇ ਭੋਜਨ ਵਿਵਸਥਾ ਵਿੱਚ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਖਾਸ ਕਰਕੇ ਵੱਡੀਆਂ ਕੰਪਨੀਆਂ ਦੀ ਸ਼ਮੂਲੀਅਤ ਨੂੰ ਜਾਇਜ਼ ਦਸ ਰਿਹਾ ਹੈ। ਜਨਤਕ-ਨਿੱਜੀ ਭਾਈਵਾਲੀ ਰਾਹੀਂ ਖੇਤੀ ਵਪਾਰਕ ਕੰਪਨੀਆਂ ਸਾਰੀ ਭੋਜਨ ਵਿਵਸਥਾ ਨੂੰ ਆਪਣੇ ਅਨੁਸਾਰ ਚਲਾਉਣਾ ਚਾਹੁੰਦੀਆਂ ਹਨ। ਭੋਜਨ ਵਿਵਸਥਾ ਦੇ ਸੰਬੰਧ ਵਿੱਚ ਦੋ ਗੱਲਾਂ ਵਧੇਰੇ ਅਹਿਮ ਹਨ ਇੱਕ ਪਾਸੇ ਤਾਂ ਭੋਜਨ ਪੂਰਤੀ ਹਰੇਕ ਮੁਲਕ ਦੀਆਂ ਸਰਕਾਰਾਂ ਲਈ ਮੁਸ਼ਕਿਲ ਬਣਦੀ ਜਾ ਰਹੀ ਹੈ ਅਤੇ ਦੂਸਰੇ ਪਾਸੇ ਭੋਜਨ ਵਿਵਸਥਾ ਕਾਰਪੋਰੇਟ ਘਰਾਣੇ ਦੇ ਕਬਜ਼ੇ ਹੇਠ ਆਉਂਦੀ ਜਾ ਰਹੀ ਹੈ।

ਇੱਥੇ ਇੱਕ ਬਹੁਤ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਕਾਰਪੋਰੇਟ ਵਿਸ਼ਵ ਭੋਜਨ ਵਿਵਸਥਾ ਸਬੰਧਤ ਅਦਾਰਿਆਂ ਨੂੰ ਖੋਜ ਲਈ ਪੈਸਾ ਦਿੰਦੀਆਂ ਹਨ। ਉਦਾਹਰਣ ਵਜੋਂ ਕੰਸਲਟੇਟਿਵ ਗਰੁੱਪ ਔਫ ਇੰਟਰਨੈਸ਼ਨਲ ਐਗਰੀਕਲਚਰ ਰਿਸਰਚ ਜੋ ਅੰਤਰਰਾਸ਼ਟਰੀ ਖੇਤੀਬਾੜੀ ਖੋਜ ਸੰਸਥਾਵਾਂ ਦੀ ਸਿਰਮੌਰ ਸੰਸਥਾ ਹੈ, ਨੂੰ ਪ੍ਰਾਈਵੇਟ ਫਰਮਾਂ ਵੱਲੋਂ ਪੈਸਾ ਦਿੱਤਾ ਜਾਂਦਾ ਹੈ ਅਤੇ ਇਸ ਦੇ ਪ੍ਰਾਈਵੇਟ ਦਾਨੀ ਸੰਸਥਾਵਾਂ ਨਾਲ ਗੂੜ੍ਹੇ ਸਬੰਧ ਹਨ। ਬਿੱਲ ਐਂਡ ਮੇਲਿੰਦਾ ਗੈਟਸ ਫਾਊਂਡੇਸ਼ਨ ਨੇ 2020 ਵਿੱਚ 10 ਕਰੋੜ ਡਾਲਰ ਦਾਨ ਵਜੋਂ ਇਸ ਸੰਸਥਾ ਨੂੰ ਦਿੱਤੇ ਸਨ। ਖੋਜ ਖੇਤਰ ਵਿੱਚ ਇਸ ਤਰ੍ਹਾਂ ਪੈਸਾ ਆਉਣਾ ਖੋਜ ਉੱਤੇ ਵੀ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਸੋ ਇਹ ਗੱਲ ਸਹਿਜੇ ਹੀ ਸਮਝ ਆਉਂਦੀ ਹੈ ਕਿ ਖੋਜ ਕਿਸ ਦਿਸ਼ਾ ਵੱਲ ਹੋਣੀ ਹੈ ? ਖੋਜ ਕਿਸ ਚੀਜ਼ ਦੀ ਹੋਣੀ ਹੈ ? ਖੋਜ ਕਿਸ ਪੱਖੀ ਹੋਣੀ ਹੈ ? ਇਸ ਦਾ ਫੈਸਲਾ ਕੌਣ ਕਰਦਾ ਹੈ ?

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਮਨੀਪੁਰ ’ਚ ਜਿਨਸੀ ਹਿੰਸਾ ਅਤੇ ਸੱਤਾ ਦੀ ਬੇਰੁਖ਼ੀ

ਕੌਣ ਕਿਸ ਨਾਲ ਲੜ ਰਿਹਾ ਹੈ ? ਮੇਤਈ, ਕੁਕੀ ਅਤੇ ਨਾਗਾ ਮਿਲਸ਼ੀਆ ਕਈ ਦਹਾਕਿਆਂ ਤੋਂ ਵਿਵਾਦਗ੍ਰਸਤ ਘਰੇਲੂ ਮੰਗਾਂ ਅਤੇ ਧਾਰਮਿਕ ਮਤਭੇਦਾਂ ਨੂੰ ਲੈ ਕੇ ਇੱਕ ਦੂਜੇ ਨਾਲ ਲੜਦੇ ਰਹੇ ਹਨ ਅਤੇ ਸਾਰੀਆਂ ਧਿਰਾਂ ਦੀਆਂ ਭਾਰਤ ਦੇ ਸੁਰੱਖਿਆ ਬਲਾਂ ਨਾਲ ਝੜਪਾਂ ਹੋਈਆਂ ਹਨ। ਮੇਤਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਮੌਜੂਦਾ ਟਕਰਾਅ ਮਾਰਚ ਵਿੱਚ ਇੱਕ ਅਦਾਲਤੀ ਫੈਸਲੇ ਦੁਆਰਾ ਸ਼ੁਰੂਹੋਇਆ ਸੀ ਜਿਸ ਵਿੱਚ ਬਹੁਗਿਣਤੀ ਮੇਤਈ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦਿੱਤਾ ਗਿਆ ਸੀ, ਜਿਸ ਨਾਲ ਉਨ੍ਹਾਂ ਨੂੰ ਘੱਟ ਗਿਣਤੀ ਕੁਕੀ ਕਬੀਲੇ ਵਾਂਗ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਵਿੱਚ ਆਰਥਿਕ ਲਾਭ ਅਤੇ ਕੋਟੇ ਮਿਲ ਜਾਣੇ ਹਨ। ਜ਼ਮੀਨੀ ਰਿਪੋਰਟਾਂ ਗੋਲੀਬਾਰੀ, ਲੁੱਟ-ਖੋਹ ਅਤੇ ਜਿਨਸੀ ਸ਼ੋਸ਼ਣ ਦੀਆਂ ਖਤਰਨਾਕ ਘਟਨਾਵਾਂ ਦਾ ਵੇਰਵਾ ਦਿੰਦੀਆਂ ਹਨ।




ਇੱਕ ਭਿਆਨਕ ਵੀਡੀਓ ਦਾ ਸਾਹਮਣੇ ਆਉਣਾ, ਜਿਸ ਵਿੱਚ ਹਿੰਸਾ ਪ੍ਰਭਾਵਿਤ ਭਾਰਤੀ ਰਾਜ ਮਨੀਪੁਰ ਵਿੱਚ ਭੀੜ ਦੁਆਰਾ ਦੋ ਨੰਗੀਆਂ ਔਰਤਾਂ ਦੀ ਪਰੇਡ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨਾਲ ਭੱਦੇ ਤਰੀਕੇ ਨਾਲ ਛੇੜਛਾੜ ਕੀਤੀ ਜਾਂਦੀ ਹੈ, ਨੇ ਉਜਾਗਰ ਕੀਤਾ ਹੈ ਅਕਸਰ ਸੰਘਰਸ਼ਾਂ ਦੌਰਾਨ ਸਭ ਤੋਂ ਵੱਧ ਕੌਣ ਇਸ ਦੀ ਕੀਮਤ ਅਦਾ ਕਰਦਾ ਹੈ ? ਔਰਤਾਂ ’ਤੇ ਹਮਲਾ ਲਗਭਗ ਤਿੰਨ ਮਹੀਨੇ ਪਹਿਲਾਂ ਹੋਇਆ ਸੀ ਪਰ ਟਵਿੱਟਰ ’ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਵਾਇਰਲ ਹੋ ਗਿਆ। ਪੁਲਿਸ ਸ਼ਿਕਾਇਤ ਦੇ ਅਨੁਸਾਰ, ਇੱਕ ਔਰਤ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ

ਇਕ ਤੀਜੀ ਔਰਤ ਨੂੰ ਵੀ ਜ਼ਬਰਦਸਤੀ ਕੱਪੜੇ ਉਤਾਰਨ ਲਈ ਕਿਹਾ ਗਿਆ ਪਰ ਉਹ ਵੀਡੀਓ ਵਿੱਚ ਨਜ਼ਰ ਨਹੀਂ ਆ ਰਹੀ। ਵੀਡੀਓ ’ਚ ਪਰੇਸ਼ਾਨ ਅਤੇ ਨੰਗੀਆਂ ਔਰਤਾਂ ਨੂੰ ਉਨ੍ਹਾਂ ਦੇ ਹਮਲਾਵਰਾਂ ਵੱਲੋਂ ਇਧਰ-ਉਧਰ ਧੱਕਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ। ਜਦੋਂ ਕਿ ਸਾਰੇ ਪੁਰਸ਼ਾਂ ਦੇ ਚਿਹਰੇ ਦਿਖਾਈ ਦੇ ਰਹੇ ਹਨ, ਪਰ ਇਸ ਭਿਆਨਕ ਹਮਲੇ ਦੀ ਅਗਵਾਈ ਕਰਨ ਵਾਲੇ ਸਿਰਫ਼ ਇੱਕ ਮੁੱਖ ਦੋਸ਼ੀ ਨੂੰ ਹੁਣ ਤੱਕ ਸਮੂਹਿਕ ਬਲਾਤਕਾਰ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਵੀਡੀਓ ਵਿੱਚ ਦਿਖਾਈ ਗਈ ਜਿਨਸੀ ਹਿੰਸਾ ਹਿੰਸਾ ਸ਼ੁਰੂ ਹੋਣ ਤੋਂ ਤੁਰੰਤ ਬਾਅਦ ਇੱਕ ਮੇਤਈ ਔਰਤ ਦੇ ਬਲਾਤਕਾਰ ਅਤੇ ਕਤਲ ਬਾਰੇ ਜਾਅਲੀ ਖ਼ਬਰਾਂ ਫੈਲਣ ਤੋਂ ਬਾਅਦ ਹੋਈ ਸੀ। ਇਸ ਨੇ ਕੁਕੀ ਕਬਾਇਲੀ ਔਰਤਾਂ ’ਤੇ ਕਥਿਤ ਤੌਰ ’ਤੇ ਮੇਤਈ ਭੀੜ ਦੁਆਰਾ ਬਦਲੇ ਦੀ ਹਿੰਸਾ ਦਾ ਇੱਕ ਨਵਾਂ ਅਤੇ ਮਾਰੂ ਚੱਕਰ ਸ਼ੁਰੂ ਕੀਤਾ।

ਬਲਾਤਕਾਰ ਨੂੰ ਲੰਬੇ ਸਮੇਂ ਤੋਂ ਸੰਘਰਸ਼ ਦੌਰਾਨ ਹਿੰਸਾ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ। ਹਿੰਸਾ ਦੀਆਂ ਸਭ ਤੋਂ ਵੱਡੇ ਪੱਧਰ ਦੀਆਂ ਘਟਨਾਵਾਂ - 1947 ਦੀ ਭਾਰਤ ਦੀ ਵੰਡ, 1971 ਦੀ ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ, 1984 ਦਾ ਸਿੱਖ ਕਤਲੇਆਮ, ਸ੍ਰੀਲੰਕਾ ਵਿੱਚ ਘਰੇਲੂ ਯੁੱਧ, 2002 ਦਾ ਗੁਜਰਾਤ ਮੁਸਲਿਮ ਕਤਲੇਆਮ ਦੱਖਣੀ ਏਸ਼ੀਆ ਤੋਂ ਹੀ ਦੇਖਣ ਨੂੰ ਮਿਲਦੀਆਂ

ਹਨ ਜਿਸ ਵਿੱਚ ਜਿਨਸੀ ਹਮਲੇ ਅਤੇ ਸਮੂਹਿਕ ਬਲਾਤਕਾਰ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ ਅਤੇ ਕਈ ਵਾਰ ਬੇਰਹਿਮੀ ਦੀਆਂ ਇਹ ਭਿਆਨਕ ਉਦਾਹਰਣਾਂ ਦਹਾਕਿਆਂ ਬਾਅਦ ਪਤਾ ਲੱਗਦੀਆਂ ਹਨ। ਇਨ੍ਹਾਂ ਭਿਆਨਕ ਘਟਨਾਵਾਂ ਵਿਚੋਂ ਬਚ ਨਿਕਲਣ ਆਉਣ ਵਾਲਿਆਂ ਦੇ ਬਿਆਨ ਦਰਸਾਉਂਦੇ ਹਨ ਕਿ ਅਪਰਾਧ ਅਕਸਰ ਦੂਜੇ ਵਿਰੁੱਧ ਬਦਲਾ ਲੈਣ ਲਈ ਔਰਤਾਂ ਦੇ ਸਰੀਰਾਂ, ਜਿਨ੍ਹਾਂ ਨੂੰ ਉਹਨਾਂ ਦੇ ਭਾਈਚਾਰਿਆਂ ਲਈ ਸਨਮਾਨ ਵਜੋਂ ਦੇਖਿਆ ਜਾਂਦਾ ਹੈ - ਦੀ ਉਲੰਘਣਾ ਕਰਕੇ ਕੀਤਾ ਜਾਂਦਾ ਹੈ।

ਟਕਰਾਅ ਨੂੰ ਖਤਮ ਕਰਨ ਲਈ ਰਾਜ ਦੇ ਤੰਤਰ - ਜਿਵੇਂ ਕਿ ਫੌਜ ਅਤੇ ਹੋਰ ਸੁਰੱਖਿਆ ਬਲਾਂ ’ਤੇ ਵੀ ਭਾਰਤ ਪ੍ਰਸ਼ਾਸਿਤ ਕਸ਼ਮੀਰ ਅਤੇ ਉੱਤਰ-ਪੂਰਬੀ ਰਾਜਾਂ ਅਤੇ ਦਰਬਾਰ ਸਾਹਿਬ ’ਤੇ ਜੂਨ 1984 ਵਿੱਚ ਭਾਰਤੀ ਫੌਜ ਦੇ ਹਮਲੇ ਤੋਂ ਬਾਅਦ ਸਿੱਖ ਸੰਘਰਸ਼ ਦੌਰਾਨ ਕਈ ਥਾਂਵਾਂ ’ਤੇ ਬੇਰਹਿਮੀ ਨਾਲ ਜਿਨਸੀ ਹਿੰਸਾ ਦਾ ਦੋਸ਼ ਲੱਗੇ ਹਨ।

ਔਰਤਾਂ ਆਪਣੇ ਸਰੀਰਾਂ ’ਤੇ ਕੀਤੀ ਗਈ ਇਸ ਹਿੰਸਾ ਦੀ ਕੀਮਤ ਬਹੁਤ ਨਿੱਜੀ ਹੁੰਦੀ ਹੈ ਜਿਸ ਨੂੰ ਉਹ ਅਕਸਰ ਲੁਕਾਉਂਦੀਆਂ ਹਨ। ਔਰਤਾਂ ਦੇ ਅੰਦੋਲਨ ਦਹਾਕਿਆਂ ਤੋਂ ਇਸ ਵੱਲ ਧਿਆਨ ਦਿਵਾਉਂਦੇ ਰਹੇ ਹਨ, ਫਿਰ ਵੀ ਇਹ ਜਾਰੀ ਹੈ। ਜਿਸ ਗੱਲ ਨੇ ਇਸ ਮਸਲੇ ਨੂੰ ਹੋਰ ਜਿਆਦਾ ਗੰਭੀਰ ਕੀਤਾ ਹੈ, ਉਹ ਹੈ ਰਾਜ ਦੀ ਬੇਰੁਖ਼ੀ ਅਤੇ ਰਾਜ ਦੇ ਮੁੱਖ ਮੰਤਰੀ ਦੁਆਰਾ ਨਿਯਮਿਤ ਤੌਰ ’ਤੇ ਜਾਣਕਾਰੀ ਦੇਣ ਦੇ ਬਾਵਜੂਦ 75 ਦਿਨਾਂ ਤੱਕ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਬੇਤੁਕੀ ਚੁੱਪ। ਵਿਕਰਮ ਸਿੰਘ, ਉੱਤਰ ਪ੍ਰਦੇਸ਼ ਰਾਜ ਦੇ ਸਾਬਕਾ ਪੁਲਿਸ ਮੁਖੀ ਦਾ ਕਹਿਣਾ ਹੈ ਕਿ ਇਹ ਸ਼ਰਮਨਾਕ, ਘਟਨਾ ਪੁਲਿਸ ਅਤੇ ਪ੍ਰਸ਼ਾਸਨ ’ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਭਾਰਤ ਵਰਗੇ ਦੇਸ਼ ਵਿੱਚ ਕੋਈ ਵੀ ਪ੍ਰਸ਼ਾਸਨ ਇੰਨਾ ਬੇਵੱਸ ਨਹੀਂ ਹੈ ਕਿ ਜਦੋਂ ਔਰਤਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ ਤਾਂ ਉਹ ਕੁਝ ਨਹੀਂ ਕਰ ਸਕਦਾ। ਉਹ ਕਹਿੰਦਾ ਹੈ ਕਿ ਦੋਸ਼ੀਆਂ ਤੋਂ ਇਲਾਵਾ ਪੁਲਿਸ ਅਧਿਕਾਰੀਆਂ ਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਅਕਸਰ ਔਰਤਾਂ ਦੇ ਸਸ਼ਕਤੀਕਰਨ ਅਤੇ ਲੜਕੀਆਂ ਨੂੰ ਸਿੱਖਿਅਤ ਕਰਨ ਦੀ ਗੱਲ ਕਰਦੇ ਹਨ, ਨੇ ਨਾਗਰਿਕਾਂ ਅਤੇ ਵਿਰੋਧੀ ਨੇਤਾਵਾਂ ਦੇ ਵਾਰ-ਵਾਰ ਬੁਲਾਉਣ ਦੇ ਬਾਵਜੂਦ ਪੂਰੇ ਢਾਈ ਮਹੀਨਿਆਂ ਤੱਕ ਮਨੀਪੁਰ ਦੇ ਸੰਕਟ ’ਤੇ ਜਨਤਕ ਤੌਰ ’ਤੇ ਕੋਈ ਟਿੱਪਣੀ ਨਹੀਂ ਕੀਤੀ।

ਨਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ ਰਾਜ ਦੀ ਜ਼ਿੰਮੇਵਾਰੀ ਹੈ। ਪਰ ਜ਼ਿਆਦਾਤਰ ਮਾਮਲਿਆਂ ਵਿੱਚ, ਰਾਜ ਅਤੇ ਪ੍ਰਸ਼ਾਸਨ ਨਿਆਂ ਦੀ ਲੜਾਈ ਵਿੱਚ ਪੂਰੀ ਤਰ੍ਹਾਂ ਗਾਇਬ ਹਨ। ਭਾਰਤ ਵਿੱਚ, ਬਹੁਤ ਸਾਰੇ ਹਾਲਾਤਾਂ ਵਿੱਚ ਜਿਨਸੀ ਹਿੰਸਾ ਅਕਸਰ ਰਿਪੋਰਟ ਹੀ ਨਹੀਂ ਕੀਤੀ ਜਾਂਦੀ ਹੈ ਕਿਉਂਕਿ ਸਦਮੇ ਤੋਂ ਪੀੜਤ ਔਰਤਾਂ ਆਪਣੇ ਪਰਿਵਾਰਾਂ ਦੁਆਰਾ ਬਾਹਰ ਕੱਢੇ ਜਾਣ ਅਤੇ ਸਮਾਜ ਦੁਆਰਾ ਬੇਦਖਲ ਕੀਤੇ ਜਾਣ ਤੋਂ ਡਰਦੇ ਹਨ। ਟਕਰਾਅ ਵਾਲੇ ਖੇਤਰਾਂ ਵਿੱਚ ਵੀ ਜਿਨਸੀ ਹਿੰਸਾ ਦਾ ਸ਼ਿਕਾਰ ਔਰਤਾਂ ਨੂੰ ਓਵਰਲੈਪਿੰਗ ਸਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ - ਰੋਜ਼ੀ-ਰੋਟੀ ਦੇ ਨੁਕਸਾਨ ਤੋਂ ਲੈ ਕੇ ਪਰਿਵਾਰਕ ਮੈਂਬਰਾਂ ਦੀ ਮੌਤ ਤੱਕ ਵੀ ਇਸ ਵਿਚ ਸ਼ਾਮਿਲ ਹੈ। ਬਿਲਕੀਸ ਬਾਨੋ , 2002 ਦੇ ਗੁਜਰਾਤ ਮੁਸਲਿਮ ਕਤਲੇਆਮ ਦੀ ਪੀੜਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ ਅਤੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਦੌਰਾਨ ਇੱਕ ਹਿੰਦੂ ਭੀੜ ਦੁਆਰਾ ਉਸ ਦੇ ਪਰਿਵਾਰ ਦੇ 14 ਮੈਂਬਰਾਂ ਨੂੰ ਕਤਲ ਕਰ ਦਿੱਤਾ ਗਿਆ ਸੀ। ਪਰ ਇਸ ਕੇਸ ਦੇ 11 ਦੋਸ਼ੀਆਂ ਨੂੰ ਪਿਛਲੇ ਸਾਲ ਰਾਜ ਦੀ ਭਾਜਪਾ ਸਰਕਾਰ ਦੁਆਰਾ ਜੇਲ੍ਹਤੋਂ ਜਲਦੀ ਰਿਹਾਈ ਦਿੱਤੀ ਗਈ ਸੀ। ਜਦੋਂ ਇਹ ਦੋਸ਼ੀ ਆਦਮੀ ਭਾਰਤ ਦੇ ਸੁਤੰਤਰਤਾ ਦਿਵਸ ’ਤੇ ਆਜ਼ਾਦ ਹੋਏ, ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਮਿਠਾਈਆਂ ਦੇ ਕੇ ਅਤੇ ਉਨ੍ਹਾਂ ਦੇ ਪੈਰ ਛੂਹ ਕੇ ਜਸ਼ਨ ਮਨਾਇਆ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਕੱਟੜਪੰਥੀ ਹਿੰਦੂ ਸੰਗਠਨ ਦੇ ਕਾਰਕੁਨਾਂ ਵੱਲੋਂ ਵੀ ਇਨ੍ਹਾਂ ਵਿਅਕਤੀਆਂ ਨੂੰ ਹਾਰ ਪਹਿਨਾਏ ਗਏ ਸਨ। ਬਿਲਕਿਸ ਇੱਕ ਅਪਵਾਦ ਹੈ ਕਿਉਂਕਿ ਉਹ ਬਹੁਤ ਘੱਟ ਪੀੜਤਾਂ ਵਿੱਚੋਂ ਇੱਕ ਸੀ ਜੋ ਆਪਣਾ ਕੇਸ ਲੜਨ ਦੇ ਯੋਗ ਸੀ। ਉਸ ਦਾ ਇੱਕ ਇਤਿਹਾਸਕ ਮਾਮਲਾ ਹੈ ਕਿਉਂਕਿ ਉਹ ਨਿਯਮ ਦਾ ਅਪਵਾਦ ਸੀ।

ਨਸਲੀ ਹਿੰਸਾ ਨੇ ਮਿਆਂਮਾਰ ਦੀ ਸਰਹੱਦ ਨਾਲ ਲੱਗਦੇ ਭਾਰਤ ਦੇ ਸੁੰਦਰ ਰਾਜ ਮਨੀਪੁਰ ਨੂੰ ਸੰਕਟ ਵਿੱਚ ਸੁੱਟ ਦਿੱਤਾ ਹੈ। ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਮੇਈਤੀ ਅਤੇ ਕੁਕੀ ਵਿਚਕਾਰ ਲਗਾਤਾਰ ਝੜਪਾਂ ਚੱਲ ਰਹੀਆਂ ਹਨ। ਇਹਨਾਂ ਭਾਈਚਾਰਿਆਂ ਦੇ ਨੇੜਲੇ ਪਿੰਡ ਖਾਸ ਤੌਰ ’ਤੇ ਹਮਲਿਆਂ ਲਈ

ਸੰਵੇਦਨਸ਼ੀਲ ਜਾਪਦੇ ਹਨ। ਮਨੀਪੁਰ ਵਿੱਚ ਨਸਲੀ ਪਾੜਾ ਬਹੁਤ ਡੂੰਘਾ ਹੈ। ਚੁਰਾਚੰਦਪੁਰ, ਦੱਖਣ ਵਿੱਚ ਇੱਕ ਕਬਾਇਲੀ ਜ਼ਿਲ੍ਹਾ ਅਤੇ ਮੇਈਤੀ-ਪ੍ਰਭਾਵੀ ਘਾਟੀ ਦੀ ਰਾਜਧਾਨੀ, ਇੰਫਾਲ ਦੇ ਦੱਖਣ-ਪੱਛਮ ਵਿੱਚ ਲਗਭਗ 80 ਕਿਲੋਮੀਟਰ (49 ਮੀਲ) ਹਰੀਆਂ ਭਰੀਆਂ ਪਹਾੜੀਆਂ ਦੇ ਉੱਪਰ ਸਥਿਤ ਹੈ। ਕੂਕੀ ਅਤੇ ਮੇਈਤੀ ਇੱਕ ਦੂਜੇ ਵਿੱਚ ਵਹਿ ਜਾਂਦੇ ਹਨ ਜਿਵੇਂ ਕਿ ਉੱਚੀਆਂ ਪਹਾੜੀਆਂ ਘਾਟੀ ਵਿੱਚ ਉੱਤਰਦੀਆਂ ਹਨ। ਅੱਜ, ਹਾਲਾਂ ਕਿ, ਦੋਵੇਂ ਸਮੂਹ ਇੱਕ ਦੂਜੇ ਤੋਂ ਬਹੁਤ ਤੰਗ ਹਨ, ਵੰਡੇ ਹੋਏ ਹਨ ਅਤੇ ਵੱਖ ਹੋ ਗਏ ਹਨ। ਭੂਗੋਲ ਦੀਆਂ ਮਜਬੂਰੀਆਂ ਦਾ ਮਤਲਬ ਹੈ ਕਿ ਅੰਦਾਜ਼ਨ 300,000 ਜ਼ਿਆਦਾਤਰ ਕੁਕੀ ਲੋਕ, ਜੋ ਚੂਰਾਚੰਦਪੁਰ ਵਿੱਚ ਰਹਿੰਦੇ ਹਨ, ਹੁਣ ਇੰਫਾਲ ਘਾਟੀ ਤੋਂ ਅਲੱਗ ਹੋ ਗਏ ਹਨ, ਜਿੱਥੇ ਮੇਈਤੀ ਬਹੁਗਿਣਤੀ ਦਾ ਵੀ ਰਾਜਨੀਤਿਕ ਦਬਦਬਾ ਹੈ। ਦੋਵਾਂ ਭਾਈਚਾਰਿਆਂ ਵਿਚਕਾਰ ਜੀਵਨ ਅਤੇ ਕੰਮਕਾਜ ਠੱਪ ਹੋ ਗਿਆ ਹੈ। ਸਾਰੇ ਰਾਜ ਵਿੱਚ ਇੰਟਰਨੈਟ ਕੱਟ ਦਿੱਤਾ ਗਿਆ ਹੈ, ਜਿਸ ਨਾਲ ਅਲੱਗ-ਥਲੱਗਤਾ ਹੋਰ ਵਧ ਗਈ ਹੈ। ਹੁਣ ਇੱਕ ਅੰਤਰਰਾਸ਼ਟਰੀ ਫੋਰਮ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਇਸ਼ਾਰਾ ਕੀਤਾ ਹੈ ਕਿ ਪਿਛਲੇ ਪੰਜ ਸਾਲਾਂ ਤੋਂ ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਸਭ ਤੋਂ ਵੱਧ ਇੰਟਰਨੈਟ ਬੰਦ ਹੁੰਦਾ ਹੈ। ਕਿਮੂਈ ਲਹੂਵਮ, ਕਾਂਗਪੋਕਪੀ ਦੀ ਇੱਕ ਸਮਾਜਿਕ ਕਾਰਕੁਨ, ਜਿੱਥੇ ਕੂਕੀ ਕਬੀਲੇ ਦੀਆਂ ਦੋ ਔਰਤਾਂ ਨੂੰ ਬੇਇੱਜਤ ਕੀਤਾ ਗਿਆ ਸੀ, ਦਾ ਕਹਿਣਾ ਹੈ ਕਿ ਅਸੀਂ ਹਿੰਸਾ ਦੇ ਸ਼ੁਰੂ ਹੋਣ ਦੇ ਸਮੇਂ ਤੋਂ ਅਜਿਹੀਆਂ ਘਟਨਾਵਾਂ ਬਾਰੇ ਗੱਲ ਕਰ ਰਹੇ ਹਾਂ, ਕਿਸੇ ਨੇ ਸਾਡੀ ਗੱਲ ਨਹੀਂ ਸੁਣੀ। ਮਨੀਪੁਰ ਰਾਜ ਨੇ 3 ਮਈ ਤੋਂ ਬਹੁਤ ਪਹਿਲਾਂ ਸਾਡੇ ਭਾਈਚਾਰੇ ਤੋਂ ਮੂੰਹ ਮੋੜ ਲਿਆ ਸੀ। ਸਾਡੇ ਲਈ ਹੁਣ ਨਿਆਂ ਮੌਜੂਦ ਹੀ ਨਹੀਂ ਹੈ। ਅਸੀਂ ਇਸ ਹੱਦ ਤੱਕ ਅਮਾਨਵੀ ਹੋ ਚੁੱਕੇ ਹਾਂ ਕਿ ਪਿੱਛੇ ਮੁੜਨ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ।

# ਨਸਲੀ ਸੰਘਰਸ਼ ਮਨੀਪੁਰ ਨੂੰ ਬਣਾ ਰਿਹਾ ਹੈ ਇੱਕ ਖ਼ਤਰਨਾਕ ਸਥਾਨ



ਰਣਜੀਤ ਸਿੰਘ ਕੁੱਕੀ ਗਿੱਲ

ਬਾਲਕਨ, ਰਵਾਂਡਾ, ਚੇਚਨੀਆ, ਇਰਾਕ, ਇੰਡੋਨੇਸ਼ੀਆ, ਸ਼੍ਰੀਲੰਕਾ, ਭਾਰਤ ਅਤੇ ਦਾਰਫੁਰ ਦੇ ਨਾਲ-ਨਾਲ ਇਜ਼ਰਾਈਲ, ਵੈਸਟ ਬੈਂਕ ਅਤੇ ਗ਼ਾਜ਼ਾ ਪੱਟੀ ਵਿੱਚ ਚੱਲ ਰਹੇ ਸੰਘਰਸ਼ 20ਵੀਂ ਸਦੀ ਦੇ ਅਖੀਰ ਤੋਂ ਲੈ ਕੇ 21ਵੀਂ ਸਦੀ ਦੇ ਸ਼ੁਰੂ ਤੱਕ ਸਭ ਤੋਂ ਮਸ਼ਹੂਰ ਅਤੇ ਘਾਤਕ ਉਦਾਹਰਣਾਂ ਵਿੱਚੋਂ ਇੱਕ ਹਨ। ਨਸਲੀ ਟਕਰਾਅ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਲਈ ਵੱਡੇ ਖ਼ਤਰਿਆਂ ਵਿੱਚੋਂ ਇੱਕ ਹੈ। ਰਾਜਾਂ ਅਤੇ ਕੁਝ ਮਾਮਲਿਆਂ ਵਿੱਚ, ਇੱਥੋਂ ਤੱਕ ਕਿ ਪੂਰੇ ਖੇਤਰ ਦੀ ਅਸਥਿਰਤਾ ਨਸਲੀ ਹਿੰਸਾ ਦਾ ਇੱਕ ਆਮ ਨਤੀਜਾ ਹੈ। ਨਸਲੀ ਟਕਰਾਅ ਵਿੱਚ ਅਕਸਰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਵੀ ਸ਼ਾਮਿਲ ਹੁੰਦੀ ਹੈ, ਜਿਵੇਂ ਕਿ ਨਸਲਕੁਸ਼ੀ ਅਤੇ ਮਨੁੱਖਤਾ ਦੇ ਵਿਰੁੱਧ ਅਪਰਾਧ ਅਤੇ ਆਰਥਿਕ ਗਿਰਾਵਟ, ਰਾਜ ਦੀ ਅਸਫਲਤਾ, ਵਾਤਾਵਰਣ ਦੀਆਂ ਸਮੱਸਿਆਵਾਂ ਅਤੇ ਸ਼ਰਨਾਰਥੀਆਂ ਦੀ ਸਮੱਸਿਆ। ਹਿੰਸਕ ਨਸਲੀ ਸੰਘਰਸ਼ ਬਹੁਤ ਜ਼ਿਆਦਾ ਮਨੁੱਖੀ ਤਕਲੀਫ਼ਾਂ ਵੱਲ ਲੈ ਜਾਂਦਾ ਹੈ।

ਨਸਲ ਅਤੇ ਨਸਲੀ ਸ਼ਬਦਾਂ ਦੀਆਂ ਜੜ੍ਹਾਂ ਯੂਨਾਨੀ ਸ਼ਬਦ ਐਥਨੋਸ ਵਿੱਚ ਹਨ, ਜੋ ਕਿ ਸਾਂਝੇ ਮੂਲ ਦੇ ਇੱਕ ਭਾਈਚਾਰੇ ਦਾ ਵਰਣਨ ਦਿੰਦਾ ਹੈ। ਨਸਲੀ ਟਕਰਾਵਾਂ ਸੰਬੰਧੀ ਖੋਜ ਵਿੱਚ, ਨਸਲੀ ਸਮੂਹ, ਫਿਰਕੂ ਸਮੂਹ, ਨਸਲੀ ਭਾਈਚਾਰਾ, ਲੋਕ, ਅਤੇ ਘੱਟ ਗਿਣਤੀ ਸ਼ਬਦ ਜ਼ਿਆਦਾਤਰ ਇੱਕ ਦੂਜੇ ਦੇ ਬਦਲਵੇਂ ਰੂਪ ਵਿੱਚ ਵਰਤੇ ਜਾਂਦੇ ਹਨ। ਨਸਲੀ ਸਮੂਹਾਂ ਦੀ ਪਛਾਣ ਕਰਨ ਲਈ ਦੋ ਤੱਤ ਆਧਾਰ ਪ੍ਰਦਾਨ ਕਰਦੇ ਹਨ ਪਹਿਲਾ, ਸੱਭਿਆਚਾਰਕ ਗੁਣਾਂ ਦਾ ਲਹਿਜ਼ਾ ਅਤੇ ਦੂਜਾ, ਇਹ ਭਾਵਨਾ ਕਿ ਉਹ ਗੁਣ ਸਮੂਹ ਨੂੰ ਸਮਾਜ ਦੇ ਉਹਨਾਂ ਮੈਂਬਰਾਂ ਤੋਂ ਵੱਖਰਾ ਕਰਦੇ ਹਨ ਜੋ ਵੱਖੋ-ਵੱਖਰੀਆਂ ਵਿਸ਼ੇਸ਼ਤਾਵਾਂ ਨੂੰ ਸਾਂਝਾ ਨਹੀਂ ਕਰਦੇ ਹਨ। ਐਂਥਨੀ ਡੀ. ਸਮਿਥ, ਨਸਲੀ ਅਤੇ ਰਾਸ਼ਟਰਵਾਦ ਦੇ ਅਧਿਐਨ ਦੇ ਵਿਦਵਾਨ, ਨੇ ਨਸਲੀ ਮਾਪਦੰਡਾਂ ਦੀ ਪਛਾਣ ਕੀਤੀ ਜੋ ਫਿਰਕੂ ਪਛਾਣ ਦੀ ਸ਼ੁਰੂਆਤ ਪ੍ਰਦਾਨ ਕਰਦੇ ਹਨ। ਇਹਨਾਂ ਵਿੱਚ ਸਾਂਝੇ ਇਤਿਹਾਸਕ ਅਨੁਭਵ ਅਤੇ ਯਾਦਾਂ, ਸਾਂਝੇ ਮੂਲ ਦੇ ਮਿਥਿਹਾਸ, ਇੱਕ ਸਾਂਝਾ ਸੱਭਿਆਚਾਰ ਅਤੇ ਨਸਲ, ਅਤੇ ਇੱਕ ਇਤਿਹਾਸਕ ਖੇਤਰ ਜਾਂ ਇੱਕ ਵਤਨ ਨਾਲ ਇੱਕ ਲਿੰਕ ਸ਼ਾਮਲ ਹੈ, ਜਿਸ ਵਿੱਚ ਸਮੂਹ ਵਰਤਮਾਨ ਵਿੱਚ ਵੱਸਦਾ ਹੋ ਸਕਦਾ ਹੈ ਜਾਂ ਨਹੀਂ। ਸਾਂਝੇ ਸੱਭਿਆਚਾਰ ਦੇ ਤੱਤਾਂ ਵਿੱਚ ਭਾਸ਼ਾ, ਧਰਮ, ਕਾਨੂੰਨ, ਰੀਤੀ-ਰਿਵਾਜ, ਸੰਸਥਾਵਾਂ, ਪਹਿਰਾਵਾ, ਸੰਗੀਤ, ਸ਼ਿਲਪਕਾਰੀ, ਆਰਕੀਟੈਕਚਰ ਅਤੇ ਇੱਥੋਂ ਤੱਕ ਕਿ ਭੋਜਨ ਵੀ ਸ਼ਾਮਲ ਹਨ। ਨਸਲੀ ਭਾਈਚਾਰੇ ਏਕਤਾ ਅਤੇ ਸਵੈ-ਜਾਗਰੂਕਤਾ ਦੇ ਚਿੰਨ੍ਹ ਦਿਖਾਉਂਦੇ ਹਨ, ਜੋ ਅਕਸਰ ਸਮੂਹ ਦੁਆਰਾ ਦਿੱਤੇ ਗਏ ਨਾਮ ਦੁਆਰਾ ਪ੍ਰਗਟ ਕੀਤੇ ਜਾਂਦੇ ਹਨ।

ਮਨੀਪੁਰ ਦੇ ਮੁੱਖ ਨਸਲੀ ਸਮੂਹਾਂ: ਕੂਕੀ, ਮੇਈਤੀ ਅਤੇ ਨਾਗਾ ਦੀਆਂ ਆਪਣੀਆਂ ਰਾਜਨੀਤਿਕ ਇੱਛਾਵਾਂ ਮਨੀਪੁਰ ਦੇ ਰਾਜਨੀਤਿਕ ਭਵਿੱਖ ਨੂੰ ਲੈ ਕੇ ਵਿਵਾਦਾਂ ਵਿੱਚ ਹਨ। ਇੱਕ ਪਾਸੇ, ਮੱਧ ਨੀਵੇਂ ਮੈਦਾਨ ਵਿੱਚ ਰਹਿਣ ਵਾਲੇ ਮੇਈਤੀ ਲੋਕ ਪੂਰੀ ਪ੍ਰਭੂਸੱਤਾ ਵਾਲਾ ਮਨੀਪੁਰ ਦੇਸ਼ ਚਾਹੁੰਦੇ ਹਨ ਅਤੇ ਦੂਜੇ ਪਾਸੇ, ਮੈਦਾਨਾਂ ਦੇ ਆਲੇ ਦੁਆਲੇ ਦੀਆਂ ਪਹਾੜੀਆਂ ਵਿੱਚ ਰਹਿਣ ਵਾਲੇ ਨਾਗਾ ਅਤੇ ਕੂਕੀ ਦੋਵੇਂ ਹੀ ਇਸ ਦੇ ਪੁਨਰਗਠਨ ਦੇ ਹੱਕ ਵਿੱਚ ਹਨ ਅਤੇ ਚਾਹੁੰਦੇ ਹਨ ਕਿ ਮਨੀਪੁਰ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਵੇ ਤਾਂ ਜੋ ਉਹ ਮਨੀਪੁਰ ਤੋਂ ਬਾਹਰ ਕੁਝ ਖੇਤਰਾਂ ਨੂੰ ਕੰਟਰੋਲ ਕਰ ਸਕਣ। ਨਾਗਾ ਆਪਣੇ ਵਤਨ ਨੂੰ ਨਾਗਾਲਿਮ ਕਹਿੰਦੇ ਹਨ , ਜਦੋਂ ਕਿ ਕੂਕੀ ਆਪਣੇ ਵਤਨ ਨੂੰ ਕੁਕੀਲੈਂਡ ਕਹਿੰਦੇ ਹਨ । ਜੇਕਰ ਨਾਗਾਲਿਮ ਅਤੇ ਕੁਕੀਲੈਂਡ ਨੂੰ ਮਨੀਪੁਰ ਤੋਂ ਵੱਖ ਭਾਰਤ ਦੇ ਦੋ ਨਵੇਂ ਰਾਜਾਂ ਵਿੱਚ ਦੇ ਰੂਪ ਵਿੱਚ ਬਣਾਇਆ ਜਾਂਦਾ ਹੈ, ਤਾਂ ਮਨੀਪੁਰ ਆਪਣੀ ਜ਼ਮੀਨ ਦਾ ਵੱਡਾ ਹਿੱਸਾ




ਗੁਆ ਦੇਵੇਗਾ ਪਰ, ਇਹ ਚੁਣੌਤੀ ਰਹਿਤ ਨਹੀਂ ਹੋਵੇਗਾ ਕਿਉਂਕਿ ਮੇਈਤੀ ਮਨੀਪੁਰ ਅਤੇ ਇਸ ਦੇ ਖੇਤਰ ਦੀ ਅਖੰਡਤਾ ਨੂੰ ਸੁਰੱਖਿਅਤ ਰੱਖਣ ਲਈ ਦ੍ਰਿੜ੍ਹ ਹਨ, ਜਦੋਂ ਕਿ ਨਾਗਾ ਅਤੇ ਕੂਕੀ ਆਪਣੇ ਖੇਤਰੀ ਦਾਅਵਿਆਂ ਦੇ ਓਵਰਲੈਪ ਹੋਣ ਕਾਰਨ ਆਪਸ ਵਿੱਚ ਭਿੜ ਰਹੇ ਹਨ। ਤਿੰਨੋਂ ਨਸਲੀ ਸਮੂਹ ਮਨੀਪੁਰ ਅਤੇ ਟਕਰਾਅ ਪੈਦਾ ਕਰਨ ਵਾਲੇ ਮੁੱਦਿਆਂ ਵਿੱਚ ਜਾਤੀ ਦੇ ਸਿਆਸੀ ਦਾਅਵੇ ਨੂੰ ਵੱਖੋ-ਵੱਖਰੇ ਢੰਗ ਨਾਲ ਦੇਖਦੇ ਹਨ।

ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਦੌਰਾਨ ਮਨੀਪੁਰ ਪਹਿਲਾਂ ਇੱਕ ਰਿਆਸਤ ਮੂਲ ਰਾਜ ਸੀ, ਜਿਸ ਵਿੱਚ ਮੇਈਤੀ ਰਾਜਿਆਂ ਨੇ ਉਦੋਂ ਤੱਕ ਕਾਫ਼ੀ ਖ਼ੁਦਮੁਖ਼ਤਿਆਰੀ ਦਾ ਆਨੰਦ ਮਾਣਿਆ ਸੀ ਜਦੋਂ ਤੱਕ ਉਹ ਬਸਤੀਵਾਦੀ ਹਿੱਤਾਂ ਦਾ ਸਤਿਕਾਰ ਕਰਦੇ ਸਨ। 1949 ਵਿੱਚ ਭਾਰਤ ਵਿੱਚ ਰਲੇਵੇਂ ਤੋਂ ਬਾਅਦ ਮਨੀਪੁਰ ਨੇ ਆਪਣੀ ਖ਼ੁਦਮੁਖ਼ਤਿਆਰੀ ਗੁਆ ਦਿੱਤੀ ਅਤੇ 23 ਸਾਲ ਬਾਅਦ ਮਨੀਪੁਰ ਭਾਰਤ ਦੇ ਰਾਜਾਂ ਵਿੱਚੋਂ ਇੱਕ ਬਣ ਗਿਆ। ਇਹ ਭਾਰਤ ਦੇ ਉੱਤਰ-ਪੂਰਬੀ ਹਿੱਸੇ ਵਿੱਚ ਸਥਿਤ ਹੈ। ਇਹ ਮਿਆਂਮਾਰ, ਅਤੇ ਭਾਰਤ ਦੇ ਮਿਜ਼ੋਰਮ, ਨਾਗਾਲੈਂਡ ਅਤੇ ਅਸਾਮ ਦੇ ਰਾਜਾਂ ਨਾਲ ਜ਼ਮੀਨੀ ਸਰਹੱਦ ਸਾਂਝੀ ਕਰਦਾ ਹੈ। ਮਨੀਪੁਰ ਦੋ ਭੂਗੋਲਿਕ ਖੇਤਰਾਂ ਤੋਂ ਬਣਿਆ ਹੈ ਪਹਾੜੀ ਅਤੇ ਮੈਦਾਨੀ (ਵਾਦੀ)। ਮਨੀਪੁਰ ਵਿੱਚ ਮੋਟੇ ਤੌਰ ’ਤੇ ਮੇਈਤੀ, ਮੇਈਤੀ-ਮੁਸਲਮਾਨ, ਨਾਗਾ ਅਤੇ ਕੂਕੀ ਵਰਗੇ ਨਸਲੀ ਸਮੂਹ ਰਹਿੰਦੇ ਹਨ। ਜ਼ਿਆਦਾਤਰ ਨਾਗਾ ਅਤੇ ਕੂਕੀ ਨੂੰ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਪਛੜੇਪਣ ਕਾਰਨ ਅਧਿਕਾਰਤ ਤੌਰ ’ਤੇ 29 ਅਨੁਸੂਚਿਤ ਕਬੀਲਿਆਂ ਵਿੱਚ ਮਾਨਤਾ ਪ੍ਰਾਪਤ ਹੈ। ਇਸ ਲਈ, ਉਹ ਨੌਕਰੀਆਂ, ਸਿੱਖਿਆ ਅਤੇ ਭਲਾਈ ਪ੍ਰੋਗਰਾਮਾਂ ਵਿੱਚ ਰਾਖਵੇਂਕਰਨ ਦੇ ਲਾਭਾਂ ਦਾ ਆਨੰਦ ਲੈਂਦੇ ਹਨ ਕਿਉਂਕਿ ਮੇਈਤੀ ਅਤੇ ਮੀਏਤੀ-ਮੁਸਲਮਾਨਾਂ ਨੂੰ ਵਧੇਰੇ ਉੱਨਤ ਮੰਨਿਆ ਜਾਂਦਾ ਹੈ, ਉਹਨਾਂ ਨੂੰ ਅਨੁਸੂਚਿਤ ਕਬੀਲਿਆਂ ਵਜੋਂ ਮਾਨਤਾ ਨਹੀਂ ਦਿੱਤੀ ਜਾਂਦੀ ਹੈ ਅਤੇ ਅੱਗੇ ਉਹਨਾਂ ਨੂੰ ਪਹਾੜੀ ਖੇਤਰਾਂ ਵਿੱਚ ਰੀਅਲ ਅਸਟੇਟ ਅਤੇ ਹੋਰ ਜ਼ਮੀਨ ਖਰੀਦਣ ਅਤੇ ਮਾਲਕੀ ਕਰਨ ਲਈ ਕਾਨੂੰਨ ਦੁਆਰਾ ਪਾਬੰਦੀ ਹੈ ਜਦੋਂ ਕਿ ਅਨੁਸੂਚਿਤ ਕਬੀਲਿਆਂ ਦੇ ਮੈਂਬਰ ਮਨੀਪੁਰ ਵਿੱਚ ਕਿਤੇ ਵੀ ਜ਼ਮੀਨ ਖਰੀਦ ਸਕਦੇ ਹਨ ਅਤੇ ਮਾਲਕ ਹੋ ਸਕਦੇ ਹਨ।ਮਨੀਪੁਰ ਸਰਕਾਰ ਅਤੇ ਕਈ ਵਿਦਰੋਹੀ ਸਮੂਹਾਂ ਵਿਚਕਾਰ ਹਥਿਆਰਬੰਦ ਟਕਰਾਅ ਦਾ ਗਵਾਹ ਰਿਹਾ ਹੈ ਅਤੇ ਭਾਰਤ ਦੇ ਸੰਘਵਾਦ ਦੇ ਅੰਦਰ ਨਵੇਂ ਰਾਜਾਂ ਦੀ ਸਿਰਜਣਾ ਜਾਂ ਭਾਰਤ ਤੋਂ ਆਜ਼ਾਦੀ ਦੀ ਮੰਗ ਨੂੰ ਲੈ ਕੇ ਨਸਲੀ ਸਮੂਹਾਂ ਵਿਚਕਾਰ ਸੰਘਰਸ਼ ਹੁੰਦਾ ਰਿਹਾ ਹੈ। ਇਹਨਾਂ ਟਕਰਾਵਾਂ ਦੇ ਨਤੀਜੇ ਵਜੋਂ ਬਹੁਤ ਸਾਰੇ ਫਲੈਸ਼ਪੁਆਇੰਟ ਪੈਦਾ ਹੋਏ ਹਨ ਜਿਨ੍ਹਾਂ ਨੇ ਘਰੇਲੂ ਅਤੇ ਵਿਸ਼ਵ-ਵਿਆਪੀ ਧਿਆਨ ਖਿੱਚਿਆ ਹੈ। ਨਸਲੀ ਸਮੂਹ ਆਪਣੀ ਸਥਿਤੀ, ਆਰਥਿਕ ਭਲਾਈ, ਨਾਗਰਿਕ ਅਧਿਕਾਰਾਂ ਅਤੇ ਵਿਦਿਅਕ ਮੌਕਿਆਂ ਵਿੱਚ ਤਬਦੀਲੀ ਲਈ ਰਾਜਨੀਤਿਕ ਖੇਤਰ ਵਿੱਚ ਮੰਗਾਂ ਕਰਨ ਲਈ ਨਸਲੀਅਤਾ ਦੀ ਵਰਤੋਂ ਕਰਦੇ ਹਨ। ਅਸਲ ਵਿੱਚ ਉਹ ਹਿੱਤ ਸਮੂਹ ਦੀ ਰਾਜਨੀਤੀ ਕਰਦੇ ਹਨ ਅਤੇ ਕਈ ਵਾਰ ਇੱਕ ਕਿਸਮ ਦੀ ਅਵੁੱਕਵੀਂ ਸੌਦੇਬਾਜ਼ੀ ਦਾ ਗਠਨ ਕਰ ਸਕਦੇ ਹਨ। ਨਸਲੀ ਚੇਤਨਾ ਪੈਦਾ ਕਰਨ ਵਾਲਾ ਮੁੱਖ ਕਾਰਕ ਭਾਵਨਾਤਮਕ ਜਾਂ ਮਨੋਵਿਗਿਆਨਕ ਨਹੀਂ ਬਲਕਿ ਰਾਜਨੀਤਿਕ ਹੈ ਅਤੇ ਨਸਲੀ ਲਾਮਬੰਦੀ ਖੇਤਰ, ਸਰੋਤਾਂ ਅਤੇ ਸ਼ਕਤੀ ’ਤੇ ਕੇਂਦ੍ਰਤ ਹੋ ਜਾਂਦੀ ਹੈ। ਨਸਲੀ ਸਮੂਹ ਦੁਆਰਾ ਕਬਜ਼ਾ ਕੀਤੇ ਗਏ ਖੇਤਰ ਨਸਲੀ ਪਛਾਣ ਲਈ ਮਹੱਤਵਪੂਰਨ ਹਨ। ਵਿਆਪਕ ਰੂਪ ਵਿੱਚ, ਪਛਾਣ ਲੋਕਾਂ ਦੀਆਂ ਧਾਰਨਾਵਾਂ ਹਨ ਕਿ ਉਹ ਕੌਣ ਹਨ, ਉਹ ਕਿਸ ਤਰ੍ਹਾਂ ਦੇ ਲੋਕ ਹਨ, ਅਤੇ ਉਹ ਦੂਜਿਆਂ ਨਾਲ ਕਿਵੇਂ ਸਬੰਧ ਰੱਖਦੇ ਹਨ।

ਪਛਾਣ ਮਾਣ ਅਤੇ ਅਨੰਦ ਦਾ ਇੱਕ ਸਰੋਤ ਹੋ ਸਕਦੀ ਹੈ ਪਰ ਇਹ ਮਾਰ ਵੀ ਸਕਦੀ ਹੈ ਅਤੇ ਇੱਕ ਵਿਲੱਖਣ ਅਤੇ ਚੋਣਹੀਣ ਪਛਾਣ ਦੇ ਭਰਮ ਦੁਆਰਾ ਬਹੁਤ ਸਾਰੇ ਝਗੜਿਆਂ ਨੂੰ ਕਾਇਮ ਰੱਖਿਆ ਜਾਂਦਾ ਹੈ। ਰਾਸ਼ਟਰਵਾਦ ਅਤੇ ਨਸਲੀ ਟਕਰਾਅ ਦੇ ਵਿਕਾਸ ਵਿੱਚ ਪਛਾਣ ਇੱਕ ਸ਼ਕਤੀਸ਼ਾਲੀ ਤੱਤ ਹੈ। ਲੋਕਾਂ ਦੀ ਨਸਲੀ ਪਛਾਣ ਦੀ ਮੁੱਖਤਾ ਪ੍ਰਮੁੱਖ ਰੂਪ ਵਿੱਚ ਤਿੰਨ ਕਾਰਕਾਂ ਕਰਕੇ ਹੁੰਦੀ ਹੈ, ਜਿਸ ਹੱਦ ਤੱਕ ਉਹ ਸੱਭਿਆਚਾਰਕ ਤੌਰ ’ਤੇ ਦੂਜੇ ਸਮੂਹਾਂ ਤੋਂ ਵੱਖਰੇ ਹਨ (**ਬਾਕੀ ਸਫ਼ਾ 31 ’ਤੇ**)

# ਵਿਰੋਧੀ ਪਾਰਟੀਆਂ ਦੇ ਗੱਠਜੋੜ ਕਾਰਨ ਮੋਦੀ ਘਬਰਾਹਟ ਵਿੱਚ ਕਿਉਂ ?



ਐਡਵੋਕੇਟ ਗੁਰਮੀਤ ਸ਼ੁਗਲੀ

ਜੋ ਪ੍ਰਧਾਨ ਮੰਤਰੀ ਦੇ ਚਿਹਰੇ ’ਤੇ ਘਬਰਾਹਟ ਅਤੇ ਉਦਾਸੀ ਅੱਜ ਕੱਲ੍ਹ ਦਿਖਾਈ ਦੇ ਰਹੀ ਹੈ, ਉਹੋ ਜਿਹੀ ਪਹਿਲਾਂ ਘੱਟ ਹੀ ਦਿਖਾਈ ਦਿੱਤੀ ਸੀ। ਜੋ ਇੰਡੀਆ ਦੀ ਸ਼ਕਲ ਵਿੱਚ ਬਣਿਆ ਵਿਰੋਧੀ ਪਾਰਟੀਆਂ ਦਾ ਗੱਠਜੋੜ ਅੱਜ-ਕੱਲ੍ਹ ਦਿਖਾਈ ਦਿੱਤਾ ਹੈ, ਉਹ ਜੋਸ਼ ਪਹਿਲੇ ਬਣੇ ਗੱਠਜੋੜ ਵਿੱਚ ਘੱਟ ਦਿਖਾਈ ਦਿੰਦਾ ਸੀ। ਜਿਵੇਂ ਪਟਨਾ ਤੋਂ ਬਾਅਦ ਬੰਗਲੁਰੂ ਮੀਟਿੰਗ ਵਿੱਚ ਸਭ ਮੁੱਦਿਆਂ ’ਤੇ ਸਭ ਨੇ ਸਹਿਮਤੀ ਦਿਖਾਈ ਹੈ, ਉਹ ਆਪਣੇ ਆਪ ਵਿੱਚ ਇੱਕ ਮਹਾਨ ਕਾਰਜ ਹੋ ਨਿੱਬੜਿਆ ਹੈ। ਇਸ ਨੇ ਐੱਨ ਡੀ ਏ ਜਾਣੀ, ਰਾਜ ਕਰਦੀ ਭਾਜਪਾ ਅਤੇ ਬਾਕੀ ਸਹਿਯੋਗੀ ਟੁਕੜੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਉਨ੍ਹਾਂ ਨੇ ਵੱਖ-ਵੱਖ ਹਿੱਸਿਆਂ ਤੋਂ ਆਈ ਐੱਨ ਡੀ ਆਈ ਏ ਨੇ ਨਾਮ ਰੱਖਣ ’ਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਜਿਵੇਂ ਉਨ੍ਹਾਂ ਨੂੰ ਪਹਿਲਾਂ ਹੀ ਭਿਣਕ ਪੈ ਚੁੱਕੀ ਹੋਵੇ ਕਿ ਆਈ ਐੱਨ ਡੀ ਆਈ ਏ ਨੂੰ ਹਰਾਉਣਾ ਅਤਿ ਮੁਸ਼ਕਿਲ ਹੈ ਪਰ ਉਹ ਵਿਰੋਧ ਕਰਨ ਸਮੇਂ ਆਪ ਭੁੱਲ ਗਏ ਕਿ ਇਹ ਉਹ ਆਈ ਐੱਨ ਡੀ ਆਈ ਏ ਹੀ ਹੈ ਜਿਸ ਨੂੰ ਨਿੱਤ ਪ੍ਰਧਾਨ ਮੰਤਰੀ ਜੀ ਆਪਣੇ ਸੰਬੋਧਨਾਂ ਵਿੱਚ ‘ਮੇਕ ਇੰਨ ਇੰਡੀਆ’, ‘ਸਟਾਰਟ ਅੱਪ ਇੰਡੀਆ’ ਅਤੇ ‘ਖੇਲੋ ਇੰਡੀਆ’ ਆਦਿ ਦੇ ਨਾਅਰੇ ਲਾ ਕੇ ਇਹ ਪ੍ਰਚਾਰਨ ਦੀ ਕੋਸ਼ਿਸ਼ ਕਰਦੇ ਸਨ ਕਿ ਇੰਡੀਆ ਪ੍ਰਤੀ ਅਸੀਂ ਹੀ ਫਿਕਰਮੰਦ ਹਾਂ।

ਭਾਜਪਾ ਪ੍ਰਧਾਨ ਨੱਢਾ ਅਕਸਰ ਆਪਣੀਆਂ ਕਾਨਫਰੰਸਾਂ ਵਿੱਚ ਕਾਂਗਰਸ ਨੂੰ ਘੱਟ ਗਿਆਨ ਵਾਲੀ ਪਾਰਟੀ ਅਤੇ ਘੱਟ ਅੰਗਰੇਜ਼ੀ ਤੋਂ ਦੂਰ ਰਹਿਣ ਵਾਲੀ ਪਾਰਟੀ ਪ੍ਰਚਾਰਦੇ ਰਹੇ। ਪਰ ਮਹਾਂਗੱਠਜੋੜ ਦਾ ਕ੍ਰਿਸ਼ਮਾ ਦੇਖੋ ਕਿ ਉਨ੍ਹਾਂ ਗੱਠਜੋੜ ਦੇ ਨਾਮ ਕਰਨ ਵੇਲੇ ਹੀ ਐੱਨ ਡੀ ਏ ਵੱਲ ਅਜਿਹਾ ਆਈ ਐੱਨ ਡੀ ਆਈ ਏ ਰੂਪੀ ਗੇਂਦ ਸੁੱਟਿਆ ਕਿ ਉਨ੍ਹਾਂ ਨੂੰ ਫੌਰਨ ਕੁਝ ਸੁੱਝ ਨਹੀਂ ਰਿਹਾ। ਹੋਰ ਤਾਂ ਹੋਰ, ਅੱਜ ਕਲ ਲੰਬੀ ਹੇਕ ਵਿੱਚ ਪ੍ਰਧਾਨ ਮੰਤਰੀ ਆਖ ਰਹੇ ਹਨ ਕਿ ਹਮ ਕਿਸੇ ਵੀ ਭ੍ਰਿਸ਼ਟਾਚਾਰੀ ਕੋ ਛੋੜੇਂਗੇ ਨਹੀਂ, ਪਰ ਆਖਣ ਸਮੇਂ ਉਹ ਭੁੱਲ ਜਾਂਦੇ ਹਨ ਕੁਝ ਹਫ਼ਤੇ ਪਹਿਲਾਂ ਜੋ ਉਨ੍ਹਾਂ ਬਹੁ ਕਰੋੜੀ ਭ੍ਰਿਸ਼ਟਾਚਾਰੀਆਂ ਵੱਲ ਇਸ਼ਾਰਾ ਕੀਤਾ ਸੀ, ਜਿਹੜੇ ਮਹਾਰਾਸ਼ਟਰ ਨਾਲ ਸੰਬੰਧ ਰੱਖਦੇ ਸਨ - ਅਜੇ ਪ੍ਰਧਾਨ ਮੰਤਰੀ ਦੇ ਬਿਆਨਾਂ ਦੀ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਉਨ੍ਹਾਂ ਸਭ ਭ੍ਰਿਸ਼ਟ ਆਗੂਆਂ ਦੀ ਕੁੜਮਾਂ ਵਾਂਗ ਕਲਾਵਿਆਂ ਵਿੱਚ ਲੈ ਕੇ ਸਵਾਗਤ ਕੀਤਾ, ਨਾਲ ਹੀ ਉਨ੍ਹਾਂ ਨੂੰ ਮੂੰਹ ਮੰਗੇ ਮਹਿਕਮੇ ਦੇ ਕੇ ਸਵਾਗਤ ਕੀਤਾ। ਮਹਿਲਾ ਪਹਿਲਵਾਨਾਂ ਦੀ ਜਥੇਬੰਦੀ ਦਾ ਪ੍ਰਧਾਨ ਪਰਚਾ ਦਰਜ ਹੋਣ ’ਤੇ ਵੀ ਨਹੀਂ ਫੜਿਆ, ਚਲਾਣ ਦੇਣ ’ਤੇ ਜ਼ਮਾਨਤ ਮਿਲ ਗਈ ਕਿਉਂਕਿ ਪਿੱਠ ’ਤੇ ਰਾਜ ਕਰਦਾ ਲਾਣਾ ਸੀ। ਐੱਨ ਡੀ ਏ ਦੇ ਸਭ ਨੇੜਲੇ ਸਾਥੀ ਬੈਂਕਾਂ ਦੇ ਪੈਸੇ ਲੈ ਕੇ ਦੌੜੇ ਹੋਏ ਹਨ।



ਵਿਖਾਵੇ ਦੀ ਕਾਰਵਾਈ ਕਰਕੇ ਜਨਤਾ ਦੇ ਹੰਝੂ ਪੂੰਝੇ ਜਾ ਰਹੇ ਹਨ। ਸਮੇਂ ਸਮੇਂ ’ਤੇ ਆਪ ਐਲਾਨੇ ਵਾਅਦੇ ਪੂਰੇ ਨਹੀਂ ਕੀਤੇ ਗਏ। ਆਪਣੇ ਹੀ ਵਾਅਦਿਆਂ ਨੂੰ ਜੁਮਲੇ ਆਖ ਕੇ ਮਜ਼ਾਕ ਉਡਾਇਆ। ਮਹਿੰਗਾਈ, ਬੇਰੁਜ਼ਗਾਰੀ, ਜਾਤ-ਪਾਤ, ਊਚ-ਨੀਚ, ਹਿੰਦੂ-ਮੁਸਲਮਾਨ ਦਾ ਰੌਲ਼ਾ ਪਾਇਆ ਜਾ ਰਿਹਾ ਹੈ। ਅੰਧ-ਭਗਤ ਭੁੱਖੇ ਢਿੱਡ ਤਾੜੀਆਂ ਮਾਰ ਰਹੇ ਹਨ। ਪ੍ਰਧਾਨ ਮੰਤਰੀ ਵੱਲੋਂ ਵਿਦੇਸ਼ਾਂ ਵਿੱਚ ਗੇੜੇ ਮਾਰ ਕੇ ਸਰਵ ਉੱਚ ਸਨਮਾਨ ਲੈ ਕੇ ਡੀਂਗਾਂ ਮਾਰੀਆਂ ਜਾ ਰਹੀਆਂ ਹਨ। ਪਰ ਮਹੀਨਿਆਂ ਤੋਂ ਜਲ-ਸੜ ਰਹੇ ਮਨੀਪੁਰ ਪ੍ਰਦੇਸ਼ ਵਿੱਚ ਜਾਣ ਅਤੇ ਬਿਆਨ ਦੇਣ ਦੀ ਫੁਰਸਤ ਪ੍ਰਧਾਨ ਮੰਤਰੀ ਪਾਸ ਉੱਕਾ ਨਹੀਂ, ਇਸ ਕਰਕੇ ਪਾਰਲੀਮੈਂਟ ਦੇ ਅਜੋਕੇ ਸੈਸ਼ਨ ਦੇ ਪਹਿਲੇ ਹੀ ਦਿਨ ਇਸ ਗੱਲ ’ਤੇ ਕਾਫ਼ੀ ਰੌਲਾ-ਰੱਪਾ ਪਿਆ। ਫਿਰ ਕਿਧਰੇ ਜਾ ਕੇ ਉਸ ’ਤੇ ਚਰਚਾ ਹੋਣ ਦੀ ਗੱਲ ਮੰਨਣੀ ਪਈ। ਅਜੋਕੇ ਇੰਡੀਆ ਨਾਮੀ ਗਠਜੋੜ ਨੇ ਸੈਸ਼ਨ ਦੇ ਪਹਿਲੇ ਦਿਨ ਹੀ ਆਪਣਾ ਜਲਵਾ ਦਿਖਾ ਦਿੱਤਾ। ਮਜਬੂਰਨ ਪ੍ਰਧਾਨ ਮੰਤਰੀ ਨੂੰ ਵੀ ਸਖ਼ਤ ਨਿੰਦਾ ਕਰਨੀ ਪਈ। ਪਰ ਸੰਬੰਧਿਤ ਮੁੱਖ ਮੰਤਰੀ ਦਾ ਅਸਤੀਫ਼ਾ ਮੰਗਣ ਦੀ ਜੁਰਤ ਨਹੀਂ ਪਈ। ਜਿਸ ਭਾਰਤ-ਜੋੜੋ ਯਾਤਰਾ ’ਤੇ ਵਿਰੋਧੀ ਰਾਹੁਲ ਗਾਂਧੀ ਨੂੰ ਟਿੱਚਰਾਂ ਤੋਂ ਇਲਾਵਾ ਤਰ੍ਹਾਂ ਤਰ੍ਹਾਂ ਦੇ ਸਵਾਲ ਉਠਾਉਂਦੇ ਸਨ, ਅੱਜ ਦੇ ਦਿਨ ਉਹ ਬਣੇ ਗੱਠਜੋੜ ਵਿੱਚ ਕਾਂਗਰਸ ਦਾ ਰੋਲ ਦੇਖ ਕੇ ਮੂੰਹ ਵਿੱਚ ਉਂਗਲਾਂ ਪਾਉਂਦੇ ਹਨ। ਅਜੇ ਤਾਂ ਰਾਹੁਲ ਦੀ ਪੂਰਵ ਤੋਂ ਪੱਛਮ ਤਕ ਭਾਰਤ-ਜੋੜੋ ਯਾਤਰਾ ਬਾਕੀ ਹੈ। ਛੱਬੀ ਪਾਰਟੀਆਂ ਦੇ ਸਿਰ ਜੁੜੇ ਦੇਖ ਕੇ ਮੋਦੀ ਧਿਰ ਹੈਰਾਨ ਹੈ।

ੇਂ ਸਭ ਜਾਣਦੇ ਹਨ ਕਿ ਅੱਜ ਕੱਲ੍ਹ ਰਾਜ ਕਰਦੀ ਪਾਰਟੀ ਵੱਖ-ਵੱਖ ਹੁਕਮਾਂ ਅਤੇ ਵੱਖ-ਵੱਖ ਆਰਡੀਨੈਂਸਾਂ ਰਾਹੀਂ ਸੰਵਿਧਾਨ ਦੀ ਮੂਲ ਭਾਵਨਾ ਨੂੰ ਖ਼ਤਮ ਕਰਨ ਲਈ ਤੁਲੀ ਹੋਈ ਹੈ। ਸੰਵਿਧਾਨ ਬਚੇਗਾ ਤਾਂ ਹੀ ਜਮਹੂਰੀਅਤ ਅਤੇ ਆਮ ਜਨਤਾ ਦੇ ਹੱਕ ਬਚਣਗੇ ਅਤੇ ਉਨ੍ਹਾਂ ਨੂੰ ਮਿਲਣਗੇ, ਮਿਥੇ ਸਮੇਂ ’ਤੇ ਨਿਰਪੱਖ ਚੋਣਾਂ ਹੁੰਦੀਆਂ ਰਹਿਣਗੀਆਂ। ਇੱਕ ਜਮਹੂਰੀਅਤ ਪਸੰਦ ਸਰਕਾਰ ਹੀ ਸੰਵਿਧਾਨ ਦੀ ਭਾਵਨਾ ਮੁਤਾਬਕ ਕੰਮ ਕਰ ਸਕਦੀ ਹੈ। ਅਜਿਹੀ ਸਥਿਤੀ ਵਿੱਚ ਹੀ ਸੰਵਿਧਾਨ ਨਿਰਮਾਤਾ ਸ੍ਰੀ ਅੰਬਦੇਕਰ ਜੀ ਦਾ ਉਹ ਸੁਪਨਾ ਪੂਰਾ ਹੋ ਸਕੇਗਾ ਜੋ ਉਨ੍ਹਾਂ ਇਸ ਸੰਵਿਧਾਨ ਨੂੰ ਸੰਪੂਰਨ ਕਰਨ ’ਤੇ ਲਿਆ ਸੀ।

ਆਉਣ ਵਾਲੇ ਸਮੇਂ ਵਿੱਚ ਜਿੱਥੇ ਇੰਡੀਆ ਗੱਠਜੋੜ ਬਣਨ ਅਤੇ ਉਨ੍ਹਾਂ ਦੇ ਮਿੱਲ ਕੇ ਕੰਮ ਕਰਨ ’ਤੇ ਚੰਗਾ ਮਾਹੌਲ ਬਣੇਗਾ, ਉੱਥੇ ਹੀ ਤੁਸੀਂ ਸੁਪਰੀਮ ਕੋਰਟ ਦੀ ਵਿਆਖਿਆ ਅਤੇ ਉਸ ਦੇ ਫ਼ੈਸਲਿਆਂ ਦੇ ਵੀ ਕਾਇਲ ਬਣੋਗੇ। ਜਿਵੇਂ ਦਿੱਲੀ ਆਰਡੀਨੈਂਸ ਨੂੰ ਪੰਜ ਜੱਜਾਂ ਦੇ ਸੰਵਿਧਾਨ ਬੈਂਚ ਨੂੰ ਸੌਂਪਣ ਦਾ ਵਿਚਾਰ ਚੱਲ ਰਿਹਾ ਹੈ, ਉਵੇਂ ਹੀ ਤੁਸੀਂ ਰਾਹੁਲ ਗਾਂਧੀ ਦੀ ਮੈਂਬਰਸ਼ਿੱਪ ਖ਼ਤਮ ਕਰਨ ਦੀ ਵਿਆਖਿਆ ਨੂੰ ਸੰਵਿਧਾਨ ਦੀ ਭਾਵਨਾ ਮੁਤਾਬਕ ਫੈਸਲਾ ਆਉਂਦੇ ਸਮੇਂ ਦੇਖੋਗੇ। ਅਜੇ ਬਹੁਤ ਸਾਰੇ ਫ਼ੈਸਲੇ ਆਉਣ ਵਾਲੇ ਹਨ, ਜਿਨ੍ਹਾਂ ਦਾ ਨਿਪਟਾਰਾ ਸੰਬੰਧਿਤ ਬੈਂਚ ਦਿਨ ਬ ਦਿਨ ਲਗਾਤਾਰ ਕਰੇਗਾ। ਸਭ ਭਾਰਤ ਵਾਸੀਆਂ ਨੂੰ ਸੁਪਰੀਮ ਕੋਰਟ ਦੇ ਮੁੱਖ ਜੱਜ ਸ੍ਰੀ ਚੰਦੜਚੂੜ ’ਤੇ ਆਸ ਤੋਂ ਵੱਧ ਭਰੋਸਾ ਹੈ।



# ਪੰਜਾਬ ਦੇ ਪਾਣੀਆਂ ਦਾ ਮਰਸੀਆ

## ਦਰਿਆਈ ਪਾਣੀਆਂ ਦੇ ਨਾਲ-ਨਾਲ ਕੀਤੀ ਜਾਵੇ ਬਰਸਾਤੀ ਪਾਣੀ ਦੀ ਵੀ ਸੰਭਾਲ

- ਸਰਕਾਰ, ਪ੍ਰਸ਼ਾਸਨ, ਸਮਾਜ ਤੇ ਆਮ ਲੋਕਾਂ ਵੱਲੋਂ ਚਲਾਈ ਜਾਵੇ ਸਾਂਝੀ ਮੁਹਿੰਮ
- ਪੰਜਾਬੀਆਂ ਨੂੰ ਮਾਰ ਗਿਆ ਕਦੇ ਡੋਬਾ ਤੇ ਕਦੇ ਸੋਕਾ

*"ਪੰਜਾਬ 'ਚ ਇਸ ਸਮੇਂ ਹੜ੍ਹ ਆਏ ਹੋਏ ਹਨ, ਜਿਸ ਕਰਕੇ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ, ਦੂਜੇ ਪਾਸੇ ਪੰਜਾਬ ਦੇ ਕਈ ਸ਼ਹਿਰੀ ਇਲਾਕਿਆਂ 'ਚ ਹਰ ਸਾਲ ਗਰਮੀਆਂ ਦੇ ਮੌਸਮ ਦੌਰਾਨ ਪੀਣ ਵਾਲੇ ਸ਼ੁੱਧ ਪਾਣੀ ਦੀ ਵੀ ਘਾਟ ਆ ਜਾਂਦੀ ਹੈ। ਇਹ ਦੋਵੇਂ ਗੱਲਾਂ ਭਾਂਵੇਂ ਆਪਾ ਵਿਰੋਧੀ ਹਨ ਪਰ ਇਹ ਦੋਵੇਂ ਗੱਲਾਂ ਵੱਡਾ ਮਹੱਤਵ ਰੱਖਦੀਆਂ ਹਨ। ਏਨੇ ਸਾਲਾਂ ਤੋਂ ਆ ਰਹੇ ਹੜ੍ਹਾਂ ਨੂੰ ਰੋਕਣ ਲਈ ਪੰਜਾਬ 'ਚ ਅਜੇ ਤਕ ਕੋਈ ਮਜ਼ਬੂਤ ਅਤੇ ਠੋਸ ਉਪਰਾਲੇ ਨਹੀਂ ਕੀਤੇ ਗਏ, ਦੂਜੇ ਪਾਸੇ ਗਰਮੀਆਂ ਦੌਰਾਨ ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ ਪੀਣ ਵਾਲੇ ਸ਼ੁੱਧ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਵੀ ਉਪਰਾਲਿਆਂ ਦੀ ਘਾਟ ਹੈ। ਇਸ ਲਈ ਪੰਜਾਬ ਵਿੱਚ ਹੜ੍ਹਾਂ ਤੋਂ ਬਚਾਓ ਦੇ ਪੁਖ਼ਤਾ ਪ੍ਰਬੰਧ ਅਤੇ ਬਰਸਾਤੀ ਪਾਣੀ ਦੀ ਨਿਕਾਸੀ, ਸੰਭਾਲ ਅਤੇ ਯੋਗ ਵਰਤੋਂ ਸਮੇਂ ਦੀ ਮੁੱਖ ਲੋੜ ਹਨ, ਉਥੇ ਗਰਮੀਆਂ ਦੇ ਮੌਸਮ ਦੌਰਾਨ ਪੰਜਾਬ ਦੇ ਕਈ ਸ਼ਹਿਰਾਂ 'ਚ ਆਉਂਦੀ ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ ਦੂਰ ਕਰਨਾ ਵੀ ਮੁੱਖ ਲੋੜ ਹੈ।"*




ਪੰਜ ਦਰਿਆਵਾਂ ਸਤਲੁੱਜ, ਬਿਆਸ, ਰਾਵੀ, ਜਿਹਲਮ, ਚਨਾਬ (ਝਨਾਂ) ਕਰਕੇ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਭਾਵੇਂ ਕਿ ਮੌਜੂਦਾ ਭਾਰਤੀ ਪੰਜਾਬ ਵਿੱਚ ਸਿਰਫ਼ ਦੋ ਦਰਿਆ ਸਤਲੁੱਜ ਅਤੇ ਬਿਆਸ ਰਹਿ ਗਏ ਹਨ ਅਤੇ ਰਾਵੀ ਦਰਿਆ ਦਾ ਕੁਝ ਹਿੱਸਾ ਹੀ ਪੰਜਾਬ ਵਿੱਚ ਹੈ। ਇਸ ਦੇ ਬਾਵਜੂਦ ਪੰਜਾਬ ਵਿੱਚ ਘੱਗਰ ਨਦੀ ਸਮੇਤ ਅਨੇਕਾਂ ਹੀ ਬਰਸਾਤੀ ਨਦੀਆਂ, ਚੋਅ ਅਤੇ ਪਾਣੀ ਦੇ ਹੋਰ ਕੁਦਰਤੀ ਸੋਮੇ ਹਨ। ਇਹ ਸਤਰਾਂ ਲਿਖਣ ਵੇਲੇ ਪੰਜਾਬ ਦੇ ਦਰਿਆ, ਨਦੀਆਂ, ਬਰਸਾਤੀ ਚੋਅ, ਬਰਸਾਤੀ ਨਾਲੇ, ਡ੍ਰੇਨਾਂ ਹੜ੍ਹ ਦੇ ਪਾਣੀ ਨਾਲ ਉੱਛਲ ਰਹੇ ਹਨ ਅਤੇ ਜੀਵਨਦਾਨ ਦੇਣ ਵਾਲਾ ਪਾਣੀ ਇਸ ਸਮੇਂ ਪੰਜਾਬ ਦੇ ਲੋਕਾਂ ਲਈ ਵੱਡੀ ਆਫ਼ਤ ਬਣਿਆ ਹੋਇਆ ਹੈ। ਹੜ੍ਹ ਦੇ ਪਾਣੀ ਵਿੱਚ ਜਿਥੇ ਖੇਤ ਤੇ ਫਸਲਾਂ ਡੁੱਬ ਗਈਆਂ ਹਨ, ਉਥੇ ਰਿਹਾਇਸ਼ੀ ਇਲਾਕੇ ਵੀ ਬਰਸਾਤੀ ਪਾਣੀ ਅਤੇ ਪਹਾੜਾਂ ਤੋਂ ਆਉਣ ਵਾਲੇ ਪਾਣੀ ਦੀ ਮਾਰ ਹੇਠ ਆ ਗਏ ਹਨ। ਪੰਜਾਬ ਦੀ ਮੌਜੂਦਾ ਸਥਿਤੀ ਤੋਂ ਪਤਾ ਚਲ ਜਾਂਦਾ ਹੈ ਕਿ ਅਨੇਕਾਂ ਵਾਰ ਹੜ੍ਹਾਂ ਦੀ ਮਾਰ ਝੱਲ ਚੁੱਕੇ ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਦੇ ਸਰਕਾਰੀ ਪ੍ਰਬੰਧ ਕਿੰਨੇ ਕੁ ਮਜ਼ਬੂਤ ਹਨ।

ਅੱਜ ਦਾ ਮਨੁੱਖ ਭਾਵੇਂ ਉੱਚ ਪੱਧਰੀ ਵਿਗਿਆਨਕ ਯੁੱਗ ਅਤੇ ਆਧੁਨਿਕ ਉੱਚ ਪੱਧਰੀ ਤਕਨੀਕ ਨਾਲ ਲੈਸ ਮਸ਼ੀਨੀ ਯੁੱਗ ਵਿੱਚ ਰਹਿ ਰਿਹਾ ਹੈ, ਪਰ ਇਸ ਦੇ ਬਾਵਜੂਦ ਇਹ ਅਟੱਲ ਸੱਚਾਈ ਹੈ ਕਿ ਇਸ ਸਭ ਦੇ ਬਾਵਜੂਦ ਪਾਣੀ ਬਿਨਾਂ ਮਨੁੱਖੀ ਸਭਿਅਤਾ ਦਾ ਵਜੂਦ ਹੀ ਸੰਭਵ ਨਹੀਂ ਹੈ। ਅਸਲ ਵਿੱਚ ਦੁਨੀਆਂ ਭਰ ਦੇ ਵਿਗਿਆਨੀਆਂ ਲਈ ਪਾਣੀ ਦਾ ਵਿਕਲਪ ਖੋਜਣਾਂ ਇਕ ਰਹੱਸ ਹੀ ਅਜੇ ਤਕ ਬਣਿਆ ਹੋਇਆ ਹੈ, ਜਿਸ ਕਾਰਨ ਪਾਣੀ ਦੀ ਮਹੱਤਤਾ ਮਨੁੱਖੀ ਜੀਵਨ ਵਿੱਚ ਸਦੀਆਂ ਪਹਿਲਾਂ ਵਾਂਗ ਹੁਣ ਵੀ ਬਣੀ ਹੋਈ ਹੈ।

ਇਤਿਹਾਸ ਗਵਾਹ ਹੈ ਕਿ ਸਦੀਆਂ ਪਹਿਲਾਂ ਪੁਰਾਤਨ ਮਨੁੱਖੀ ਸਭਿਅਤਾਵਾਂ ਦਾ ਜਨਮ ਪਾਣੀ ਭਾਵ ਜਲ ਸੋਮਿਆਂ-ਦਰਿਆਵਾਂ ਕਿਨਾਰੇ ਹੀ ਹੋਇਆ ਅਤੇ ਸਦੀਆਂ ਪਹਿਲਾਂ ਕੁਦਰਤੀ ਜਲ ਸੋਮਿਆਂ ਨੇ ਹੀ ਮਨੁੱਖ ਨੂੰ ਜੀਵਨਦਾਨ ਦਿੱਤਾ ਪਰ ਸਿਤਮਜਰੀਫੀ ਵੇਖੋ ਕਿ ਕੁਦਰਤੀ ਜਲ ਸੋਮਿਆਂ ਨੇ ਜਿਹੜੇ ਮਨੁੱਖ ਨੂੰ ਜੀਵਨਦਾਨ ਦਿੱਤਾ, ਅੱਜ ਉਸੇ ਮਨੁੱਖ ਦੀਆਂ ਖ਼ੁਦਗਰਜ਼ਾਂ ਅਤੇ ਲਾਲਚ ਕਾਰਨ ਇਹਨਾਂ ਕੁਦਰਤੀ ਜਲ ਸੋਮਿਆਂ ਦਾ ਖੁਦ ਦਾ ਜੀਵਨ ਅਤੇ ਵਜੂਦ ਹੀ ਖ਼ਤਰੇ ਵਿੱਚ ਹੈ। ਸਿਰਫ਼ ਜਲ ਹੀ ਨਹੀਂ ਸਗੋਂ ਸਾਡੇ ਜੰਗਲ ਅਤੇ ਜ਼ਮੀਨ ਵੀ ਮਨੁੱਖ ਦੀ ਲਾਲਚੀ ਪ੍ਰਵਿਰਤੀ ਦੀ ਭੇਂਟ ਚੜ੍ਹਦੇ ਜਾ ਰਹੇ ਹਨ, ਜਿਸ ਕਾਰਨ ਸਭ ਤੋਂ ਵੱਡਾ ਖਤਰਾ ਖੁਦ ਮਨੁੱਖ ਲਈ ਹੀ ਪੈਦਾ ਹੋ ਰਿਹਾ ਹੈ, ਇਸ ਤਰਾਂ ਜਲ, ਜੰਗਲ ਅਤੇ ਜ਼ਮੀਨ ਦੀ ਸੰਭਾਲ ਨਾ ਕਰਕੇ ਮਨੁੱਖ ਖੁਦ ਆਪਣੇ ਪੈਰਾਂ ਉਪਰ ਕੁਹਾੜੀ ਮਾਰ ਰਿਹਾ ਹੈ। ਦੂਜੇ ਪਾਸੇ ਕੁਦਰਤੀ ਜਲ ਸੋਮਿਆਂ ਦੀ ਸਹੀ ਤਰੀਕੇ ਨਾਲ ਦੇਖ-ਭਾਲ ਨਾ ਕਰਨ ਅਤੇ ਹੜ੍ਹਾਂ ਤੋਂ ਬਚਾਓ ਲਈ ਢੁਕਵੇਂ ਪ੍ਰਬੰਧ ਨਾ ਕਰਨ, ਬਰਸਾਤੀ ਪਾਣੀ ਦੀ ਸੰਭਾਲ ਨਾ ਕਰਨ ਕਾਰਨ ਇਸ ਸਮੇਂ ਪੰਜਾਬ ਫਿਰ ਹੜ੍ਹਾਂ ਦੀ ਕਰੋਪੀ ਦਾ ਸਾਹਮਣਾ ਕਰ ਰਿਹਾ ਹੈ।





ਅਸਲ ਵਿੱਚ ਵਿਗਿਆਨ ਅਤੇ ਮਨੁੱਖੀ ਵਿਕਾਸ ਦੇ ਨਾਂਅ ਹੇਠ ਪਾਣੀ ਦੇ ਕੁਦਰਤੀ ਜਲ ਸੋਮਿਆਂ ਨੂੰ ਖੁਦ ਮਨੁੱਖ ਵਲੋਂ ਹੀ ਪਿਛਲੇ ਸਮੇਂ ਤੋਂ ਤਬਾਹ ਕੀਤਾ ਜਾ ਰਿਹਾ ਹੈ। ਨਦੀਆਂ ਅਤੇ ਦਰਿਆਵਾਂ ਦੇ ਨਿਰਮਲ ਵਹਿੰਦੇ ਪਾਣੀ ਉਪਰ ਬੰਨ੍ਹ ਮਾਰ ਕੇ ਇਸ ਪਾਣੀ ਦਾ ਕੁਦਰਤੀ ਵਹਾਓ ਭਾਵ ਰਾਹ ਮਨੁੱਖ ਨੇ ਰੋਕਿਆ, ਫਿਰ ਇਸ ਪਾਣੀ ਨੂੰ ਬੋਤਲਾਂ ਵਿੱਚ ਭਰ ਕੇ ਮੁੱਲ ਵੇਚਿਆ ਜਾ ਰਿਹਾ ਹੈ। ਇਸ ਤਰਾਂ ਮਨੁੱਖ ਦੇ ਵਪਾਰਕ ਲਾਲਚ ਨੇ ਨਦੀਆਂ ਅਤੇ ਦਰਿਆਵਾਂ ਦੇ ਪਵਿੱਤਰ ਪਾਣੀ ਦਾ ਬੋਤਲਬੰਦ ਵਪਾਰੀਕਰਨ ਕਰ ਦਿੱਤਾ, ਇਸ ਦੇ ਨਾਲ ਹੀ ਨਦੀਆਂ -ਦਰਿਆਵਾਂ ਵਿਚੋਂ ਨਹਿਰਾਂ, ਰਜਵਾਹੇ, ਕੱਸੀਆਂ ਕੱਢ ਕੇ ਮਨੁੱਖ ਦੀ ਘਰ- ਘਰ ਤਕ ਪਾਈਪਾਂ ਰਾਹੀਂ ਪਾਣੀ ਪਹੁੰਚਾਉਣ ਦੀ ਜਿੱਦ ਨੇ ਸਰਕਾਰੀ ਖ਼ਜ਼ਾਨਾ ਅਤੇ ਵਪਾਰੀਆਂ ਦੀਆਂ ਜੇਬਾਂ ਨੂੰ ਤਾਂ ਭਰ ਦਿੱਤਾ ਪਰ ਇਸ ਸਭ ਕੁਝ ਵਿੱਚ ਪਾਣੀ ਦੀ ਬਰਬਾਦੀ ਵੀ ਹੋਈ ਅਤੇ ਪਾਣੀ ਵਿੱਚ ਵੱਡੀ ਪੱਧਰ 'ਤੇ ਪ੍ਰਦੂਸ਼ਣ ਵੀ ਪੈਦਾ ਹੋਇਆ। ਹੁਣ ਭਾਵੇਂ ਹਰ ਘਰ ਵਿੱਚ ਪਾਈਪਾਂ ਰਾਹੀਂ ਪਾਣੀ ਆ ਰਿਹਾ ਹੈ ਪਰ ਅਕਸਰ ਮਨੁੱਖੀ ਅਣਗਹਿਲੀ ਕਾਰਨ ਖੁੱਲ੍ਹੀਆਂ ਰਹਿੰਦੀਆਂ ਪਾਣੀ ਵਾਲੀਆਂ ਟੂਟੀਆਂ ਵਿਚੋਂ ਕੀਮਤੀ ਪਾਣੀ ਬੇਅਰਥ ਨਿਕਲ ਨਿਕਲ ਕੇ ਨਾਲੀਆਂ ਵਿੱਚ ਜਾਂਦਾ ਰਹਿੰਦਾ ਹੈ, ਇਸ ਤੋਂ ਇਲਾਵਾ ਪਾਣੀ ਦੀਆਂ ਪਾਈਪਾਂ ਕਈ ਥਾਂਵਾਂ ਤੋਂ ਲੀਕ ਕਰਦੀਆਂ ਰਹਿੰਦੀਆਂ ਹਨ, ਜਿਥੋਂ ਪਾਣੀ ਲੀਕ ਕਰਦਾ ਰਹਿੰਦਾ ਹੈ, ਇਹ ਪਾਣੀ ਦੀ ਬਰਬਾਦੀ ਨਹੀਂ ਤਾਂ ਹੋਰ ਕੀ ਹੈ? ਇਥੇ ਹੀ ਬੱਸ ਨਹੀਂ ਸਗੋਂ ਮਨੁੱਖ ਨੇ ਆਪਣੇ ਸਵਾਰਥ ਲਈ ਪਾਤਾਲ ਖੋਦ ਕੇ ਧਰਤੀ ਦੀ ਕੁੱਖ ਵਿਚੋਂ ਮਣਾਂ ਮੂੰਹੀਂ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ ਹੋਇਆ ਹੈ, ਜਿਸ ਕਾਰਨ ਅੱਜ ਧਰਤੀ ਹੇਠਲੇ ਪਾਣੀ ਦੇ ਕੁਦਰਤੀ ਸੋਮੇ ਵੀ ਖਤਮ ਹੋਣ ਵਾਲੇ ਹਨ।

ਇਹ ਠੀਕ ਹੈ ਕਿ ਮਨੁੱਖ ਨੇ ਅੱਜ ਭੌਤਿਕ ਤਰੱਕੀ ਦੀਆਂ ਅਨੇਕਾਂ ਮੰਜ਼ਲਾਂ ਤੈਅ ਕਰਕੇ ਤਰੱਕੀ ਦਾ ਅਸਮਾਨ ਛੂਹ ਲਿਆ ਹੈ ਅਤੇ ਮਨੁੱਖ ਨੇ ਪੂਰੀ ਦੁਨੀਆਂ ਆਪਣੀ ਮੁੱਠੀ ਵਿੱਚ ਕਰ ਲਈ ਹੈ, ਪਰ ਇਸ ਤਰੱਕੀ ਕਾਰਨ ਸਭ ਤੋਂ ਜਿਆਦਾ ਨੁਕਸਾਨ ਕੁਦਰਤ, ਜਲ, ਜੰਗਲ ਅਤੇ ਜ਼ਮੀਨ ਦਾ ਹੋਇਆ ਹੈ। ਮਨੁੱਖੀ ਤਰੱਕੀ ਨਾਲ ਕੁਦਰਤੀ ਜਲ ਸੋਮੇ ਸੁੱਕਦੇ, ਸੁੰਗੜਦੇ ਜਾ ਰਹੇ ਹਨ ਅਤੇ ਪ੍ਰਦੂਸ਼ਿਤ ਹੋ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤ ਦੇ ਆਜ਼ਾਦ ਹੋਣ ਵੇਲੇ ਪ੍ਰਤੀ ਵਿਅਕਤੀ 6000 ਘਣ ਮੀਟਰ ਪਾਣੀ ਮੁਹੱਈਆ ਸੀ, ਜੋ ਸਾਲ 2010 ਵਿੱਚ ਘੱਟ ਕੇ ਕਰੀਬ 1600 ਘਣ ਮੀਟਰ ਪ੍ਰਤੀ ਵਿਅਕਤੀ ਰਹਿ ਗਿਆ ਸੀ। ਕੇਂਦਰੀ ਜਲ ਸਰੋਤ ਮੰਤਰਾਲੇ ਦੇ ਅਨੁਸਾਰ ਪ੍ਰਤੀ ਵਿਅਕਤੀ ਜਲ ਉਪਲੱਬਤਾ ਸਾਲ 2025 ਵਿੱਚ 1341 ਘਣ ਮੀਟਰ ਅਤੇ ਸਾਲ 2050 ਤਕ ਪ੍ਰਤੀ ਵਿਅਕਤੀ ਪਾਣੀ ਦੀ ਉਪਲਬਤਾ 1140 ਘਣ ਮੀਟਰ ਰਹਿ ਜਾਵੇਗੀ। ਲਗਾਤਾਰ ਵਧਦੀ ਹੋਈ ਤਕਨੀਕ ਦੀ ਵਰਤੋ, ਤੇਜ਼ ਰਫ਼ਤਾਰ ਅਤੇ ਹਰ ਵੇਲੇ ਭਜ ਦੌੜ, ਭੌਤਿਕ ਸੁੱਖ ਦੇ ਸਾਧਨਾਂ ਨੂੰ ਅਸੀਮਿਤ ਤਕ ਬਣਾਉਣ ਦੀ ਹੋੜ ਨੇ ਮਨੁੱਖੀ ਜੀਵਨ ਦੇ ਨਾਲ- ਨਾਲ ਕੁਦਰਤੀ ਜਲ ਸੋਮਿਆਂ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਅੱਜ ਪ੍ਰਦੂਸ਼ਿਤ ਪਾਣੀ ਕਾਰਨ ਹੀ ਮਨੁੱਖ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਨਦੀਆਂ-ਦਰਿਆਵਾਂ ਅਤੇ ਕੁਦਰਤੀ ਜਲ ਸੋਮਿਆਂ ਵਿੱਚ ਡਿੱਗਦਾ ਸੀਵਰੇਜ, ਉਦਯੋਗਾਂ, ਫੈਕਟਰੀਆਂ ਦੇ ਜ਼ਹਿਰੀਲੇ ਰਸਾਇਣ ਅਤੇ ਹੋਰ ਗੰਦ ਮੰਦ ਪੀਣ ਵਾਲੇ ਕੁਦਰਤੀ ਸ਼ੁੱਧ ਪਾਣੀ ਨੂੰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਬਣਾਉਂਦੇ ਹਨ, ਇਹ ਜ਼ਹਿਰੀਲਾ ਪਾਣੀ ਜੀਵ- ਜੰਤੂਆਂ ਦੇ ਨਾਲ ਨਾਲ ਮਨੁੱਖੀ ਸਿਹਤ ਲਈ ਵੀ ਬਹੁਤ ਹਾਨੀਕਾਰਕ ਸਾਬਿਤ ਹੋ ਰਿਹਾ ਹੈ।

ਮਨੁੱਖ ਵਲੋਂ ਤਰੱਕੀ ਦੀ ਆੜ ਵਿੱਚ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਅੱਜ ਮੌਸਮ ਚੱਕਰ, ਰੁੱਤਾਂ, ਜਲਵਾਯੂ, ਮਾਨਸੂਨ, ਬਰਸਾਤ, ਗਰਮੀ, ਸਰਦੀ ਸਭ ਗੜਬੜਾ ਗਏ ਹਨ, ਜਿਸ ਦਾ ਸਿੱਧਾ ਅਸਲ ਖੁਦ ਮਨੁੱਖ ਉਪਰ ਹੀ ਪੈ ਰਿਹਾ ਹੈ। ਇਸੇ ਕਾਰਨ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਗੰਭੀਰ ਬਣੀ ਹੋਈ ਹੈ।

ਅਸਲ ਵਿੱਚ ਹੁਣ ਵੇਲਾ ਸਿਰਫ਼ ਗੱਲਾਂ ਕਰਨ ਦਾ ਨਹੀਂ ਸਗੋਂ ਪਾਣੀ ਬਚਾਉਣ ਅਤੇ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਲਈ ਠੋਸ ਉਪਰਾਲੇ ਕਰਨ ਦਾ ਹੈ। ਇਸ ਸਭ ਲਈ ਸਾਨੂੰ ਖੁਦ ਤੋਂ ਪਹਿਲ ਕਰਨੀ ਚਾਹੀਦੀ ਹੈ ਅਤੇ ਹਰ ਵਿਅਕਤੀ ਨੂੰ ਖੁਦ ਪਾਣੀ ਦੀ ਸੰਭਾਲ ਕਰਨ ਅਤੇ ਬਰਬਾਦੀ ਰੋਕਣ, ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਅਤੇ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਅਤੇ ਹੜ੍ਹਾਂ ਤੋਂ ਬਚਾਓ ਲਈ ਠੋਸ ਅਤੇ ਅਸਰਦਾਇਕ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਅਤੇ ਹਰ ਨਵੀਂ ਉਸਾਰੀ ਮੌਕੇ ਇਹ ਸ਼ਰਤ ਲਗਾ ਦੇਣੀ ਚਾਹੀਦੀ ਹੈ ਕਿ ਉਥੇ

(ਬਾਕੀ ਸਫ਼ਾ 31 'ਤੇ)






ਅਸੀਂ ਟਰਾਂਸਪੋਰਟ ਕਾਰੋਬਾਰ ਕਰਨ ਵਾਲਿਆਂ ਅਤੇ ਖ਼ਾਸ ਕਰਕੇ ਟਰੱਕਾਂ ਵਾਲੇ ਵੀਰਾਂ/ ਭੈਣਾਂ ਲਈ ਵਿਸ਼ੇਸ ਕਾਲਮ ਸ਼ੁਰੂ ਕੀਤਾ ਹੋਇਆ ਹੈ। ਟਰੱਕਾਂ ਅਤੇ ਟਰਾਂਸਪੋਰਟ ਨਾਲ ਜੁੜੇ ਵੀਰਾਂ ਨੂੰ ਅਪੀਲ ਹੈ ਕਿ ਉਹ ਆਪਣੇ ਤਜ਼ਰਬੇ ਸਾਡੇ ਨਾਲ ਸਾਂਝੇ ਕਰਨ ਤਾਂ ਕਿ ਉਹਨਾਂ ਨੂੰ ਦੁਨੀਆਂ ਸਾਹਮਣੇ ਲਿਆਂਦਾ ਜਾ ਸਕੇ। ਸਾਡੇ ਨਾਲ ਮੋਬਾਇਲ ਨੰਬਰ 8427912001 ਅਤੇ ਈਮੇਲ asrtimes@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਦੀ ਪਹਿਲੀ ਮਹਿਲਾ ਟਰੱਕ ਡਰਾਈਵਰ

## ਯੋਗਿਤਾ ਰਘੂਵੰਸ਼ੀ



ਕਾਰਾਂ ਅਤੇ ਹਵਾਈ ਜਹਾਜ਼ ਚਲਾਉਣ ਵਾਲੀਆਂ ਔਰਤਾਂ ਬਹੁਤ ਚੰਗੀਆਂ ਲੱਗਦੀਆਂ ਹਨ, ਉਨ੍ਹਾਂ ਨੂੰ ਦੇਖ ਕੇ ਅਸੀਂ ਇਹ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਔਰਤਾਂ ਮਰਦਾਂ ਦੇ ਬਰਾਬਰ ਹਨ। ਪਰ ਜੇਕਰ ਅਸੀਂ ਸੱਚਮੁੱਚ ਬਰਾਬਰੀ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਡੂੰਘੇ ਸਮੁੰਦਰ ਵਿੱਚ ਝਾਤ ਮਾਰਨੀ ਚਾਹੀਦੀ ਹੈ, ਜਿੱਥੇ ਅਸੀਂ ਰੇਖਾ ਨੂੰ ਦੇਖਦੇ ਹਾਂ, ਉਹ ਭਾਰਤ ਦੀ ਪਹਿਲੀ ਅਤੇ ਇਕਲੌਤੀ ਮਛੇਰੀ ਔਰਤ ਹੈ, ਜੋ ਡੂੰਘੇ ਸਮੁੰਦਰ ਵਿੱਚ ਜਾ ਕੇ ਮੱਛੀਆਂ ਫੜਦੀ ਹੈ। ਸਾਨੂੰ ਯੋਗਿਤਾ ਰਘੂਵੰਸ਼ੀ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਜੋ ਭਾਰਤ ਦੀ ਪਹਿਲੀ ਮਹਿਲਾ ਟਰੱਕ ਡਰਾਈਵਰ ਮੰਨੀ ਜਾਂਦੀ ਹੈ।

ਭਾਵੇਂ ਯੋਗਿਤਾ ਸਾਡੇ ਦੇਸ਼ ਦੀ ਯੋਗ ਵਕੀਲ ਬਣ ਕੇ ਮੁਕਾਮ ਹਾਸਲ ਕਰ ਸਕਦੀ ਸੀ, ਪਰ ਉਸ ਨੇ ਕਦੇ ਨਾ ਖ਼ਤਮ ਹੋਣ ਵਾਲੇ ਸਫ਼ਰ ਦਾ ਰਾਹ ਚੁਣਿਆ। ਉਹ ਰਸਤਾ ਜਿੱਥੇ ਸਿਰਫ਼ ਆਦਮੀ ਹੀ ਚੱਲਦੇ ਹਨ.. ਉਹ ਰਸਤਾ ਜੋ ਖ਼ਤਰਿਆਂ ਅਤੇ ਜੋਖਮਾਂ ਨਾਲ ਭਰਿਆ ਹੁੰਦਾ ਹੈ।

ਯੋਗਿਤਾ ਦਾ ਜੀਵਨ ਵੀ ਆਮ ਭਾਰਤੀ ਔਰਤਾਂ ਵਰਗਾ ਹੀ ਸੀ। ਚਾਰ ਭੈਣ-ਭਰਾਵਾਂ ਨਾਲ ਮਹਾਰਾਸ਼ਟਰ ਦੇ ਨੰਦੂਰਬਾਰ ਵਿੱਚ ਵੱਡੀ ਹੋਈ, ਵਣਜ ਅਤੇ ਕਾਨੂੰਨ ਵਿੱਚ ਡਿਗਰੀ ਹਾਸਲ ਕੀਤੀ। ਪਰਿਵਾਰ ਨੇ ਯੋਗਿਤਾ ਲਈ ਚੰਗਾ ਲਾੜਾ ਲੱਭਿਆ ਅਤੇ ਫਿਰ ਵਿਆਹ ਕਰਵਾ ਲਿਆ। ਭਾਵੇਂ ਯੋਗਿਤਾ ਨੌਕਰੀ ਕਰਨਾ ਚਾਹੁੰਦੀ ਸੀ ਪਰ ਇਹ ਵਿਆਹ ਵੀ ਜ਼ਰੂਰੀ ਸੀ। ਜ਼ਰੂਰੀ ਨਹੀਂ ਕਿ ਹਰ ਬੇਟੀ ਦੀ ਕਿਸਮਤ ਯੋਗਿਤਾ ਵਰਗੀ ਹੋਵੇ। ਯੋਗਿਤਾ ਨੂੰ ਆਪਣੇ ਪਤੀ ਦਾ ਸਹਿਯੋਗ ਮਿਲਿਆ ਅਤੇ ਉਸਨੇ ਆਪਣੀ ਪੜ੍ਹਾਈ ਜਾਰੀ ਰੱਖੀ।

ਕਿਉਂਕਿ ਪਤੀ ਖੁਦ ਵਕਾਲਤ ਦੇ ਪੇਸ਼ੇ ਵਿੱਚ ਸੀ, ਉਸਨੇ ਯੋਗਿਤਾ ਦੀ ਯੋਗਤਾ ਨੂੰ ਪਛਾਣਿਆ ਅਤੇ ਉਸ ਨੂੰ ਕਾਨੂੰਨ ਦੀ ਪੜ੍ਹਾਈ ਕਰਨ ਦੀ ਸਲਾਹ ਦਿੱਤੀ। ਯੋਗਿਤਾ ਨੇ ਲਾਅ ਕਾਲਜ ਵਿੱਚ ਦਾਖ਼ਲਾ ਲੈ ਲਿਆ। ਪੜ੍ਹਾਈ ਜਾਰੀ ਰਹੀ, ਇਸੇ ਦੌਰਾਨ ਉਹ ਮਾਂ ਬਣ ਗਈ। ਦੋ ਛੋਟੇ ਬੱਚੇ ਯਸ਼ਿਕਾ ਅਤੇ ਯਸ਼ਵਿਨ ਪੈਦਾ ਹੋਏ। ਸਭ ਕੁਝ ਠੀਕ ਚੱਲ ਰਿਹਾ ਸੀ। ਫਿਰ ਜ਼ਿੰਦਗੀ ਵਿੱਚ ਇੱਕ ਅਣਚਾਹਾ ਹਾਦਸਾ ਵਾਪਰ ਗਿਆ। ਜਦੋਂ ਯੋਗਿਤਾ ਆਪਣੀ ਪੜ੍ਹਾਈ ਪੂਰੀ ਕਰ ਕੇ ਅਦਾਲਤ ਦੀ ਦਹਿਲੀਜ਼ 'ਤੇ ਪਹੁੰਚੀ ਤਾਂ ਉਸ ਦੇ ਪਤੀ ਦਾ ਦਿਹਾਂਤ ਹੋ ਗਿਆ।

ਦੋ ਛੋਟੇ ਬੱਚੇ, ਕੋਈ ਹੋਰ ਕਮਾਈ ਦਾ ਸਾਧਨ ਨਹੀਂ। ਸੀਮਤ ਜਾਇਦਾਦ.. ਅਤੇ ਪੂਰੀ ਜ਼ਿੰਦਗੀ! ਯੋਗਿਤਾ ਦੇ ਸਾਹਮਣੇ ਕਈ ਸਵਾਲ ਅਤੇ ਚੁਣੌਤੀਆਂ ਸਨ। ਉਸਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਆਪਣੀ ਪੜ੍ਹਾਈ ਦਾ ਫਾਇਦਾ ਉਠਾਇਆ ਅਤੇ ਇੱਕ ਵਕੀਲ ਦੇ ਪੇਸ਼ੇ ਵਿੱਚ ਦਾਖਲ ਹੋ ਗਈ ਪਰ ਉਹ ਦੱਸਦੀ ਹੈ ਕਿ ਇਹ ਕੰਮ ਆਸਾਨ ਨਹੀਂ ਸੀ। ਉਸ ਨੂੰ ਇੱਕ ਸਾਲ ਵਿੱਚ ਮੁਸ਼ਕਿਲ ਨਾਲ ਇੱਕ ਪਟੀਸ਼ਨ ਮਿਲੀ, ਜੇ ਕੇਸ ਨਹੀਂ ਤਾਂ ਆਮਦਨ ਨਹੀਂ, ਆਮਦਨ ਨਹੀਂ ਤਾਂ ਬੱਚਿਆਂ ਦਾ ਪਾਲਣ-ਪੋਸਣ ਕਿਵੇਂ ਕਰੋਗੇ।

ਇਸੇ ਲਈ ਉਹ ਅਜਿਹੇ ਕੰਮ ਦੀ ਤਲਾਸ਼ ਵਿੱਚ ਸੀ, ਜਿੱਥੇ ਇਹ ਤੁਰੰਤ ਆਮਦਨ ਦਾ ਸਾਧਨ ਬਣ ਸਕੇ। ਯੋਗਿਤਾ ਦੱਸਦੀ ਹੈ ਕਿ ਉਸਨੇ ਕਈ ਥਾਂਵਾਂ 'ਤੇ ਨੌਕਰੀ ਦੀ ਭਾਲ ਕੀਤੀ ਪਰ ਗੱਲ ਨਹੀਂ ਬਣੀ। ਘਰ ਦੀ ਆਰਥਿਕ ਹਾਲਤ ਵਿਗੜਦੀ ਜਾ ਰਹੀ ਸੀ। ਬੱਚਿਆਂ ਦੇ ਸਕੂਲ ਦੀ ਫੀਸ ਅਤੇ ਹੋਰ ਖਰਚੇ ਚੁੱਕਣੇ ਪੈਂਦੇ ਸਨ ਅਤੇ ਉਸ ਨੂੰ ਕੰਮ ਨਹੀਂ ਮਿਲ ਰਿਹਾ ਸੀ।

ਯੋਗਿਤਾ ਕਹਿੰਦੀ ਹੈ, ਪਤੀ ਪੇਸ਼ੇ ਤੋਂ ਵਕੀਲ ਸੀ, ਪਰ ਉਹ ਟਰਾਂਸਪੋਰਟ ਦਾ ਕੰਮ ਕਰਦਾ ਸੀ। ਜਦੋਂ ਯੋਗਿਤਾ ਆਪਣੇ ਪਹਿਲੇ ਪੇਸ਼ੇ ਵਿੱਚ ਚੰਗੀ ਕਮਾਈ ਨਹੀਂ ਕਰ ਰਹੀ ਸੀ, ਤਾਂ ਉਸਨੇ ਟਰਾਂਸਪੋਰਟ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਪਰਿਵਾਰ ਦੇ ਮੈਂਬਰ ਇਕੱਠੇ ਸਨ। ਪਰ ਕੁਝ ਲੋਕ ਸਨ ਜਿਨ੍ਹਾਂ ਨੂੰ ਉਸ ਦਾ ਟਰਾਂਸਪੋਰਟ ਲਾਈਨ 'ਤੇ ਜਾਣਾ ਪਸੰਦ ਨਹੀਂ ਸੀ। ਕਾਰਨ ਸੀ ਟਰੱਕ ਡਰਾਈਵਰਾਂ ਦਾ ਮਾੜਾ ਅਕਸ। ਔਰਤਾਂ ਲਈ ਆਪਣੇ ਆਲੇ-ਦੁਆਲੇ ਹੋਣਾ ਵੀ ਅਸੁਰੱਖਿਅਤ ਮੰਨਿਆ ਜਾਂਦਾ ਹੈ। ਪਰ ਟਰਾਂਸਪੋਰਟ ਦੇ ਆਉਂਦੇ ਹੀ ਸਾਰੇ ਭੁਲੇਖੇ ਚਕਨਾਚੂਰ ਹੋ ਗਏ।

ਜਦੋਂ ਯੋਗਿਤਾ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਆਈ ਤਾਂ ਉਸ ਕੋਲ 3 ਟਰੱਕ ਸਨ। ਉਹ ਦਫ਼ਤਰ ਵਿੱਚ ਬੈਠ ਕੇ ਕੰਮ ਕਰਦੀ ਸੀ, ਡਰਾਈਵਰ ਮਾਲ ਢੋਣ ਦਾ ਕੰਮ ਕਰਦਾ ਸੀ। ਪਰ ਫਿਰ ਇੱਕ ਹੋਰ ਹਾਦਸਾ ਵਾਪਰ ਗਿਆ। ਹੈਦਰਾਬਾਦ 'ਚ ਸਾਮਾਨ ਲਿਜਾਂਦੇ ਸਮੇਂ ਟਰੱਕ ਹਾਦਸੇ ਦਾ ਸ਼ਿਕਾਰ ਹੋ ਗਿਆ। ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਯੋਗਿਤਾ ਕਾਹਲੀ ਵਿੱਚ ਹੈਦਰਾਬਾਦ ਪਹੁੰਚੀ, ਟਰੱਕ ਦੀ ਮੁਰੰਮਤ ਕਰਵਾ ਕੇ ਭੋਪਾਲ ਲੈ ਗਈ।



ਇਹ ਪਹਿਲਾ ਤਜਰਬਾ ਸੀ ਜਦੋਂ ਯੋਗਿਤਾ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਇਸ ਕਾਰੋਬਾਰ ਵਿੱਚ ਬਚਣ ਲਈ ਸਟੀਅਰਿੰਗ ਖੁਦ ਸੰਭਾਲਣੀ ਪਵੇਗੀ। ਯੋਗਿਤਾ ਨੇ ਟਰੱਕ ਡਰਾਈਵਿੰਗ ਦੀ ਸਿਖਲਾਈ ਲਈ, ਫਿਰ ਡਰਾਈਵਰਾਂ ਨਾਲ ਬੈਠਣ ਦਾ ਤਜਰਬਾ ਹਾਸਲ ਕੀਤਾ ਅਤੇ ਕੁਝ ਮਹੀਨਿਆਂ ਬਾਅਦ ਉਹ ਖੁਦ ਟਰੱਕ ਡਰਾਈਵਰ ਬਣ ਗਈ। ਯੋਗਿਤਾ ਦਾ ਕਹਿਣਾ ਹੈ ਕਿ ਜਦੋਂ ਮੈਂ ਟ੍ਰੇਨਿੰਗ ਲੈ ਰਹੀ ਸੀ ਤਾਂ ਕਈ ਟਰੱਕ ਡਰਾਈਵਰ ਮੇਰਾ ਮਜ਼ਾਕ ਉਡਾਉਂਦੇ ਸਨ। ਉਨ੍ਹਾਂ ਨੇ ਸੋਚਿਆ ਕਿ ਮੈਂ ਇਕ ਔਰਤ ਹਾਂ, ਇਸ ਲਈ ਇਹ ਕੰਮ ਮੇਰੇ ਵੱਸ ਵਿੱਚ ਨਹੀਂ ਹੈ। ਪਰ ਮੈਂ ਜਾਣਦੀ ਹਾਂ ਕਿ ਮੇਰੀ ਕੀ ਜ਼ਿੰਮੇਵਾਰੀ ਸੀ? ਜਦੋਂ ਵੀ ਮੈਂ ਡਰਾਈਵਰ ਸੀਟ 'ਤੇ ਬੈਠ ਕੇ ਸਟੀਅਰਿੰਗ ਫੜਦੀ ਸੀ ਤਾਂ ਮੈਂ ਬੱਚਿਆਂ ਬਾਰੇ ਸੋਚਦੀ ਸੀ।












# ਬਿਹਾਰ ਦੇ ਕਟਿਹਾਰ ਜ਼ਿਲ੍ਹੇ ਵਿੱਚ ਵੱਸਦਾ ਹੈ ਇੱਕ 'ਮਿੰਨੀ ਪੰਜਾਬ'



➤ ਸਿਰ 'ਤੇ ਸਜੀ ਦਸਤਾਰ ਪਰ ਬੋਲਚਾਲ ਤੋਂ ਬਿਹਾਰੀ
➤ ਪੰਜਾਬੀਅਤ ਦੀ ਗਵਾਹੀ ਭਰਦੇ ਹਨ 9 ਗੁਰਦੁਆਰੇ



ਬਿਹਾਰ ਦੇ ਕਟਿਹਾਰ ਸ਼ਹਿਰ ਤੋਂ 35 ਕਿਲੋਮੀਟਰ ਦੂਰ ਜ਼ਿਲ੍ਹੇ ਦੇ ਬਰਾਰੀ ਬਲਾਕ ਵਿੱਚ ਸਥਿਤ ਨੌਂ ਗੁਰਦੁਆਰੇ ਇੱਥੋਂ ਦੀ ਪੰਜਾਬੀਅਤ ਦੀ ਗਵਾਹੀ ਭਰਦੇ ਹਨ।

ਪੂਰੇ ਭਾਰਤ ਵਿੱਚ ਤੁਹਾਨੂੰ ਸ਼ਹਿਰਾਂ ਵਿੱਚ ਸਿੱਖਾਂ ਦੀ ਆਬਾਦੀ ਦੇਖਣ ਨੂੰ ਮਿਲੇਗੀ, ਪਰ ਕਿਸੇ ਵੀ ਰਾਜ ਦੇ ਅੰਦਰੂਨੀ ਇਲਾਕਿਆਂ ਵਿੱਚ ਇਹ ਘੱਟ ਹੀ ਦੇਖਣ ਨੂੰ ਮਿਲੇਗਾ।

ਮਿੰਨੀ ਪੰਜਾਬ ਦਾ ਇਤਿਹਾਸ

ਬਰਾਰੀ ਬਲਾਕ ਦੇ ਮਿੰਨੀ ਪੰਜਾਬ ਬਣਨ ਦੀ ਪ੍ਰਕਿਰਿਆ 1666 ਈ: ਤੋਂ ਸ਼ੁਰੂ ਹੁੰਦੀ ਹੈ ਜਦੋਂ ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਬਰਾਰੀ ਦੇ ਕਾਂਤਨਗਰ ਆਏ ਸਨ।

ਕਟਿਹਾਰ ਜ਼ਿਲ੍ਹੇ ਦੀ ਅਧਿਕਾਰਤ ਵੈੱਬਸਾਈਟ ਅਨੁਸਾਰ, ਗੁਰੂ ਤੇਗ ਬਹਾਦਰ ਅਸਾਮ ਤੋਂ ਪਟਨਾ ਵਾਪਸ ਆਉਂਦੇਸਮੇਂ ਇੱਥੇ ਠਹਿਰੇ ਸਨ। ਪਿੰਡ ਦੇ ਲੋਕ ਉਨ੍ਹਾਂ ਦੇ ਪੈਰੋਕਾਰ ਬਣ ਗਏ ਅਤੇ ਸਿੱਖ ਧਰਮ ਵਿੱਚ ਤਬਦੀਲ ਹੋ ਗਏ।

ਗੁਰੂ ਤੇਗ ਬਹਾਦਰ ਜੀ ਨੇ ਆਪਣੇ ਕੁਝ ਸ਼ਰਧਾਲੂਆਂ ਨੂੰ ਕਾਂਤਨਗਰ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ। ਜਿਸ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਇੱਥੇ ਇੱਕ ਗੁਰਦੁਆਰਾ ਵੀ ਸਥਾਪਿਤ ਕੀਤਾ ਗਿਆ ਪਰ ਗੰਗਾ ਵਿੱਚ ਹੜ ਆ ਜਾਣ ਕਾਰਨ ਕਾਂਤਾਨਗਰ ਗੁਰਦੁਆਰਾ ਨਦੀ ਵਿੱਚ ਬਹਿ ਗਿਆ।

ਬਾਅਦ ਵਿੱਚ, ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਇਤਿਹਾਸਕ ਗੁਰਦੁਆਰਾ ਬਰਾਰੀ ਦੇ ਪਿੰਡ ਲਕਸ਼ਮੀਪੁਰ ਵਿੱਚ 1857 ਵਿੱਚ ਬਣਾਇਆ ਗਿਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਇਤਿਹਾਸਕ ਗੁਰਦੁਆਰੇ ਦੇ ਸਾਬਕਾ ਮੁਖੀ ਸਨਿੰਦਰ ਸਿੰਘ ਕਹਿੰਦੇ ਹਨ ਕਿ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਇੱਥੇ ਆਏ ਸਨ ਜਦੋਂ ਉਹ ਆਪਣੀ ਚੀਨ ਯਾਤਰਾ 'ਤੇ ਸਨ। ਉਹਨਾਂ ਤੋਂ ਬਾਅਦ ਗੁਰੂ ਤੇਗ ਬਹਾਦਰ ਆਏ ਸਨ। ਇੱਥੋਂ ਦੇ ਸਿੱਖਾਂ ਦਾ ਵੀ ਗੁਰੂ ਗੋਬਿੰਦ ਸਿੰਘ ਨਾਲ ਸਿੱਧਾ ਸਬੰਧ ਸੀ। ਗੁਰੂ ਗੋਬਿੰਦ ਸਿੰਘ ਦੇ ਹੁਕਮਨਾਮੇ ਅਤੇ ਉਨ੍ਹਾਂ ਦੇ ਜੀਵਨ ਦੇ ਆਖਰੀ ਸਮੇਂ ਦੇ ਦਸਤਾਵੇਜ਼ ਇਸੇ ਗੁਰਦੁਆਰੇ ਵਿੱਚ ਹੀ ਹਨ। ਇਹਨਾਂ ਦਾ ਜ਼ਿਕਰ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਵੀ ਮਿਲਦਾ ਹੈ। ਇਤਿਹਾਸਕ ਲਕਸ਼ਮੀਪੁਰ ਗੁਰਦੁਆਰੇ ਵਿੱਚ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਤਿਹਾਸਕ ਹੁਕਮਨਾਮੇ ਹਨ। ਇਨ੍ਹਾਂ ਹੁਕਮਾਂ ਵਿੱਚ ਸਿੱਖਾਂ ਨੂੰ ਪਿਆਰ ਨਾਲ ਰਹਿਣ ਦਾ ਹੁਕਮ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ 1930 ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਲਾਹੌਰ ਦਾ ਇਤਿਹਾਸਿਕ ਹੁਕਮਨਾਮਾ ਲਕਸ਼ਮੀਪੁਰ ਗੁਰਦੁਆਰਾ ਸਾਹਿਬ ਵਿੱਚ ਹੈ। ਇਸ ਪਟਨਾ ਸਾਹਿਬ ਗੁਰਦੁਆਰਾ ਨੂੰ ਲਕਸ਼ਮੀਪੁਰ ਗੁਰਦੁਆਰਾ ਸਾਹਿਬ ਦੀ ਮਦਦ ਕਰਨ ਦਾ ਹੁਕਮ ਦਿੱਤਾ ਗਿਆ ਹੈ।

ਮੁੱਖ ਗ੍ਰੰਥੀ ਜਰਨੈਲ ਸਿੰਘ ਸੋਢੀ ਦਾ ਕਹਿਣਾ ਹੈ ਕਿ ਇਹਨਾਂ ਦਸਤਾਵੇਜ਼ਾਂ ਨੂੰ ਦੇਖਣ ਲਈ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਸਮੇਤ ਦੁਨੀਆਂ ਦੇ ਕਈ ਹਿੱਸਿਆਂ ਤੋਂ ਲੋਕ ਆਉਂਦੇ ਹਨ। ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਨਦੀ 'ਚ ਡੁਬ ਗਈ ਸੀ ਪਰ ਇਸ ਦੀ ਵਿਸ਼ੇਸ਼ ਕਿਸਮ ਦੀ ਸਿਆਹੀ ਜੋ ਕਿ ਭਰਿੰਗਰਾਜ ਅਤੇ ਬਾਬੂਲ ਆਦਿ ਤੋਂ ਬਣਾਈ ਜਾਂਦੀ ਹੈ, ਉਸ ਕਰਕੇ ਸੁਰੱਖਿਅਤ ਰਹੀ।

ਬਰਾਰੀ ਬਲਾਕ ਦੇ ਲਕਸ਼ਮੀਪੁਰ, ਹੁਸੈਨਾ, ਭੈਂਸਦੀਰਾ, ਭਵਾਨੀਪੁਰ, ਭੰਡਾਰਤਲ, ਉਚਾਲਾ ਸਮੇਤ ਨੌਂ ਪਿੰਡਾਂ ਵਿੱਚ ਪੰਜ ਹਜ਼ਾਰ ਦੇ ਕਰੀਬ ਸਿੱਖਾਂ ਦੀ ਵਸੋਂ ਹੈ।

ਬਿਹਾਰ ਸਰਕਾਰ ਦੇ ਸਿੱਖ ਸਰਕਟ ਵਿੱਚ ਸ਼ਾਮਲ ਲਕਸ਼ਮੀਪੁਰ ਗੁਰਦੁਆਰੇ ਤੋਂ ਇਲਾਵਾ ਬੁਰਾੜੀ ਵਿੱਚ ਇਤਿਹਾਸਕ ਗੁਰਦੁਆਰਾ ਭਵਾਨੀਪੁਰ, ਮਾਤਾ ਮੁਖੋ-ਸੰਪਤੋ ਕੌਰ ਟਰੱਸਟ ਗੁਰਦੁਆਰਾ ਅਤੇ ਕਾਂਤਨਗਰ ਵਿੱਚ ਬਣੇ ਨਵੇਂ ਗੁਰਦੁਆਰੇ ਸਮੇਤ 9 ਗੁਰਦੁਆਰੇ ਹਨ।



ਲਕਸ਼ਮੀਪੁਰ ਪੰਚਾਇਤ ਦੀ ਉਪ ਪ੍ਰਧਾਨ ਪ੍ਰਿਅੰਕਾ ਕੌਰ ਦਾ ਵਿਆਹ 13 ਸਾਲ ਪਹਿਲਾਂ ਵਰਿੰਦਰ ਸਿੰਘ ਨਾਲ ਹੋਇਆ ਸੀ। ਵਰਿੰਦਰ ਸਿੰਘ ਸਿੱਖ ਹੈ ਅਤੇ ਪ੍ਰਿਅੰਕਾ ਵਿਆਹ ਤੋਂ ਪਹਿਲਾਂ ਕੁਰਮੀ ਸੀ। ਸਿੱਖ ਧਰਮ ਦੀ ਮਰਿਆਦਾ ਅਨੁਸਾਰ ਪ੍ਰਿਅੰਕਾ ਨੂੰ 'ਅੰਮ੍ਰਿਤਪਾਨ' ਕਰਵਾ ਕੇ ਸਿੱਖ ਬਣਾਇਆ ਗਿਆ ਹੈ। ਪ੍ਰਿਅੰਕਾ ਦੀਆਂ ਛੇ ਭੈਣਾਂ ਹਨ।



ਉਹ ਕਹਿੰਦੇ ਹਨ, ਇਸ ਇਲਾਕੇ ਵਿੱਚ ਹਿੰਦੂਆਂ ਦਾ ਸਿੱਖਾਂ ਨਾਲ ਵਿਆਹ ਹੋਣਾ ਆਮ ਗੱਲ ਹੈ। ਮੇਰੀ ਇੱਕ ਵੱਡੀ ਭੈਣ ਦਾ ਵਿਆਹ ਵੀ ਸਿੱਖ ਪਰਿਵਾਰ ਵਿੱਚ ਹੋਇਆ ਹੈ। ਤੁਹਾਨੂੰ ਇੱਥੇ ਬਹੁਤ ਸਾਰੀਆਂ ਅਜਿਹੀਆਂ ਅਰੇਂਜ ਮੈਰਿਜ ਮਿਲ ਜਾਣਗੀਆਂ।

ਦਿਲਚਸਪ ਗੱਲ ਇਹ ਹੈ ਕਿ ਜਦੋਂ ਵਿਆਹ ਦੇ ਰੀਤੀ-ਰਿਵਾਜਾਂ ਦੀ ਗੱਲ ਆਉਂਦੀ ਹੈ ਤਾਂ ਸਥਾਨਕ ਗੁਰਦੁਆਰੇ ਵਿੱਚ ਸਵੇਰੇ ਆਨੰਦ ਕਾਰਜ ਹੁੰਦੇ ਹਨ ਅਤੇ ਇਸ ਤੋਂ ਬਾਅਦ ਬਿਹਾਰੀ ਵਿਆਹਾਂ ਦੀਆਂ ਕਈ ਪਰੰਪਰਾਵਾਂ ਇਸ ਵਿੱਚ ਰਲ ਜਾਂਦੀਆਂ ਹਨ।

ਪ੍ਰਿਅੰਕਾ ਦੇ ਪਤੀ ਵੀਰੇਂਦਰ ਸਿੰਘ ਕਹਿੰਦੇ ਹਨ ਕਿ ਵਿਆਹ ਦੇ ਗੀਤ ਵੀ ਅੰਗਿਕਾ ਵਿੱਚ ਗਾਏ ਜਾਂਦੇ ਹਨ। ਸਾਡਾ ਮਾਮਲਾ ਇਹੀ ਹੈ ਕਿ ਸਾਡੇ ਸਿਰ 'ਤੇ ਪੱਗ ਹੈ, ਚਿਹਰੇ 'ਤੇ ਦਾੜ੍ਹੀ ਹੈ, ਪਰ ਸਾਡੇ ਰਹਿਣੀ ਬਹਿਣੀ ਬਿਹਾਰੀਆਂ ਵਾਲੀ ਹੈ।

ਬਰਾਰੀ ਦੇ ਭੰਡਾਰਤਲ ਸਥਿਤ ਮਾਤਾ ਮੁਖੋ-ਸੰਪਤੋ ਕੌਰ ਟਰੱਸਟ ਗੁਰਦੁਆਰੇ ਦੇ ਮੁਖੀ ਅਮਰਜੀਤ ਸਿੰਘ ਨੇ ਦਸਿਆ ਕਿ ਸਿੱਖ ਮੁੰਡਿਆਂ ਦੇ ਵਿਆਹ ਹਿੰਦੂਆਂ ਵਿੱਚ ਅਰੇਂਜ ਮੈਰਿਜ ਨਾਲ ਹੋ ਜਾਂਦੇ ਹਨ, ਪਰ ਸਿੱਖ ਕੁੜੀਆਂ ਦੇ ਵਿਆਹ ਗੈਰ-ਸਿੱਖਾਂ ਨਾਲ ਘੱਟ ਹੀ ਹੁੰਦੇ ਹਨ।

ਬੁਰਾਰੀ ਵਿੱਚ ਵੱਸਦੇ ਸਿੱਖ ਪਰਿਵਾਰਾਂ ਦੇ ਘਰਾਂ ਵਿੱਚ ਸਿੱਖ ਗੁਰੂਆਂ ਦੇ ਨਾਲ-ਨਾਲ ਹਿੰਦੂ ਦੇਵੀ-ਦੇਵਤਿਆਂ ਦੀਆਂ ਲੱਗੀਆਂ ਮੂਰਤੀਆਂ ਅਤੇ ਤਸਵੀਰਾਂ ਆਸਾਨੀ ਨਾਲ ਮਿਲ ਜਾਣਗੀਆ।

ਪਿੰਡ ਭੰਡਾਰਤਲ ਦੇ ਕੁਲਵੰਤ ਕੌਰ ਅਤੇ ਬਚਨ ਕੌਰ ਕਹਿੰਦੇ ਹਨ ਕਿ ਜਦੋਂ ਪਿੰਡ ਵਿੱਚ ਰਹਿੰਦੇ ਹਾਂ ਤਾਂ ਸਾਨੂੰ ਇਹ ਸਭ ਮੰਨਣਾ ਹੀ ਪੈਂਦਾ ਹੈ। ਅਸੀਂ ਦੀਵਾਲੀ, ਛਠ, ਹੋਲੀ ਅਤੇ ਲੋਹੜੀ ਮਨਾਉਂਦੇ ਹਾਂ। ਦੀਵਾਲੀ 'ਤੇ ਅਸੀਂ ਗੁਰਦੁਆਰੇ ਵਿੱਚ ਦੀਵੇ ਜਗਾਉਂਦੇ ਹਾਂ ਅਤੇ ਪ੍ਰਸ਼ਾਦ ਵਜੋਂ ਸ਼ਕਰਪਾਰੇ ਵੰਡਦੇ ਹਾਂ। ਬਾਅਦ ਵਿੱਚ ਪਟਾਕੇ ਚਲਾਉਂਦੇ ਹਾਂ। ਇਹਨਾਂ ਗੁਰਦੁਆਰਿਆਂ ਵਿੱਚ ਹਿੰਦੂ ਵੀ ਕੰਮ ਕਰਦੇ ਪਾਏ ਜਾਂਦੇ ਹਨ। ਅਰਵਿੰਦ ਕੁਮਾਰ ਚੌਧਰੀ ਦੋ ਦਹਾਕਿਆਂ ਤੋਂ ਲਕਸ਼ਮੀਪੁਰ ਗੁਰਦੁਆਰਾ ਸਾਹਿਬ ਵਿੱਚ ਲੰਗਰ ਦੀ ਸੇਵਾ ਕਰ ਰਹੇ ਹਨ।

ਉਹ ਕਹਿੰਦੇ ਹਨ ਕਿ ਇਹ ਲੋਕ ਬਹੁਤ ਸੇਵਾ ਭਾਵਨਾ ਵਾਲਾ ਵਿਹਾਰ ਕਰਦੇ ਹਨ, ਤਾਂ ਫਿਰ ਅਸੀਂ ਇਨ੍ਹਾਂ ਦੇ ਧਰਮ ਨੂੰ ਕਿਉਂ ਨਾ ਪਿਆਰ ਕਰੀਏ?

ਇਸੇ ਤਰ੍ਹਾਂ ਕਾਂਤਨਗਰ ਦੀ ਇੱਕ ਖੇਤ ਮਜ਼ਦੂਰ ਰਾਣੀ ਦੇਵੀ ਕਹਿੰਦੇ ਹਨ, ਸਾਡੀ ਜ਼ਮੀਨ ਗੰਗਾ ਨੇ ਖੋਹ ਲਈ ਹੈ। ਹੁਣ ਸਰਦਾਰ ਜੀ ਦੀਆਂ ਜ਼ਮੀਨਾਂ 'ਤੇ ਕੰਮ ਕਰਕੇ ਹੀ ਰੋਟੀ ਖਾਂਦੇ ਹਨ। ਇਹ ਲੋਕ ਕਦੇ ਤੰਗ ਪਰੇਸ਼ਾਨ ਨਹੀਂ ਹੁੰਦੇ।

ਇਨ੍ਹਾਂ ਸਿੱਖ ਪਰਿਵਾਰਾਂ ਦੇ ਨੌਜਵਾਨ ਹੁਣ ਸਰਕਾਰੀ ਨੌਕਰੀਆਂ ਕਰਨ ਲੱਗੇ ਹਨ। ਪਹਿਲਾਂ ਉਹ ਮੁੱਖ ਤੌਰ 'ਤੇ ਖੇਤੀਬਾੜੀ ਅਤੇ ਕਾਰੋਬਾਰ ਨਾਲ ਜੁੜੇ ਹੁੰਦੇ ਸਨ।

ਹਲਾਂਕਿ, ਘੱਟ ਗਿਣਤੀ ਦਾ ਦਰਜਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨਾ ਤਾਂ ਰਾਖਵਾਂਕਰਨ ਮਿਲਿਆ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀਆਂ ਸਹੂਲਤਾਂ ਮਿਲ ਰਹੀਆਂ ਹਨ।

ਬਰਾਰੀ ਦੇ ਕੜਾਗੋਲਾ ਦੇ ਇਤਿਹਾਸਕ ਗੁਰਦੁਆਰਾ ਭਵਾਨੀਪੁਰ ਦੇ ਉਪ ਮੁਖੀ ਅਰਜਨ ਸਿੰਘ ਨੇ ਦਸਿਆ ਕਿ ਅਸੀਂ ਜਿੱਥੇ ਵੀ ਜਾਂਦੇ ਹਾਂ, ਸਾਨੂੰ ਜਵਾਬ ਮਿਲਦਾ ਹੈ ਕਿ ਤੁਸੀਂ ਤਾਂ ਸਰਦਾਰ ਜੀ ਹੋ, ਤੁਹਾਨੂੰ ਕਿਸੇ ਚੀਜ਼ ਦੀ ਕੀ ਲੋੜ ਹੈ? ਜੇ ਅਸੀਂ ਜਾਤੀ ਸਰਟੀਫਿਕੇਟ ਲੈਣ ਜਾਂਦੇ ਹਾਂ ਤਾਂ ਕਹਿੰਦੇ ਹਨ ਕਿ ਤੁਸੀਂ ਉਂਝ ਹੀ ਸਰਦਾਰ ਨਜ਼ਰ ਆਉਂਦੇ ਹੋ।

ਬਰਾਰੀ ਵਿੱਚ ਸਥਿਤ ਇਹ ਮਿੰਨੀ ਪੰਜਾਬ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਲਈ ਚੰਗੇ ਸਕੂਲ, ਹਸਪਤਾਲ ਅਤੇ ਸੜਕਾਂ ਹਾਲੇ ਦੂਰ ਹਨ।

ਭੰਡਾਰਤਲ ਪੰਚਾਇਤ ਦੇ ਅਵਧ ਕਿਸ਼ੋਰ ਸਿੰਘ ਦਾ ਕਹਿਣਾ ਹੈ ਕਿ ਸਾਡਾ ਪਹਿਲਾ ਹੈਲਥ ਸੈਂਟਰ ਕੜਾਘੋਲਾ ਵਿੱਚ ਸਥਿਤ ਹੈ, ਜੋ ਛੇ ਕਿਲੋਮੀਟਰ ਦੀ ਦੂਰੀ 'ਤੇ ਹੈ। ਉੱਥੇ ਪਹੁੰਚਣ ਲਈ ਸੜਕ ਅਜਿਹੀ ਹੈ ਕਿ ਮਰੀਜ਼ ਦੀ ਸਿਹਤ ਹੋਰ ਖਰਾਬ ਹੋ ਜਾਵੇਗਾ। ਇੱਥੇ 12ਵੀਂ ਜਮਾਤ ਤੱਕ ਸਕੂਲ ਹੈ ਪਰ ਅਧਿਆਪਕ ਨਹੀਂ। ਬੱਚੇ ਪੜ੍ਹਨ ਬਾਹਰ ਜਾਂਦੇ ਹਨ। ਸਾਡੇ ਬਾਕੀ ਲੋਕਾਂ ਦੀਆਂ ਇੱਥੇ ਹੱਤਿਆਵਾਂ ਵੀ ਹੁੰਦੀਆਂ ਹਨ, ਅਸੀਂ ਘੱਟ ਗਿਣਤੀ ਹਾਂ ਅਤੇ ਸਰਕਾਰ ਸਾਡੀ ਸੁਰੱਖਿਆ ਕਰੇ।

ਗੰਗਾ ਦੇ ਇਲਾਕੇ ਵਿੱਚ ਸਥਿਤ ਕਾਂਤਨਗਰ ਤੱਕ ਜਾਣ ਵਾਲੀ ਸੜਕ ਕੱਚੀ ਅਤੇ ਮਾੜੀ ਹੈ। ਇੱਥੇ ਗੁਰੂ ਤੇਗ ਬਹਾਦਰ ਜੀ ਆਏ ਸਨ ਕਾਂਤਨਗਰ ਦੇ ਸਰਦਾਰ ਪ੍ਰਭੂ ਸਿੰਘ ਕਹਿੰਦੇ ਹਨ ਕਿ ਇਹ ਇਤਿਹਾਸਕ ਸਥਾਨ ਹੈ। ਗੁਰੂ ਸਾਹਿਬ ਇੱਥੇ ਆਏ ਸਨ ਪਰ ਅੱਜ ਸਾਡੇ ਕੋਲ ਸੜਕ ਤੱਕ ਨਹੀਂ ਹੈ ਅਤੇ ਹਸਪਤਾਲ ਲਈ 14 ਕਿਲੋਮੀਟਰ ਜਾਣਾ ਪੈਂਦਾ ਹੈ।



# ਲੋਕਤੰਤਰ ਤੋਂ ਤਾਨਾਸ਼ਾਹ ਬਣਨ ਵੱਲ ਭਾਰਤ, ਅਮਰੀਕਾ ਦੀ ਭਾਈਵਾਲੀ ਦੇ ਭਰਮ ਵਿੱਚ ਗੁਆਚਿਆ

## ਅਮਰੀਕਾ, ਦੱਖਣੀ ਚੀਨ ਸਾਗਰ 'ਚ ਗਸ਼ਤ ਕਰਨ ਲਈ ਭਾਰਤ ਦੀ ਚਾਹੁੰਦੈ ਮਦਦ



ਅਰੁੰਧਤੀ ਰਾਏ



ਪਿਛਲੇ ਮਹੀਨੇ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਨੂੰ ਦੁਨੀਆਂ ਦੇ ਦੋ ਮਹਾਨ ਲੋਕਤੰਤਰਾਂ ਦੀ ਮੀਟਿੰਗ ਵਜੋਂ ਪ੍ਰਚਾਰਿਆ ਗਿਆ ਸੀ ਅਤੇ ਦੋਵਾਂ ਦੇਸ਼ਾਂ ਨੇ ਮਾਣ ਨਾਲ ਐਲਾਨ ਕੀਤਾ ਸੀ ਕਿ ਉਹ 'ਦੁਨੀਆ ਦੇ ਸਭ ਤੋਂ ਨਜ਼ਦੀਕੀ ਭਾਈਵਾਲ' ਹਨ। ਪਰ ਸੁਆਲ ਇਹ ਹੈ ਕਿ ਉਹ ਕਿਸ ਤਰ੍ਹਾਂ ਦੇ ਸਾਥੀ ਤੇ ਭਾਈਵਾਲ ਹੋਣਗੇ?

ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਸ਼ਾਸਨ ਦਾ ਕੇਂਦਰੀ ਸਿਧਾਂਤ 'ਲੋਕਤੰਤਰ ਦੀ ਰੱਖਿਆ' ਹੈ। ਇਹ ਸ਼ਲਾਘਾਯੋਗ ਹੈ, ਪਰ ਵਾਸ਼ਿੰਗਟਨ ਵਿੱਚ ਜੋ ਵਾਪਰਿਆ, ਉਹ ਇਸ ਦੇ ਬਿਲਕੁਲ ਉਲਟ ਸੀ। ਜਿਸ ਵਿਅਕਤੀ ਮੋਦੀ ਅੱਗੇ ਅਮਰੀਕੀ ਹਾਕਮਾਂ ਨੇ ਮੱਥਾ ਟੇਕਿਆ ਸੀ, ਉਸ ਨੇ ਭਾਰਤੀ ਲੋਕਤੰਤਰ ਨੂੰ ਬੜੇ ਯੋਜਨਾਬੱਧ ਤਰੀਕੇ ਨਾਲ ਕਮਜ਼ੋਰ ਕੀਤਾ ਹੋਇਆ ਹੈ। ਸਾਨੂੰ ਅਮਰੀਕਾ ਵੱਲੋਂ ਮੋਦੀ ਨਾਲ ਦੋਸਤੀ ਦੀ ਚੋਣ ਤੇ ਹੈਰਾਨ ਹੋਣ ਦੀ ਲੋੜ ਨਹੀਂ ਹੈ। ਅਮਰੀਕੀ ਸਰਕਾਰਾਂ ਨੇ ਜਿਨ੍ਹਾਂ ਅਜੂਬਿਆਂ ਨੂੰ ਆਪਣੇ ਸਹਿਯੋਗੀ ਵਜੋਂ ਪਾਲਿਆ ਪੋਸਿਆ ਹੈ, ਉਨ੍ਹਾਂ ਵਿੱਚ ਇਰਾਨ ਦੇ ਸ਼ਾਹ, ਪਾਕਿਸਤਾਨ ਦੇ ਜਨਰਲ ਮੁਹੰਮਦ ਜ਼ਿਆ-ਉਲ-ਹੱਕ, ਅਫਗਾਨ ਮੁਜਾਹਿਦੀਨ, ਇਰਾਕ ਦੇ ਸੱਦਾਮ ਹੁਸੈਨ, ਦੱਖਣੀ ਵੀਅਤਨਾਮ ਵਿੱਚ ਇਕ ਤੋਂ ਬਾਅਦ ਇੱਕ ਤਾਨਾਸ਼ਾਹ ਅਤੇ ਚਿਲੀ ਦੇ ਜਨਰਲ ਆਗਸਟੋ ਪਿਨੋਸ਼ੇ ਸ਼ਾਮਲ ਹਨ। ਅਮਰੀਕੀ ਵਿਦੇਸ਼ ਨੀਤੀ ਦਾ ਕੇਂਦਰੀ ਸਿਧਾਂਤ ਅਕਸਰ ਇਹ ਹੁੰਦਾ ਹੈ ਕਿ ਲੋਕਤੰਤਰ ਸੰਯੁਕਤ ਰਾਜ ਅਮਰੀਕਾ ਲਈ , ਆਪਣੇ (ਕਾਲੇ) ਦੋਸਤਾਂ ਲਈ ਤਾਨਾਸ਼ਾਹੀ।

ਬੇਸ਼ੱਕ ਸ੍ਰੀ ਨਰਿੰਦਰ ਮੋਦੀ ਇਨ੍ਹਾਂ ਤਾਨਾਸ਼ਾਹਾਂ ਦੇ ਇਕੱਠ ਦਾ ਹਿੱਸਾ ਨਹੀਂ ਹਨ। ਮੋਦੀ ਕਾਰਨ ਭਾਰਤ ਉਨ੍ਹਾਂ ਤੋਂ ਵੀ ਅੱਗੇ ਲੰਘ ਜਾਵੇਗਾ। ਸਵਾਲ ਇਹ ਹੈ ਕਿ ਕਦੋਂ? ਅਤੇ ਕਿਸ ਕੀਮਤ 'ਤੇ?

ਇਹ ਸਚ ਹੈ ਕਿ ਭਾਰਤ ਵਿੱਚ ਤਾਨਾਸ਼ਾਹੀ ਨਹੀਂ ਹੈ, ਪਰ ਇਹ ਹੁਣ ਲੋਕਤੰਤਰ ਵੀ ਨਹੀਂ ਰਿਹਾ। ਮੋਦੀ ਦਾ ਰਾਜ ਇੱਕ ਬਹੁਗਿਣਤੀਵਾਦੀ, ਹਿੰਦੂ ਸਰਵਉੱਚਤਾਵਾਦੀ, ਚੋਣਾਵੀ ਤਾਨਾਸ਼ਾਹ ਹੈ ਜਿਸ ਦੀ ਪਕੜ ਦੁਨੀਆਂ ਦੇ ਵੱਖ ਵੱਖ ਸੰਪੰਨ ਦੇਸ਼ਾਂ ਵਿੱਚੋਂ ਹਰੇਕ 'ਤੇ ਮਜ਼ਬੂਤ ਹੋ ਰਹੀ ਹੈ। ਚੋਣਾਵੀ ਤਾਨਾਸ਼ਾਹੀ ਦਾ ਕਾਰਨ ਚੋਣਾਂ ਦਾ ਮੌਸਮ, ਜੋ ਕਿ ਨੇੜੇ ਹੈ, ਸਾਡੇ ਲਈ ਸਭ ਤੋਂ ਖਤਰਨਾਕ ਸਮਾਂ ਹੈ। ਇਹ ਕਤਲਾਂ ਦਾ ਮੌਸਮ ਹੈ, ਇਹ ਲਿੰਚਿੰਗ ਤੇ ਦੰਗਿਆਂ ਦਾ ਮੌਸਮ ਹੈ, ਇਹ ਪਰਦੇ ਨਾਲ ਧਮਕੀਆਂ ਦੇਣ ਦਾ ਮੌਸਮ ਹੈ। ਅਮਰੀਕਾ ਸਰਕਾਰ ਜਿਸ ਸਹਿਯੋਗੀ ਮੋਦੀ ਨੂੰ ਪਾਲ-ਪੋਸ ਕੇ ਮਜ਼ਬੂਤ ਕਰ ਰਹੀ ਹੈ, ਉਹ ਦੁਨੀਆਂ ਦੇ ਸਭ ਤੋਂ ਖਤਰਨਾਕ ਲੋਕਾਂ ਵਿੱਚੋਂ ਇੱਕ ਹੈ। ਕਿਉਂਕਿ ਉਸ ਨੇ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਨੂੰ ਇੱਕ ਵਿਸਫੋਟਕ ਸਥਾਨ ਵਿੱਚ ਬਦਲ ਦਿੱਤਾ ਹੈ।

ਭਾਰਤ ਦਾ ਪ੍ਰਧਾਨ ਮੰਤਰੀ ਮੋਦੀ ਜੋ ਲਗਭਗ ਕਦੇ ਪ੍ਰੈਸ ਕਾਨਫਰੰਸ ਨਹੀਂ ਕਰਦਾ,ਉਹ ਕਿਸ ਤਰ੍ਹਾਂ ਦੇ ਲੋਕਤੰਤਰ ਵਿੱਚ ਵਿਸ਼ਵਾਸ ਕਰਦਾ ਹੈ? ਜਦੋਂ ਉਹ ਵਾਸ਼ਿੰਗਟਨ ਵਿੱਚ ਸੀ ਤਾਂ ਉਸ ਨੂੰ ਇੱਕ ਪ੍ਰੈਸ ਕਾਨਫਰੰਸ ਲਈ ਸੰਬੋਧਨ ਕਰਨ ਲਈ ਮਨਾਉਣ ਬਾਰੇ ਅਮਰੀਕੀ ਸਰਕਾਰ ਦੀ ਪੂਰੀ ਤਾਕਤ ਲੱਗ ਗਈ। ਮੋਦੀ ਨੇ ਸਿਰਫ਼ ਦੋ ਸਵਾਲਾਂ ਦਾ ਜਵਾਬ ਦੇਣਾ ਸਵੀਕਾਰ ਕੀਤਾ, ਉਹ ਵੀ ਇੱਕ ਅਮਰੀਕੀ ਪੱਤਰਕਾਰ ਦਾ ਸਿਰਫ਼ ਇੱਕ ਸਵਾਲ। ਵਾਲ ਸਟਰੀਟ ਜਰਨਲ ਦੀ ਵ੍ਹਾਈਟ ਹਾਊਸ ਦੀ ਪੱਤਰਕਾਰ ਸਬਰੀਨਾ ਸਿੱਦੀਕੀ ਉਸ ਨੂੰ ਪੁੱਛਣ ਲਈ ਖੜ੍ਹੀ ਹੋਈ ਕਿ ਉਨ੍ਹਾਂ ਦੀ ਸਰਕਾਰ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨਾਲ ਵਿਤਕਰੇ ਨੂੰ ਰੋਕਣ ਲਈ ਕੀ ਕਰ ਰਹੀ ਹੈ। ਉਨ੍ਹਾਂ ਦੇ ਦੇਸ਼ ਭਾਰਤ ਵਿੱਚ ਮੁਸਲਮਾਨਾਂ ਅਤੇ ਇਸਾਈਆਂ ਨਾਲ ਦੁਰਵਿਵਹਾਰ ਕਿਉਂ ਵੱਧ ਰਿਹਾ ਹੈ?

ਇਹ ਸਵਾਲ ਅਸਲ ਵਿੱਚ ਵ੍ਹਾਈਟ ਹਾਊਸ ਵੱਲੋਂ ਮੋਦੀ ਨੂੰ ਪੁੱਛਿਆ ਜਾਣਾ ਚਾਹੀਦਾ ਸੀ। ਪਰ ਬਿਡੇਨ ਪ੍ਰਸ਼ਾਸਨ ਨੇ ਇੱਕ ਪੱਤਰਕਾਰ ਨੂੰ ਇਕ ਤਰ੍ਹਾਂ ਜ਼ਿੰਮੇਵਾਰੀ ਦੇ ਦਿੱਤੀ ਜਾਪਦੀ ਸੀ। ਭਾਰਤ ਵਿੱਚ ਅਸੀਂ ਲੋਕ ਇਸ ਜੁਆਬ ਦੀ ਸਾਹ ਘੁੱਟ ਕੇ ਉਡੀਕ ਕਰ ਰਹੇ ਸੀ। ਮੋਦੀ ਨੇ ਹੈਰਾਨੀ ਪ੍ਰਗਟਾਈ ਕਿ ਅਜਿਹਾ ਸਵਾਲ ਵੀ ਕਿਵੇਂ ਪੁੱਛਿਆ ਜਾ ਸਕਦਾ ਹੈ? ਇਸ ਤੋਂ ਬਾਅਦ ਉਸ ਨੇ ਸੁਆਲ ਨੂੰ ਖਤਮ ਕਰਨ ਲਈ ਅਜਿਹੀ ਯੋਜਨਾ ਅਪਣਾਈ, ਜਿਸ ਨੂੰ ਉਹ ਤਿਆਰ ਕਰਕੇ ਲੈ ਕੇ ਆਇਆ ਸੀ। ਉਸਨੇ ਕਿਹਾ ਕਿ ਲੋਕਤੰਤਰ ਸਾਡੀ ਆਤਮਾ ਹੈ। ਲੋਕਤੰਤਰ ਸਾਡੀਆਂ ਰਗਾਂ ਵਿੱਚ ਦੌੜਦਾ ਹੈ। ਅਸੀਂ ਲੋਕਤੰਤਰ ਜੀਉਂਦੇ ਹਾਂ।' ਉਨ੍ਹਾਂ ਕਿਹਾ, 'ਭਾਰਤ ਵਿੱਚ ਕੋਈ ਵਿਤਕਰਾ ਨਹੀਂ ਹੋ ਰਿਹਾ।' ਆਦਿ।

ਭਾਰਤ ਵਿੱਚ ਮੁੱਖ ਧਾਰਾ ਮੀਡੀਆ ਅਤੇ ਮੋਦੀ ਦੇ ਪ੍ਰਸ਼ੰਸਕਾਂ ਦੀ ਵਿਸ਼ਾਲ ਫੌਜ ਮੋਦੀ ਦੇ ਜੁਆਬ ਤੋਂ ਇਸ ਤਰ੍ਹਾਂ ਖੁਸ਼ ਹੋਈ ਜਿਵੇਂ ਕਿ ਉਸ ਨੇ ਸਭ ਤੋਂ ਵਧੀਆ ਤਰੀਕੇ ਨਾਲ ਇਸ ਸੁਆਲ ਦਾ ਸਾਹਮਣਾ ਕੀਤਾ ਹੋਵੇ। ਜੋ ਲੋਕ ਉਸ ਦਾ ਵਿਰੋਧ ਕਰਦੇ ਰਹੇ,ਉਹ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਇਸ ਮਲਬੇ ਵਿੱਚੋਂ ਟੁਕੜੇ ਚੁਣਦੇ ਹੋਏ ਰਹਿ ਗਏ। ਮੋਦੀ ਦੇ ਇਸ ਜੁਆਬ ਮਗਰੋਂ ਕੀ ਤੁਸੀਂ ਬਿਡੇਨ ਦੀ ਸਰੀਰ ਦੀ ਭਾਸ਼ਾ ਵਲ ਧਿਆਨ ਦਿਤਾ ਹੈ ? ਬਿਡੇਨ ਮੋਦੀ ਦੇ ਵਰਤਾਰੇ ਤੇ ਜੁਆਬ ਤੋਂ ਸੰਤੁਸ਼ਟ ਨਹੀਂ ਸੀ।

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਅਤੇ ਹੋਰ ਹਿੰਦੂ ਰਾਸ਼ਟਰਵਾਦੀਆਂ ਨੇ ਪੱਤਰਕਾਰ ਸਿੱਦੀਕੀ 'ਤੇ ਟਵਿੱਟਰ ਉਪਰ ਬੇਰਹਿਮੀ ਨਾਲ ਗਾਲਨੁਮਾ ਵਿਚਾਰਧਾਰਕ ਹਮਲਾ ਕੀਤਾ , ਉਸ 'ਤੇ ਭਾਰਤ ਵਿਰੋਧੀ ਏਜੰਡਾ ਰਖਣ ਅਤੇ ਪੱਖਪਾਤ ਨਾਲ ਭਰੇ ਪਾਕਿਸਤਾਨੀ-ਇਸਲਾਮਿਕ ਨਫ਼ਰਤ ਨੂੰ ਫੈਲਾਉਣ ਵਾਲੀ ਪੱਤਰਕਾਰ ਹੋਣ ਦਾ ਦੋਸ਼ ਲਗਾਇਆ। ਇਹ ਹਿੰਦੂ ਰਾਸ਼ਟਰਵਾਦੀਆਂ ਦੀਆਂ ਸਭ ਤੋਂ ਨਿਮਰਤਾ ਵਾਲੀਆਂ ਟਿੱਪਣੀਆਂ ਸਨ। ਆਖਰਕਾਰ ਵ੍ਹਾਈਟ ਹਾਊਸ ਨੂੰ ਦਖਲ ਦੇਣਾ ਪਿਆ ਅਤੇ ਸਿੱਦੀਕੀ ਨੂੰ ਇਸ ਤਰ੍ਹਾਂ ਪਰੇਸ਼ਾਨ ਕਰਨ ਦੀ ਨਿੰਦਾ ਕਰਦੇ ਹੋਏ ਇਸ ਨੂੰ 'ਲੋਕਤੰਤਰ ਦੇ ਸਿਧਾਂਤਾਂ ਦੇ ਖਿਲਾਫ' ਕਰਾਰ ਦਿੱਤਾ। ਅਜਿਹਾ ਮਹਿਸੂਸ ਹੋਇਆ ਕਿ ਵ੍ਹਾਈਟ ਹਾਊਸ ਨੇ ਜਿਸ ਚੀਜ਼ ਨੂੰ ਨਜ਼ਰਅੰਦਾਜ਼ ਕਰਨਾ ਚਾਹਿਆ ਸੀ ਉਹ ਕੌੜੀ ਸਚਾਈ ਦੁਨੀਆ ਸਾਹਮਣੇ ਸ਼ਰਮਨਾਕ ਤੌਰ 'ਤੇ ਸਾਹਮਣੇ ਆ ਗਈ ਸੀ।



ਇਹ ਸੰਭਵ ਹੈ ਕਿ ਸਿੱਦੀਕੀ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਉਸਨੇ ਆਪਣਾ ਹੱਥ ਕਿਸ ਨੂੰ ਪਾਇਆ ਸੀ। ਪਰ ਅਮਰੀਕੀ ਵਿਦੇਸ਼ ਵਿਭਾਗ ਅਤੇ ਵ੍ਹਾਈਟ ਹਾਊਸ ਬਾਰੇ ਇਹੀ ਨਹੀਂ ਕਿਹਾ ਜਾ ਸਕਦਾ ਕਿ ਉਸ ਨੂੰ ਮੋਦੀ ਬਾਰੇ ਚੰਗੀ ਤਰ੍ਹਾਂ ਪਤਾ ਨਹੀਂ ਹੋਵੇਗਾ, ਜਿਸ ਲਈ ਉਹ ਰੈੱਡ ਕਾਰਪੇਟ ਵਿਛਾ ਰਹੇ ਸਨ ਅਮਰੀਕਾ ਨੂੰ ਗੁਜਰਾਤ ਵਿੱਚ ਮੋਦੀ ਉੱਤੇ 2002 ਦੌਰਾਨ ਮੁਸਲਿਮ ਵਿਰੋਧੀ ਕਤਲੇਆਮ ਕਰਵਾਉਣ ਦੇ ਲੱਗੇ ਦੋਸ਼ਾਂ ਬਾਰੇ ਭਲੀਭਾਂਤ ਜਾਣਕਾਰੀ ਹੋਵੇਗੀ ਜਿਸ ਵਿੱਚ 1,000 ਤੋਂ ਵੱਧ ਮੁਸਲਮਾਨ ਮਾਰੇ ਗਏ ਸਨ। ਅਮਰੀਕਾ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਮੁਸਲਮਾਨਾਂ ਨੂੰ ਹੁਣ ਵੀ ਜਨਤਕ ਤੌਰ 'ਤੇ ਲਗਾਤਾਰ ਹਿੰਸਕ ਭੀੜਾਂ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਨੂੰ ਮੋਦੀ ਦੀ ਕੈਬਨਿਟ ਦੇ ਉਸ ਮੈਂਬਰ ਬਾਰੇ ਵੀ ਪਤਾ ਹੋਣਾ ਚਾਹੀਦਾ ਸੀ, ਜੋ ਮੁਸਲਮਾਨਾਂ ਨੂੰ ਕਤਲ ਕਰਨ ਵਾਲੇ ਦੋਸ਼ੀਆਂ ਦੇ ਗਲੇ ਵਿਚ ਫੁੱਲਾਂ ਦੇ ਹਾਰ ਪਾਕੇ ਮਿਲਿਆ ਸੀ। ਉਸ ਨੂੰ ਮੁਸਲਮਾਨਾਂ ਨੂੰ ਕੁਚਲਣ ਲਈ ਤੇ ਜੀਵਨ ਦੇ ਸਾਰੇ ਖੇਤਰਾਂ ਤੋਂ ਅਲੱਗ-ਥਲੱਗ ਕਰਨ ਦੀ ਪ੍ਰਕਿਰਿਆ ਬਾਰੇ ਹਿੰਦੂਤਵੀਆਂ ਦੀਆਂ ਸਾਜਿਸ਼ਾਂ ਬਾਰੇ ਜਾਣਕਾਰੀ ਹੋਵੇਗੀ।

ਹੋ ਸਕਦਾ ਹੈ ਕਿ ਅਮਰੀਕਾ ਨੂੰ ਵਿਰੋਧੀ ਨੇਤਾਵਾਂ, ਵਿਦਿਆਰਥੀਆਂ, ਮਨੁੱਖੀ ਅਧਿਕਾਰ ਕਾਰਕੁਨਾਂ, ਵਕੀਲਾਂ ਅਤੇ ਪੱਤਰਕਾਰਾਂ ਨੂੰ ਸਤਾਏ ਜਾਣ ਦੀ ਰਿਪੋਰਟ ਵੀ ਮਿਲੀ ਹੋਵੇਗੀ, ਜਿਨ੍ਹਾਂ ਵਿੱਚੋਂ ਕੁਝ ਨੂੰ ਲੰਬੀ ਜੇਲ੍ਹ ਦੀ ਸਜ਼ਾ ਮਿਲੀ ਹੈ ਅਮਰੀਕਾ ਨੂੰ ਭਾਰਤੀ ਪੁਲਿਸ ਤੇ ਹਿੰਦੂ ਰਾਸ਼ਟਰਵਾਦੀ ਲੋਕਾਂ ਵਲੋਂ ਯੂਨੀਵਰਸਿਟੀਆਂ 'ਤੇ ਹਮਲੇ ਕੀਤੇ ਜਾਣ ਅਤੇ ਇਤਿਹਾਸ ਦੀਆਂ ਕਿਤਾਬਾਂ ਨੂੰ ਦੁਬਾਰਾ ਲਿਖੇ ਜਾਣ, ਫਿਲਮਾਂ 'ਤੇ ਪਾਬੰਦੀ ਲਗਾਏ ਜਾਣ ,ਐਮਨੈਸਟੀ ਇੰਟਰਨੈਸ਼ਨਲ ਇੰਡੀਆ ਉਪਰ ਭਾਰਤ ਵਿੱਚ ਪਾਬੰਦੀ ਲਗਾਏ ਜਾਣ, ਬੀਬੀਸੀ ਦੇ ਭਾਰਤੀ ਦਫਤਰਾਂ 'ਤੇ ਛਾਪੇ ਮਾਰਨ, ਕਾਰਕੁੰਨਾਂ, ਪੱਤਰਕਾਰਾਂ ਅਤੇ ਸਰਕਾਰ ਦੇ ਆਲੋਚਕਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਬਾਰੇ ਵੀ ਜਾਣਕਾਰੀ ਹੋਵੇਗੀ। ਅਮਰੀਕਾ ਨੂੰ ਪਤਾ ਹੋਵੇਗਾ ਕਿ ਭਾਰਤ ਹੁਣ ਵਿਸ਼ਵ ਪ੍ਰੈਸ ਫਰੀਡਮ ਇੰਡੈਕਸ ਵਿੱਚ 180 ਦੇਸ਼ਾਂ ਵਿੱਚੋਂ 161ਵੇਂ ਸਥਾਨ 'ਤੇ ਹੈ। ਭਾਰਤ ਦੇ ਬਹੁਤ ਸਾਰੇ ਵਧੀਆ ਪੱਤਰਕਾਰਾਂ ਨੂੰ ਮੁੱਖ ਧਾਰਾ ਮੀਡੀਆ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ ਅਤੇ ਪੱਤਰਕਾਰਾਂ ਨੂੰ ਜਲਦੀ ਹੀ ਸੈਂਸਰ ਦੀ ਅਜਿਹੀ ਵਿਵਸਥਾ ਦਾ ਸਾਹਮਣਾ ਕਰਨਾ ਪਵੇਗਾ । ਇਸ ਵਿੱਚ ਮੋਦੀ ਸਰਕਾਰ ਦੁਆਰਾ ਸਥਾਪਤ ਇੱਕ ਸੰਸਥਾ ਨੂੰ ਇਹ ਫੈਸਲਾ ਕਰਨ ਦੀ ਸ਼ਕਤੀ ਹੋਵੇਗੀ ਕਿ ਮੀਡੀਆ ਰਿਪੋਰਟਾਂ ਅਤੇ ਸਰਕਾਰ ਬਾਰੇ ਟਿੱਪਣੀਆਂ ਝੂਠੀਆਂ ਅਤੇ ਗੁੰਮਰਾਹਕੁੰਨ ਹਨ ਜਾਂ ਨਹੀਂ ਅਮਰੀਕਾ ਕਸ਼ਮੀਰ ਦੀ ਸਥਿਤੀ ਤੋਂ ਜਾਣੂ ਹੋਵੇਗਾ, ਜਿਸ ਨੂੰ 2019 ਦੌਰਾਨ ਕਈ ਮਹੀਨਿਆਂ ਲਈ ਦੁਨੀਆ ਤੋਂ ਕੱਟ ਦਿੱਤਾ ਗਿਆ ਸੀ - ਇੱਕ ਲੋਕਤੰਤਰ ਵਿੱਚ ਇੰਟਰਨੈਟ ਨੂੰ ਬੰਦ ਕਰਨ ਦੀ ਇਹ ਸਭ ਤੋਂ ਲੰਬੀ ਘਟਨਾ ਸੀ। ਕਸ਼ਮੀਰ ਦੇ ਪੱਤਰਕਾਰਾਂ ਨੂੰ ਲਗਾਤਾਰ ਪਰੇਸ਼ਾਨ ਕੀਤਾ ਜਾਂਦਾ ਹੈ ਅਤੇ ਗ੍ਰਿਫਤਾਰ ਕੀਤਾ ਜਾਂਦਾ ਹੈ, ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਂਦੀ ਹੈ। 21ਵੀਂ ਸਦੀ ਵਿੱਚ, ਕਿਸੇ ਦੀ ਜ਼ਿੰਦਗੀ ਵੀ ਅਜਿਹੀ ਨਹੀਂ ਹੋਣੀ ਚਾਹੀਦੀ ਹੈ ਜਿਵੇਂ ਉਨ੍ਹਾਂ ਦੀ ਹੈ ਸਰਕਾਰੀ ਦਹਿਸ਼ਤ ਵਿਚ ਜੀਉਣ ਦੀ ।

ਅਮਰੀਕਾ ਨੂੰ 2019 ਵਿੱਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਬਾਰੇ ਪਤਾ ਹੋਣਾ ਚਾਹੀਦਾ ਹੈ, ਜੋ ਮੁਸਲਮਾਨਾਂ ਨਾਲ ਖੁੱਲ੍ਹੇਆਮ ਵਿਤਕਰਾ ਕਰਦਾ ਹੈ। ਉਹ ਵੱਡੇ ਅੰਦੋਲਨਾਂ ਤੋਂ ਵੀ ਜਾਣੂ ਹੋਣਗੇ ਜੋ ਨਤੀਜੇ ਵਜੋਂ ਉਠ ਖੜੇ ਹੋਏ ਹਨ ਅਤੇ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਹ ਅੰਦੋਲਨ ਉਦੋਂ ਹੀ ਖਤਮ ਹੋਇਆ ਜਦੋਂ ਅਗਲੇ ਸਾਲ ਦਿੱਲੀ ਵਿੱਚ ਹਿੰਦੂ ਭੀੜ ਨੇ ਦਰਜਨਾਂ ਮੁਸਲਮਾਨਾਂ ਨੂੰ ਮਾਰ ਦਿੱਤਾ (ਜੋ ਇਤਫਾਕ ਨਾਲ ਉਦੋਂ ਹੋਇਆ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਅਧਿਕਾਰਤ ਦੌਰੇ 'ਤੇ ਸ਼ਹਿਰ ਵਿੱਚ ਸਨ ਅਤੇ ਜਿਸ ਬਾਰੇ ਟਰੰਪ ਨੇ ਇੱਕ ਸ਼ਬਦ ਵੀ ਨਹੀਂ ਬੋਲਿਆ)। ਇਹ ਸੰਭਵ ਹੈ ਕਿ ਟਰੰਪ ਨੂੰ ਇਹ ਵੀ ਪਤਾ ਸੀ ਕਿ ਜਿਸ ਸਮੇਂ ਉਹ ਮੋਦੀ ਨੂੰ ਜੱਫੀ ਪਾ ਰਿਹਾ ਸੀ, ਉਸੇ ਸਮੇਂ ਮੁਸਲਮਾਨ ਆਪਣੇ ਘਰ-ਬਾਰ ਛੱਡ ਕੇ ਉੱਤਰੀ ਭਾਰਤ ਦੇ ਇੱਕ ਛੋਟੇ ਜਿਹੇ ਕਸਬੇ ਵਿੱਚ ਜਾ ਰਹੇ ਸਨ। ਉਸ ਸਮੇਂ ਦੀਆਂ ਮੀਡੀਆ ਰਿਪੋਰਟਾਂ ਦੇ ਅਨੁਸਾਰ, ਸੱਤਾਧਾਰੀ ਪਾਰਟੀ ਨਾਲ ਜੁੜੇ ਹਿੰਦੂ ਕੱਟੜਪੰਥੀਆਂ ਨੇ ਉਨ੍ਹਾਂ ਦੇ ਘਰਾਂ ਦੇ ਦਰਵਾਜ਼ਿਆਂ ਉਪਰ ਕਰਾਸ ਦੇ ਨਿਸ਼ਾਨ ਬਣਾਕੇ ਉਨ੍ਹਾਂ ਨੂੰ ਘਰ ਛਡਣ ਲਈ ਧਮਕਾਇਆ ਸੀ।

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਸ ਮੂਰਖਤਾਪੂਰਨ ਵਾਕ ਤੋਂ ਛੁਟਕਾਰਾ ਪਾ ਲਈਏ ਕਿ ਸਾਨੂੰ ਸੱਤਾ ਨੂੰ ਸੱਚ ਦੱਸਣ ਦੀ ਲੋੜ ਹੈ। ਸੱਤਾ ਨੂੰ ਸਾਡੇ ਨਾਲੋਂ ਜ਼ਿਆਦਾ ਸੱਚਾਈ ਚੰਗੀ ਤਰ੍ਹਾਂ ਪਤਾ ਹੋਵੇਗੀ।

ਹੋਰ ਗੱਲਾਂ ਤੋਂ ਇਲਾਵਾ , ਬਿਡੇਨ ਪ੍ਰਸ਼ਾਸਨ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਵਲੋਂ ਸ਼ਾਨਦਾਰ ਸੁਆਗਤ ਦਾ ਹਰ ਪਲ ਅਤੇ ਖੋਖਲੀ ਚਾਪਲੂਸੀ ਦਾ ਇਕ ਇਕ ਕਦਮ 2024 ਦੀ ਚੋਣ ਮੁਹਿੰਮ ਵਿੱਚ ਮੋਦੀ ਲਈ ਇੱਕ ਇੱਛਾਪੂਰਨ ਮੁਰਾਦ ਦਾ ਕੰਮ ਕਰੇਗਾ, ਜਦੋਂ ਉਹ ਤੀਜੇ ਕਾਰਜਕਾਲ ਦੀ ਪ੍ਰਾਪਤੀ ਲਈ ਚੋਣ ਮੈਦਾਨ ਵਿਚ ਉਤਰ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਮੋਦੀ ਨੇ 2019 ਦੌਰਾਨ ਟੈਕਸਾਸ ਦੇ ਇੱਕ ਸਟੇਡੀਅਮ ਵਿੱਚ ਪ੍ਰਵਾਸੀ ਭਾਰਤੀਆਂ ਦੀ ਇੱਕ ਰੈਲੀ ਦੌਰਾਨ, ਟਰੰਪ ਦੀ ਮੌਜੂਦਗੀ ਵਿੱਚ ਖੁੱਲ ਕੇ ਟਰੰਪ ਲਈ ਪ੍ਰਚਾਰ ਕੀਤਾ। ਮੋਦੀ ਨੇ 'ਅਬ ਕੀ ਬਾਰ ਟਰੰਪ ਸਰਕਾਰ!' ਦਾ ਨਾਅਰਾ ਲਗਾ ਕੇ ਭੀੜ ਨੂੰ ਮੋਹ ਲਿਆ ਸੀ।

ਇਸ ਦੇ ਬਾਵਜੂਦ, ਬਿਡੇਨ ਨੇ ਆਧੁਨਿਕ ਭਾਰਤੀ ਰਾਜਨੀਤੀ ਦੇ ਇਤਿਹਾਸ ਵਿੱਚ ਇਸ ਸਭ ਤੋਂ ਵੱਧ ਵੰਡ ਪਾਊ ਸ਼ਖਸੀਅਤ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਕਿਉਂ?

ਇਸ ਅਧਿਕਾਰਤ ਦੌਰੇ ਦੌਰਾਨ ਸੀਐਨਐਨ 'ਤੇ ਪ੍ਰਸਾਰਿਤ ਹੋਏ ਕ੍ਰਿਸਟਿਆਨਾ ਅਮਾਨਪੋਰ ਨਾਲ ਇੱਕ ਇੰਟਰਵਿਊ ਵਿੱਚ, ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੋਦੀ ਦੇ ਸਮੇਂ ਦੇ ਭਾਰਤ ਬਾਰੇ ਦਸਿਆ,ਉਸ ਬਾਰੇ ਮੇਰਾ ਦਿਲ ਵਿਸ਼ਵਾਸ ਕਰਨਾ ਚਾਹੁੰਦਾ ਹੈ ਕਿ ਇਹ ਇੰਟਰਵਿਊ ਵ੍ਹਾਈਟ ਹਾਊਸ ਆਊਟਸੋਰਸਿੰਗ ਦਾ ਹਿੱਸਾ ਸੀ। ਓਬਾਮਾ ਨੂੰ ਪੁੱਛਿਆ ਗਿਆ ਸੀ ਕਿ ਬਾਇਡਨ ਇਸ ਵੇਲੇ ਅਮਰੀਕਾ ਵਿੱਚ ਮੋਦੀ ਦਾ ਸੁਆਗਤ ਕਰ ਰਹੇ ਹਨ,

(ਬਾਕੀ ਸਫ਼ਾ 31 'ਤੇ)

# ਕਰਜ਼ਦਾਰ ਹੋ ਕੇ ਕੈਨੇਡਾ ਨਾ ਜਾਓ, ਆਪਣੇ ਮੁਲਕ ਵਿੱਚ ਚੰਗੀ ਨੌਕਰੀ ਹਾਸਲ ਕਰੋ

**ਪ੍ਰਿੰਸੀਪਲ ਵਿਜੈ ਕੁਮਾਰ**

ਆਸਟ੍ਰੇਲੀਆ, ਅਮਰੀਕਾ ਤੇ ਇੰਗਲੈਂਡ ਦੇ ਮੁਕਾਬਲੇ ਉਚੇਰੀ ਸਿੱਖਿਆ ਹਾਸਲ ਕਰਨ ਤੇ ਪੱਕੇ ਤੌਰ 'ਤੇ ਵਸਣ ਲਈ ਕੈਨੇਡਾ ਦੇ ਕਾਨੂੰਨ ਬਹੁਤੇ ਸਖ਼ਤ ਨਾ ਹੋਣ ਕਾਰਨ ਮੁੰਡਿਆਂ-ਕੁੜੀਆਂ ਦਾ ਇਸ ਮੁਲਕ 'ਚ ਆਉਣ ਦਾ ਰੁਝਾਨ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਕੈਨੇਡਾ 'ਚ ਮੁੰਡਿਆਂ-ਕੁੜੀਆਂ ਦੇ ਆਉਣ ਦੇ ਰੁਝਾਨ ਨੂੰ ਵੇਖਦੇ ਹੋਏ ਇਸ ਮੁਲਕ 'ਚ ਉਚੇਰੀ ਸਿੱਖਿਆ ਧੰਦਾ ਬਣਦੀ ਜਾ ਰਹੀ ਹੈ। ਵਿਦੇਸ਼ਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਆ ਰਹੇ ਸਟੂਡੈਂਟਸ ਤੋਂ ਪੈਸਾ ਕਮਾਉਣ ਲਈ ਭਾਰਤ ਵਾਂਗ ਕੈਨੇਡਾ ਵਿੱਚ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜ ਖੁੱਲ੍ਹ ਰਹੇ ਹਨ।

ਪਹਿਲਾਂ ਨਾਲੋਂ ਉਚੇਰੀ ਸਿੱਖਿਆ ਦਾ ਮਿਆਰ ਵੀ ਡਿੱਗ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਵਿਦੇਸ਼ਾਂ ਤੋਂ ਕੈਨੇਡਾ ਪੜ੍ਹਨ ਆ ਰਹੇ ਮੁੰਡਿਆਂ-ਕੁੜੀਆਂ ਨੂੰ ਇਸ ਦੇਸ਼ ਦੀ ਉਚੇਰੀ ਸਿੱਖਿਆ ਦੀਆਂ ਫੀਸਾਂ, ਪ੍ਰੀਖਿਆਵਾਂ, ਯੂਨੀਵਰਸਿਟੀਆਂ ਤੇ ਕਾਲਜਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਸੀਆਈਸੀਆਈ (ਕੈਨੇਡੀਅਨ ਇਨਫਰਮੇਸ਼ਨ ਸੈਂਟਰ ਫਾਰ ਇੰਟਰਨੈਸ਼ਨਲ ਕਰੇਡੇਟੀਆਲ) ਜੋ ਕੈਨੇਡਾ ਦੀ ਏਜੰਸੀ ਹੈ, ਅਨੁਸਾਰ ਕੈਨੇਡਾ ਵਿੱਚ 223 ਸਰਕਾਰੀ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜ ਹਨ। ਜਿਹੜੇ ਬੱਚੇ ਇਸ ਮੁਲਕ 'ਚ ਉਚੇਰੀ ਸਿੱਖਿਆ ਹਾਸਲ ਕਰਨ ਦੇ ਉਦੇਸ਼ ਨਾਲ ਆਉਂਦੇ ਹਨ ਉਨ੍ਹਾਂ ਦੀ ਜਾਣਕਾਰੀ ਹਿੱਤ ਕੈਨੇਡਾ ਦੀਆਂ ਪਹਿਲੇ 10 ਸਥਾਨਾਂ 'ਤੇ ਆਉਣ ਵਾਲੀਆਂ ਸਰਕਾਰੀ ਯੂਨੀਵਰਸਿਟੀਆਂ ਇਸ ਤਰ੍ਹਾਂ ਹਨ : ਯੂਨੀਵਰਸਿਟੀ ਆਫ ਟੋਰਾਂਟੋ, ਬ੍ਰਿਟਿਸ਼ ਕੋਲੰਬੀਆ, ਮੈਗ੍ਰਿਲ, ਅਲਬਰਟਾ, ਵਾਟਰਲੂ ਸਾਈਮਨ ਫਰੇਜ਼ਰ, ਕੈਲਗਰੀ, ਯੌਰਕ ਤੇ ਮੌਨਟਰੀਅਲ। ਇਸੇ ਤਰ੍ਹਾਂ ਪਹਿਲੇ 10 ਸਥਾਨਾਂ 'ਤੇ ਆਉਣ ਵਾਲੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਇਸ ਤਰ੍ਹਾਂ ਹਨ : ਦਿ ਕਿੰਗਜ਼ ਯੂਨੀਵਰਸਿਟੀ, ਕੁਐਸਟ ਯੂਨੀਵਰਸਿਟੀ, ਯੋਰਕਵਿੱਲ ਯੂਨੀਵਰਸਿਟੀ, ਸਟੀਫਨ ਯੂਨੀਵਰਸਿਟੀ, ਐਮਬਰੋਸ ਯੂਨੀਵਰਸਿਟੀ, ਬੈਰਮੈਨ ਯੂਨੀਵਰਸਿਟੀ, ਨੌਰਥ ਈਸਟਰਨ ਯੂਨੀਵਰਸਿਟੀ, ਕੈਨੇਡੀਅਨ ਮੈਨੋਨਾਈਟ ਯੂਨੀਵਰਸਿਟੀ, ਰੇਡੀਮਰ ਯੂਨੀਵਰਸਿਟੀ ਤੇ ਟਾਈਨਡਲੇਂ ਯੂਨੀਵਰਸਿਟੀ। ਕੈਨੇਡਾ ਵਿੱਚ ਉਚੇਰੀ ਸਿੱਖਿਆ ਹਾਸਲ ਕਰਨ ਲਈ ਪਹਿਲੇ 10 ਸਥਾਨਾਂ ਵਾਲੇ ਕਾਲਜ ਇਸ ਤਰ੍ਹਾਂ ਹਨ : ਹੁੰਬਰ ਕਾਲਜ, ਦੋਗਲਾਸ ਕਾਲਜ, ਸੈਂਟੈਨੀਅਲ ਕਾਲਜ ਆਫ ਅਪਲਾਈਡ ਆਰਟਸ ਐਂਡ ਟੈਕਨਾਲੋਜੀ, ਸੈਰੀਡੈਨ ਕਾਲਜ, ਅਲਗੋਂਕਵਿਨ ਕਾਲਜ ਆਫ ਅਪਲਾਈਡ ਆਰਟ ਐਂਡ ਟੈਕਨਾਲੋਜੀ, ਸੇਂਟ ਲਾਰੈਂਸ ਕਾਲਜ ਓਨਟਾਰੀਓ, ਮੋਹਾਕ ਕਾਲਜ ਆਫ ਅਪਲਾਈਡ ਆਰਟ ਐਂਡ ਟੈਕਨਾਲੋਜੀ, ਜਾਰਜ ਬਰਾਊਨ ਕਾਲਜ, ਰੈੱਡ ਡੀਆਰ ਕਾਲਜ ਤੇ ਵਨੀਅਰ ਕਾਲਜ।



ਕੈਨੇਡਾ ਦੀ ਸੰਘੀ ਤੇ ਸੂਬਾਈ ਸਰਕਾਰਾਂ ਦੀਆਂ ਉਚੇਰੀ ਸਿੱਖਿਆ ਪ੍ਰਤੀ ਨੀਤੀਆਂ ਨੂੰ ਵੇਖਦਿਆਂ ਇੱਥੋਂ ਦੀ ਉਚੇਰੀ ਸਿੱਖਿਆ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਵਰਗ, ਉਨ੍ਹਾਂ ਮੁੰਡੇ-ਕੁੜੀਆਂ ਦਾ ਹੈ ਜੋ ਕੈਨੇਡਾ ਵਿੱਚ ਉੱਚ ਪੱਧਰ ਦੀ ਸਿੱਖਿਆ ਹਾਸਲ ਕਰ ਕੇ ਉੱਚ ਪੱਧਰ ਦੀਆਂ ਨੌਕਰੀਆਂ ਹਾਸਲ ਕਰ ਕੇ ਇੱਥੇ ਪੱਕੇ ਤੌਰ 'ਤੇ ਵਸਣ ਦੇ ਚਾਹਵਾਨ ਹੁੰਦੇ ਹਨ। ਇਸ ਵਰਗ ਦੇ ਬੱਚੇ ਸਿੱਖਿਆ ਲਈ ਉੱਚ ਪੱਧਰ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਚੋਣ ਕਰਦੇ ਹਨ। ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਹਫ਼ਤੇ ਵਿਚ ਪੰਜ ਦਿਨ ਕਲਾਸਾਂ ਲੱਗਦੀਆਂ ਹਨ। ਪੜ੍ਹਾਈ ਨੂੰ ਲੈ ਕੇ ਬੱਚਿਆਂ ਤੇ ਅਧਿਆਪਕਾਂ ਨੂੰ ਪੂਰੀ ਮਿਹਨਤ ਕਰਨੀ ਪੈਂਦੀ ਹੈ। ਬੱਚਿਆਂ ਦੀ ਹਾਜ਼ਰੀ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਹੁੰਦਾ। ਇਸ ਵਰਗ ਦੇ ਬਹੁਤ ਘੱਟ ਬੱਚੇ ਪੜ੍ਹਾਈ ਦੌਰਾਨ ਪੜ੍ਹਾਈ ਦਾ ਖ਼ਰਚਾ ਕੱਢਣ ਲਈ ਛੋਟੀਆਂ-ਮੋਟੀਆਂ ਨੌਕਰੀਆਂ ਕਰਦੇ ਹਨ। ਇਸ ਵਰਗ ਦੇ ਬੱਚੇ ਇੰਜੀਨੀਅਰਿੰਗ, ਮੈਡੀਕਲ, ਸੀਪੀਏ, ਐੱਮਸੀਏ, ਐੱਮਬੀਏ, ਵਕਾਲਤ ਦੀ ਪੜ੍ਹਾਈ ਕਰ ਕੇ ਆਈਟੀ, ਡਾਕਟਰੀ, ਬੈਂਕਾਂ, ਬੀਮੇ, ਟੈਕਸ, ਆਡਿਟ ਅਤੇ ਆਰਥਿਕ ਸਲਾਹਕਾਰ ਦੇ ਖੇਤਰ ਵਿਚ ਨੌਕਰੀਆਂ ਹਾਸਲ ਕਰਦੇ ਹਨ। ਇਨ੍ਹਾਂ ਖੇਤਰਾਂ ਵਿਚ ਉਹ ਚੰਗੀ ਕਮਾਈ ਕਰ ਕੇ ਇੱਥੇ ਚੰਗਾ ਰੁਤਬਾ ਹਾਸਲ ਕਰ ਲੈਂਦੇ ਹਨ।ਦੂਜੇ ਵਰਗ ਵਿਚ ਉਹ ਬੱਚੇ ਆਉਂਦੇ ਹਨ ਜਿਨ੍ਹਾਂ ਨੇ ਉਚੇਰੀ ਸਿੱਖਿਆ ਹਾਸਲ ਕਰਨ ਦੇ ਨਾਲ-ਨਾਲ ਪੜ੍ਹਾਈ ਦਾ ਖ਼ਰਚਾ ਕੱਢਣ ਲਈ ਨੌਕਰੀ ਵੀ ਕਰਨੀ ਹੁੰਦੀ ਹੈ। ਇਨ੍ਹਾਂ ਦਾ ਉਦੇਸ਼ ਪੜ੍ਹਾਈ ਕਰਨਾ ਘੱਟ ਤੇ ਇਸ ਮੁਲਕ ਵਿੱਚ ਨੌਕਰੀ ਹਾਸਲ ਕਰ ਕੇ ਪੱਕੇ ਤੌਰ 'ਤੇ ਵਸਣਾ ਵੱਧ ਹੁੰਦਾ ਹੈ। ਇਸ ਵਰਗ ਦੇ ਬੱਚੇ ਉਨ੍ਹਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਲੈਂਦੇ ਹਨ, ਜਿਨ੍ਹਾਂ 'ਚ ਕੰਮ ਕਰਨ ਲਈ ਵੱਧ ਤੋਂ ਵੱਧ ਸਮਾਂ ਮਿਲ ਸਕੇ। ਇਨ੍ਹਾਂ 'ਚ ਨਿਯਮ ਤੇ ਅਨੁਸ਼ਾਸਨ ਪੱਕੇ ਤਾਂ ਹੁੰਦੇ ਹਨ ਪਰ ਪਹਿਲੇ ਵਰਗ ਜਿਹੇ ਨਹੀਂ। ਇਨ੍ਹਾਂ 'ਚ ਪੜ੍ਹਾਈ ਦਾ ਪੱਧਰ ਵੀ ਪਹਿਲੇ ਵਰਗ ਜਿੰਨਾ ਉੱਚਾ ਨਹੀਂ ਹੁੰਦਾ। ਇਨ੍ਹਾਂ 'ਚ ਵੀ ਹਾਜ਼ਰੀ ਅਤੇ ਅਨੁਸ਼ਾਸਨ ਨੂੰ ਲੈ ਕੇ ਜ਼ਿਆਦਾ ਸਮਝੌਤਾ ਨਹੀਂ ਹੁੰਦਾ। ਤੀਜੇ ਵਰਗ ਵਿੱਚ ਉਹ ਕਾਲਜ ਤੇ ਯੂਨੀਵਰਸਿਟੀਆਂ ਆਉਂਦੇ ਹਨ ਜਿਨ੍ਹਾਂ ਦਾ ਉਦੇਸ਼ ਬੱਚਿਆਂ ਤੋਂ ਕੇਵਲ ਫੀਸਾਂ ਲੈਣਾ ਹੀ ਹੁੰਦਾ ਹੈ। ਇਨ੍ਹਾਂ ਵਿੱਚ ਉਹੀ ਬੱਚੇ ਦਾਖ਼ਲਾ ਲੈਂਦੇ ਹਨ ਜਿਨ੍ਹਾਂ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਸਰਟੀਫਿਕੇਟ ਲੈਣੇ ਹੁੰਦੇ ਹਨ। ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਬੱਚਿਆਂ ਦੀ ਹਾਜ਼ਰੀ ਤੇ ਅਨੁਸ਼ਾਸਨ ਦੇ ਨਿਯਮ ਜ਼ਿਆਦਾ ਪੱਕੇ ਨਹੀਂ ਹੁੰਦੇ। ਇਨ੍ਹਾਂ ਵਿੱਚ ਕਈ ਕਾਲਜ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ 'ਚ ਜਾਣਾ ਵੀ ਜ਼ਰੂਰੀ ਨਹੀਂ ਹੁੰਦਾ। ਇਨ੍ਹਾਂ 'ਚ ਬੱਚੇ ਛੋਟੇ-ਛੋਟੇ ਸਕਿਉਰਿਟੀ, ਬਿਜਲੀ, ਲੱਕੜੀ ਤੇ ਹੋਰ ਹੱਥੀਂ ਕੰਮ ਕਰਨ ਵਾਲੇ ਕੰਮਾਂ ਦੇ ਲਾਇਸੈਂਸ ਤੇ ਛੋਟੀਆਂ-ਮੋਟੀਆਂ ਨੌਕਰੀਆਂ ਲੈਣ ਲਈ ਦਾਖ਼ਲਾ ਲੈਂਦੇ ਹਨ। ਕਈ ਅਦਾਰੇ ਤਾਂ ਅਜਿਹੇ ਵੀ ਹਨ ਜੋ ਕੇਵਲ ਫੀਸ ਹੀ ਲੈਂਦੇ ਹਨ ਤੇ ਮਿੱਥੇ ਸਮੇਂ ਬਾਅਦ ਸਰਟੀਫਿਕੇਟ ਜਾਰੀ ਕਰ ਦਿੰਦੇ ਹਨ।

ਜੇਕਰ ਉਚੇਰੀ ਸਿੱਖਿਆ ਦੀਆਂ ਫੀਸਾਂ ਦੀ ਗੱਲ ਕੀਤੀ ਜਾਵੇ ਤਾਂ ਜਿਹੜੇ ਬੱਚੇ ਬਾਹਰਲੇ ਦੇਸ਼ਾਂ ਤੋਂ ਆ ਕੇ ਦਾਖ਼ਲਾ ਲੈਂਦੇ ਹਨ, ਉਨ੍ਹਾਂ ਦੀਆਂ ਫੀਸਾਂ ਬਹੁਤ ਜ਼ਿਆਦਾ ਹਨ ਪਰ ਜਿਹੜੇ ਕੈਨੇਡਾ ਦੇ ਪੱਕੇ ਨਾਗਰਿਕ ਹਨ, ਉਨ੍ਹਾਂ ਦੇ ਬੱਚਿਆਂ ਦੀਆਂ ਫੀਸਾਂ ਅੱਧੀਆਂ ਹੋ ਜਾਂਦੀਆਂ ਹਨ। ਉੱਚ ਪੱਧਰ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਫੀਸਾਂ ਦੂਜੇ ਕਾਲਜਾਂ ਤੇ ਯੂਨੀਵਰਸਿਟੀਆਂ ਨਾਲੋਂ ਕਾਫ਼ੀ ਜ਼ਿਆਦਾ ਹਨ। ਬਾਰ੍ਹਵੀਂ ਜਮਾਤ ਵਿੱਚ ਬਹੁਤ ਚੰਗੇ ਅੰਕਾਂ ਵਾਲੇ ਬੱਚਿਆਂ ਨੂੰ ਵਜ਼ੀਫ਼ਾ ਵੀ ਮਿਲਦਾ ਹੈ। ਪਹਿਲੇ ਅਤੇ ਦੂਜੇ ਦਰਜੇ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅੱਵਲ ਦਰਜੇ ਦੀਆਂ ਇਮਾਰਤਾਂ ਅਤੇ ਸਾਜ਼ੋ-ਸਾਮਾਨ ਹੁੰਦਾ ਹੈ। ਥਿਊਰੀ ਦੇ ਨਾਲ-ਨਾਲ ਪ੍ਰੈਕਟੀਕਲ ਗਿਆਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਮੈਡੀਕਲ ਖੇਤਰ ਦੀ ਪੜ੍ਹਾਈ ਲਈ ਜ਼ਿਆਦਾਤਰ ਬੱਚੇ ਯੂਐੱਸਏ, ਯੂਕੇ ਅਤੇ ਆਸਟ੍ਰੇਲੀਆ ਆਦਿ ਦੇਸ਼ਾਂ 'ਚ ਜਾਂਦੇ ਹਨ ਕਿਉਂਕਿ ਕੈਨੇਡਾ 'ਚ ਚੰਗੇ ਮੈਡੀਕਲ ਕਾਲਜਾਂ ਦੀ ਘਾਟ ਹੈ। ਵਿਦੇਸ਼ਾਂ ਤੋਂ ਆਏ ਬੱਚਿਆਂ ਨੂੰ ਮੈਡੀਕਲ ਖੇਤਰ ਵਿੱਚ ਨੌਕਰੀ ਲੈਣ ਲਈ ਇਸ ਮੁਲਕ ਦੀ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਸਾਡੇ ਮੁਲਕ ਦੇ ਬੀਡੀਐੱਸ, ਐੱਮਡੀਐੱਸ ਅਤੇ ਫਿਜ਼ੀਓਥੈਰੇਪੀ ਦੀਆਂ ਡਿਗਰੀਆਂ ਪਾਸ ਬੱਚੇ ਰਿਸੈਪਸ਼ਨਿਸਟ ਦੀ ਨੌਕਰੀ ਕਰਦੇ ਹਨ। ਕੈਨੇਡਾ 'ਚ ਉਚੇਰੀ ਸਿੱਖਿਆ ਦਾ ਮਿਆਰ ਲਗਪਗ ਸਾਡੇ ਮੁਲਕ ਵਰਗਾ ਹੀ ਹੈ। ਉਚੇਰੀ ਸਿੱਖਿਆ ਨਾਲ ਸਬੰਧਤ ਪ੍ਰੀਖਿਆ ਪ੍ਰਣਾਲੀ ਦੀ ਗੱਲ ਕਰੀਏ ਤਾਂ ਇੱਥੋਂ ਦੇ ਕਾਲਜਾਂ (ਬਾਕੀ ਸਫ਼ਾ 31 'ਤੇ)





ਪ੍ਰਿੰ. ਸਰਵਣ ਸਿੰਘ
+1-905-779-1661

# ਪੰਜਾਬ ਸਿਆਂ ! ਤੇਰਾ ਕੋਈ ਨਾ ਬੇਲੀ

ਜਸਵੰਤ ਸਿੰਘ ਕੰਵਲ ਕੂਕਦਾ ਇਸ ਦੁਨੀਆ ਤੋਂ ਚਲਾ ਗਿਆ, 'ਪੰਜਾਬ ਸਿਆਂ! ਤੇਰਾ ਕੋਈ ਨਾ ਬੇਲੀ।' ਉਸ ਨੇ ਪੰਜਾਬ ਨਾਲ ਹੁੰਦੇ ਵਿਤਕਰੇ ਬਾਰੇ ਕੇਂਦਰੀ ਹਾਕਮਾਂ ਨੂੰ ਬੇਅੰਤ ਚਿੱਠੀਆਂ ਲਿਖੀਆਂ, ਜੋ ਹੁਣ ਵੀ ਉਹਦੀਆਂ ਕਿਤਾਬਾਂ 'ਚੋਂ ਪੜ੍ਹੀਆਂ ਜਾ ਸਕਦੀਆਂ ਹਨ। ਤੀਹ ਕੁ ਸਾਲ ਪਹਿਲਾਂ ਮੈਂ ਵੀ ਇਕ ਲੇਖ ਲਿਖਿਆ ਸੀ, 'ਦੁੱਖ ਦਰਿਆਵਾਂ ਦੇ।' ਉਹਦਾ ਤੱਤਸਾਰ ਸੀ ਕਿ ਦਰਿਆਈ ਪਾਣੀ ਜੇ ਸੋਕੇ ਸਮੇਂ ਅੰਮ੍ਰਿਤ ਹੈ ਤਾਂ ਹੜ੍ਹ ਸਮੇਂ ਮੁਸੀਬਤ ਤੇ ਮੌਤ ਹੈ। ਤਦੇ ਰਿਪੇਰੀਅਨ ਸਿਧਾਂਤ ਅਨੁਸਾਰ ਦਰਿਆ ਉਹਦੇ ਹੀ ਸਮਝੇ ਜਾਂਦੇ ਹਨ, ਜਿਹੜੇ ਰਾਜ ਵਿੱਚ ਵਗਦੇ ਹੋਣ। ਇਹ ਅਨਿਆਂ ਹੈ ਕਿ ਰਿਪੇਰੀਅਨ ਰਾਜ ਹੜ੍ਹਾਂ ਦਾ ਦੁੱਖ ਤਾਂ ਭੋਗੀ ਜਾਵੇ ਪਰ ਆਪਣੇ ਦਰਿਆਈ ਪਾਣੀ ਕਿਸੇ ਹੋਰ ਰਾਜ ਨੂੰ ਮੁਫ਼ਤ ਦੇਈ ਜਾਵੇ। ਸਤਲੁਜ, ਬਿਆਸ, ਰਾਵੀ ਤੇ ਘੱਗਰ ਪੰਜਾਬ ਰਾਜ ਦੀ ਲੱਖਾਂ ਏਕੜ ਉਪਜਾਊ ਜ਼ਮੀਨ ਮੱਲੀ ਬੈਠੇ ਹਨ, ਜਿਸ ਦੀ ਕੀਮਤ ਦਾ ਕੋਈ ਲੇਖਾ ਨਹੀਂ। ਉੱਥੇ ਨਾ ਕੋਈ ਫ਼ਸਲ ਹੁੰਦੀ ਹੈ, ਨਾ ਘਰ ਪਾਇਆ ਜਾ ਸਕਦੈ ਤੇ ਨਾ ਰੁਜ਼ਗਾਰ ਲਈ ਕੋਈ ਕਾਰਖਾਨਾ ਲਾਇਆ ਜਾ ਸਕਦੈ। ਉਤੋਂ ਹੜ੍ਹਾਂ ਨਾਲ ਅਰਬਾਂ ਖਰਬਾਂ ਦਾ ਨੁਕਸਾਨ ਹੋ ਜਾਂਦੈ। ਇਸ ਨੁਕਸਾਨ ਦੀ ਪੂਰਤੀ ਤਦੇ ਹੋ ਸਕਦੀ ਹੈ, ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਣ ਵਾਲੇ ਨਾਨ ਰਿਪੇਰੀਅਨ ਰਾਜ ਹੜ੍ਹਾਂ ਦੇ ਨੁਕਸਾਨ ਦਾ ਵੀ ਹਿੱਸਾ ਵੰਡਾਉਣ ਜਾਂ ਦਰਿਆਵਾਂ ਦੇ ਪਾਣੀ ਵਰਤਣ ਦਾ ਬਾਜ਼ਾਰ ਅਨੁਸਾਰ ਮੁੱਲ ਤਾਰਨ। ਰਿਪੇਰੀਅਨ ਸਿਧਾਂਤ ਅਨੁਸਾਰ ਗੰਗਾਨਗਰ ਦਾ ਮਹਾਰਾਜਾ ਗੰਗ ਨਹਿਰ ਦੇ ਪਾਣੀ ਦਾ ਮੁੱਲ ਤਾਰਦਾ ਸੀ। ਇਹ ਕਿਧਰਲਾ ਨਿਆਂ ਹੈ ਕਿ ਰਾਜਸਥਾਨ ਆਪਣੀ ਮਿੱਟੀ ਯਾਨੀ ਪੱਥਰ ਤਾਂ ਪੰਜਾਬ ਨੂੰ ਮੁੱਲ ਵੇਚੇ ਪਰ ਪੰਜਾਬ ਦਾ ਦਰਿਆਈ ਪਾਣੀ ਮੁਫ਼ਤ ਵਰਤੇ। ਜੇ ਕੋਲੇ ਦੀਆਂ ਖਾਣਾਂ ਵਾਲਾ ਰਾਜ ਕੋਲਾ ਵੇਚਦਾ, ਤੇਲ ਦੇ ਖੂਹਾਂ ਵਾਲਾ ਤੇਲ, ਜੰਗਲ ਵਾਲਾ ਲੱਕੜ, ਧਾਤਾਂ ਵਾਲਾ ਧਾਤ ਤਾਂ ਜਿਹੜੇ ਰਾਜ ਦੀ ਜ਼ਮੀਨ ਘੇਰੀ/ਦੱਬੀ ਦਰਿਆ ਤੇ ਨਾਲੇ ਵਗਦੇ ਹੋਣ ਉਹ ਪਾਣੀ ਕਿਉਂ ਨਾ ਵੇਚਣ?

ਦਰਿਆਵਾਂ ਕਰਕੇ ਹੀ ਪੰਜਾਬ ਵਿੱਚ ਅਕਸਰ ਹੜ੍ਹ ਆਉਂਦੇ ਹਨ ਜੋ ਜਾਨ-ਮਾਲ ਦੀ ਤਬਾਹੀ ਕਰਦੇ ਹਨ। ਹੜ੍ਹ 'ਚ ਬੰਦੇ ਮਰਦੇ, ਪਸ਼ੂ ਰੁੜ੍ਹਦੇ, ਮਕਾਨ ਢਹਿੰਦੇ, ਸੜਕਾਂ ਟੁਟਦੀਆਂ, ਪੁਲ ਡਿਗਦੇ, ਸੇਮ ਹੁੰਦੀ, ਟਿਊਵੈੱਲ ਬਹਿੰਦੇ ਤੇ ਫ਼ਸਲਾਂ ਮਾਰੀਆਂ ਜਾਂਦੀਆਂ ਹਨ। ਹੜ੍ਹ ਦੇ ਪਾਣੀ ਨਾਲ ਲੱਗੀਆਂ ਲਾਗ ਦੀਆਂ ਬਿਮਾਰੀਆਂ ਵੱਖ ਲੈ ਬਹਿੰਦੀਆਂ ਹਨ। ਢਹੀਆਂ ਉਸਾਰੀਆਂ ਮੁੜ ਉਸਾਰਨੀਆਂ ਪੈਂਦੀਆਂ ਹਨ। ਜੇ ਦਰਿਆਈ ਪਾਣੀਆਂ ਦੀ ਕੀਮਤ ਵਸੂਲੀ ਗਈ ਹੋਵੇ ਤਾਂ ਕਿਸੇ ਹੱਦ ਤੱਕ ਘਾਟੇ ਪੂਰੇ ਕੀਤੇ ਜਾ ਸਕਦੇ ਹਨ। ਵਰਨਾ ਕਰਜ਼ਈ ਹੋਇਆ ਰਾਜ ਹੋਰ ਕਰਜ਼ਈ ਹੁੰਦਾ ਰਹਿੰਦਾ ਹੈ। ਕਿੱਡਾ ਅਨਿਆਂ ਹੈ ਕਿ ਸੋਕੇ ਵੇਲੇ ਤਾਂ ਪੰਜਾਬ ਤੋਂ ਪਾਣੀ ਖੋਹ ਲਿਆ ਜਾਂਦਾ ਹੈ ਪਰ ਬਾਰਿਸ਼ਾਂ ਤੇ ਹੜ੍ਹਾਂ ਵੇਲੇ ਆਖਿਆ ਜਾਂਦਾ ਹੈ ਆਪਣਾ ਪਾਣੀ ਆਪੇ ਸਾਂਭੋ ਤੇ ਸਾਡੇ ਵੱਲ ਆਉਂਦੀਆਂ ਨਹਿਰਾਂ ਦਾ ਪਾਣੀ ਬੰਦ ਕਰ ਦਿਓ। ਇਸੇ ਨੂੰ ਕਹਿੰਦੇ ਹਨ, ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ!



ਦੇਸ਼ ਆਜ਼ਾਦ ਹੋਣ ਤੋਂ ਲੈ ਕੇ ਹੀ ਕੇਂਦਰੀ ਸਰਕਾਰਾਂ ਪੰਜਾਬ ਨਾਲ ਧਰੋਹ ਕਮਾਉਂਦੀਆਂ ਆ ਰਹੀਆਂ ਹਨ। ਪਹਿਲਾਂ ਪੰਜਾਬ ਨੂੰ ਪੰਜਾਬੀ ਬੋਲਦੇ ਪੂਰੇ ਇਲਾਕੇ ਨਾ ਦਿੱਤੇ, ਫਿਰ ਰਾਜਧਾਨੀ ਚੰਡੀਗੜ੍ਹ ਨੱਪ ਲਈ, ਭਾਖੜਾ ਡੈਮ ਦਾ ਪ੍ਰਬੰਧਕੀ ਅਧਿਕਾਰ ਵੀ ਖੋਹ ਲਿਆ, ਸੰਵਿਧਾਨ ਵਿੱਚ ਦਿੱਤੇ ਰਾਜ ਅਧਿਕਾਰ ਛਿੱਕੇ ਟੰਗ ਦਿੱਤੇ, ਟੈਕਸਾਂ ਦੇ ਅਧਿਕਾਰ ਦੀ ਕਾਣੀ ਵੰਡ ਕੀਤੀ, ਗੱਲ ਕੀ ਪੰਜਾਬ ਨੂੰ ਚੂੰਡਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਹੁਣ ਨਾ ਪੰਜਾਬ ਕੋਲ ਆਪਣੀ ਖੇਤੀਬਾੜੀ ਦੀਆਂ ਫ਼ਸਲਾਂ ਦੇ ਵਪਾਰ ਦਾ ਸੁਤੰਤਰ ਅਧਿਕਾਰ ਹੈ ਤੇ ਨਾ ਆਪਣੀ ਸਿੱਖਿਆ ਦੇਣ ਦਾ ਸੁਤੰਤਰ ਅਧਿਕਾਰ। ਹੋਰ ਤਾਂ ਹੋਰ ਪੰਜਾਬੀਆਂ ਦੇ ਆਪਣੇ ਸੱਭਿਆਚਾਰ ਦੀਆਂ ਰਹੁਰੀਤਾਂ ਦਾ ਅਧਿਕਾਰ ਵੀ ਕੇਂਦਰ ਸਰਕਾਰ ਹੜੱਪਣ ਨੂੰ ਫਿਰਦੀ ਹੈ।

ਪੰਜਾਬੀਆਂ ਨੂੰ ਤਾਂ ਅਜੇ ਤੱਕ 1947 ਦਾ ਮਹਾਂ ਦੁਖਾਂਤ ਵੀ ਨਹੀਂ ਭੁੱਲਿਆ। ਭਾਰਤ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹੀਂ ਗਏ ਤੇ ਕਾਲੇ ਪਾਣੀਆਂ 'ਚ ਉਮਰਾਂ ਗਾਲ਼ੀਆਂ, ਫਾਂਸੀਆਂ ਦੇ ਰੱਸੇ ਚੁੰਮੇ ਤੇ ਸ਼ਹਾਦਤਾਂ ਦਿੱਤੀਆਂ ਉਹਦੀ ਕਦਰ ਪਾਉਣ ਦੀ ਥਾਂ ਉਲਟਾ ਪੰਜਾਬ ਨਾਲ ਧੱਕਾ ਕੀਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਅਨੇਕਾਂ ਚਾਲਾਂ ਕੁਚਾਲਾਂ ਚੱਲੀਆਂ ਗਈਆਂ।

ਪੱਛਮੀ ਪੰਜਾਬ ਵਿਚੋਂ ਪੰਜਾਹ ਲੱਖ ਹਿੰਦੂ ਸਿੱਖ ਵਸਦੇ ਰਸਦੇ ਘਰਾਂ 'ਚੋਂ ਉੱਜੜ ਕੇ ਮਰਦੇ ਖਪਦੇ ਤੇ ਅਸਮਤਾਂ ਲੁਟਾਉਂਦੇ ਹੋਏ ਭਾਰਤ ਵਿੱਚ ਆਏ ਸਨ। ਘੱਟੋ-ਘੱਟ ਦਸ ਲੱਖ ਪੰਜਾਬੀ ਅਨਿਆਈ ਮੌਤੇ ਮਾਰੇ ਗਏ। ਹਮਦਰਦੀ ਵਿੱਚ ਕੇਂਦਰੀ ਸਰਕਾਰਾਂ ਨੇ ਕੀ ਦਿੱਤਾ ਪੰਜਾਬੀਆਂ ਨੂੰ? ਉਲਟਾ ਲਾਹੌਰ, ਫਿਰ ਸ਼ਿਮਲੇ ਤੇ ਚੰਡੀਗੜ੍ਹ ਦੀ ਰਾਜਧਾਨੀ ਤੋਂ ਵੀ ਪੰਜਾਬੀਆਂ ਨੂੰ ਵਿਰਵੇ ਕਰ ਦਿੱਤਾ। ਇਕਰਾਰ ਸੀ ਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ। ਕਿੱਥੇ ਗਏ ਉਹ ਇਕਰਾਰ? ਉਲਟਾ ਹਰਿਆਣੇ ਨੂੰ ਚੰਡੀਗੜ੍ਹ 'ਚ ਇਕ ਹੋਰ ਵਿਧਾਨ ਸਭਾ ਉਸਾਰਨ ਲਈ ਦਸ ਏਕੜ ਜ਼ਮੀਨ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਇਹ ਗੁੱਝੀ ਚਾਲ ਹੈ, ਜਿਸ ਨਾਲ ਨਾ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ ਅਤੇ ਨਾ ਕਦੇ ਪੰਜਾਬ ਨੂੰ ਚੰਡੀਗੜ੍ਹ ਦਿੱਤਾ ਜਾਵੇਗਾ। ਇਹ ਮਿਲਿਆ ਹੈ ਦੇਸ਼ ਦੀ ਆਜ਼ਾਦੀ ਤੇ ਰਾਖੀ ਕਰਨ ਲਈ ਪੰਜਾਬੀਆਂ ਦੀਆਂ ਦਿੱਤੀਆਂ ਕੁਰਬਾਨੀਆਂ ਦਾ ਇਨਾਮ!

ਪੰਜਾਬੀਆਂ ਨੇ 'ਆਜ਼ਾਦੀ' ਦੀ ਕੀਮਤ ਤਾਰਦਿਆਂ ਪੱਛਮੀ ਪੰਜਾਬ 'ਚ 67 ਲੱਖ ਏਕੜ ਜ਼ਮੀਨ ਛੱਡੀ ਸੀ, ਜਿਸ ਵਿੱਚ ਬਹੁਤੀ ਸੇਂਜੂ ਸੀ। ਉਹਦੇ ਬਦਲੇ ਪੂਰਬੀ ਪੰਜਾਬ 'ਚ 47 ਲੱਖ ਏਕੜ ਜ਼ਮੀਨ ਮਿਲੀ, ਜਿਸ ਵਿੱਚ ਬਹੁਤੀ ਬਰਾਨੀ ਸੀ। ਦੂਹਰਾ ਘਾਟਾ ਸੀ। ਜੋ ਵਣਜ ਵਪਾਰ, ਦੁਕਾਨਾਂ ਤੇ ਘਰ-ਬਾਰ ਓਧਰ ਛੱਡਿਆ, ਏਧਰ ਉਹਦਾ ਅੱਧਾ ਵੀ ਨਹੀਂ ਮਿਲਿਆ। ਪਰ ਪੰਜਾਬੀ ਫਿਰ ਵੀ ਆਪਣੀ ਹਿੰਮਤ ਤੇ ਮਿਹਨਤ ਨਾਲ ਮੁੜ ਪੈਰਾਂ 'ਤੇ ਖੜ੍ਹੇ ਹੋਏ। ਮਤਰੇਈ ਮਾਂ ਵਾਲਾ ਸਲੂਕ ਕਰਨ ਵਾਲੀਆਂ ਕੇਂਦਰੀ ਸਰਕਾਰਾਂ ਨੇ ਕਦੇ ਵੀ ਪੰਜਾਬ ਲਈ ਖੁੱਲ੍ਹਦਿਲੀ ਤੇ ਦਿਆਲਤਾ ਨਹੀਂ ਵਿਖਾਈ। ਪਰ ਆਫਰੀਨ ਪੰਜਾਬੀਆਂ ਦੇ ਕਿ ਉੱਜੜ ਪੁੱਜੜ ਜਾਣ ਦੇ ਬਾਵਜੂਦ ਉਹ ਕਦੇ ਭਿਖਾਰੀ ਨਹੀਂ ਬਣੇ। ਵੈਸੇ ਕੇਂਦਰ ਪੰਜਾਬੀਆਂ ਨੂੰ ਭਿਖਾਰੀ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਕੇਂਦਰ ਕਦੇ ਗਿਣਾਵੇ ਤਾਂ ਸਹੀ ਕਿ ਉਸ ਨੇ ਪੰਜਾਬ ਨੂੰ ਕੀ ਦਿੱਤਾ ਹੈ? ਉਲਟਾ ਪੰਜਾਬੀ ਗਿਣਾ ਸਕਦੇ ਹਨ ਕਿ ਕਿਵੇਂ ਉਨ੍ਹਾਂ ਨੇ ਅਨਾਜ ਦੇ ਖੇਤਰ ਵਿੱਚ ਦੇਸ਼ ਨੂੰ ਸਵੈ-ਨਿਰਭਰ ਬਣਾਇਆ। ਸਰਹੱਦਾਂ ਦੀ ਰਾਖੀ ਕਰਦਿਆਂ ਬੇਅੰਤ ਲਹੂ ਡੋਲ੍ਹਿਆ ਤੇ ਸਭਨਾਂ ਤੋਂ ਵੱਧ ਸਿਰ ਦਿੱਤੇ।

ਪਤਾ ਨਹੀਂ ਅਜੇ ਪੰਜਾਬ ਨੇ ਕੇਂਦਰ ਦੇ ਹੋਰ ਕਿਹੜੇ-ਕਿਹੜੇ ਧੱਕੇ ਸਹਿਣੇ ਹਨ ਤੇ ਪੰਜਾਬ ਦਾ ਕੀ ਕੁਝ ਹੋਰ ਖੋਹਿਆ ਜਾਣਾ ਹੈ? ਅਜੋਕੇ ਹਾਲਾਤ ਵੇਖ ਲਓ। ਹਾਲਾਂਕਿ ਪੰਜਾਬ 'ਚ ਕੋਈ ਬਹੁਤੇ ਮੀਂਹ ਨਹੀਂ ਪਏ। ਪਰ ਪਹਾੜਾਂ 'ਤੇ ਹੋਈ ਭਾਰੀ ਬਾਰਿਸ਼ ਨੇ ਪੰਜਾਬ ਦੇ ਦਰਿਆਵਾਂ ਤੇ ਨਦੀਆਂ-ਨਾਲਿਆਂ ਰਾਹੀਂ ਅਜਿਹੀ ਤਬਾਹੀ ਲਿਆਂਦੀ, ਜੋ ਕਿਸੇ ਦੇ ਚਿੱਤ-ਚੇਤੇ ਨਹੀਂ ਸੀ। ਖੜ੍ਹੇ ਪੈਰ ਪੰਜਾਬ ਦਾ ਅਰਬਾਂ ਖਰਬਾਂ ਦਾ ਨੁਕਸਾਨ ਹੋ ਗਿਆ। ਕੀ ਕੇਂਦਰ ਸਰਕਾਰ ਖੁੱਲ੍ਹੇ ਦਿਲ ਨਾਲ ਪੰਜਾਬ ਦੀ ਆਰਥਿਕ ਮਦਦ ਕਰੇਗੀ ਤੇ ਵਿਸ਼ੇਸ਼ ਆਰਥਿਕ ਪੈਕਜ ਦੇਵੇਗੀ?

(ਬਾਕੀ ਸਫ਼ਾ 31 'ਤੇ)

# ਅਗਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਰਾਮ ਮੰਦਰ ਦਾ ਮੁੱਦਾ ਉਠਾਉਣ ਦੀ ਤਿਆਰੀ

## ਗ਼ਰੀਬੀ, ਬੇਰੁਜ਼ਗਾਰੀ, ਭੁੱਖਮਰੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦਾ ਡਿੱਗਦਾ ਮਿਆਰ, ਵਿਗੜਦੀ ਕਾਨੂੰਨ ਵਿਵਸਥਾ, ਆਪਸੀ ਨਫ਼ਰਤ ਦਾ ਮਾਹੌਲ ਵਰਗੇ ਮੁੱਦੇ ਪਾਏ ਠੰਡੇ ਬਸਤੇ 'ਚ

ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਕੇਂਦਰ ਵਿੱਚ ਆਪਣੀ ਸੱਤਾ ਬਰਕਰਾਰ ਰੱਖਣ ਲਈ ਭਾਰਤੀ ਜਨਤਾ ਪਾਰਟੀ ਵੱਲੋਂ 38 ਸਿਆਸੀ ਪਾਰਟੀਆਂ ਨਾਲ ਜੁੜ ਕੇ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਮੁੜ ਸੁਰਜੀਤ ਕੀਤਾ ਗਿਆ ਹੈ, ਉੱਥੇ ਹੀ ਦੂਜੇ ਪਾਸੇ ਇਸ ਨੂੰ ਚੁਣੌਤੀ ਦੇਣ ਲਈ ਵੀ. ਕਾਂਗਰਸ ਦੀ ਅਗਵਾਈ 'ਚ 26 ਵਿਰੋਧੀ ਪਾਰਟੀਆਂ ਇੱਕਠੀਆਂ ਹੋ ਚੁੱਕੀਆਂ ਹਨ। ਇਸ ਨਾਲ ਇਹ ਉਮੀਦ ਹੋਈ ਹੈ ਕਿ ਅਗਲੀਆਂ ਚੋਣਾਂ 2014 ਅਤੇ 2019 ਵਾਂਗ ਭਾਵਨਾਤਮਕ ਮੁੱਦਿਆਂ 'ਤੇ ਨਹੀਂ, ਸਗੋਂ ਠੋਸ ਅਤੇ ਜਨਤਕ ਚਿੰਤਾਵਾਂ ਦੇ ਮੁੱਦਿਆਂ 'ਤੇ ਲੜੀਆਂ ਜਾਣਗੀਆਂ।

ਇਸ ਦੌਰਾਨ ਫਿਰਕਾਪ੍ਰਸਤੀ ਬਨਾਮ ਸਸ਼ਕਤੀਕਰਨ ਦਾ ਫ਼ਾਰਮੂਲਾ ਸਾਹਮਣੇ ਆਇਆ ਸੀ ਅਤੇ ਅਜਿਹਾ ਲੱਗਦਾ ਹੈ ਕਿ ਨਵੇਂ ਬਣੇ ਵਿਰੋਧੀ ਗਠਜੋੜ 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ) ਪੁਨਰਗਠਿਤ ਐਨਡੀਏ ਨੂੰ ਸਖ਼ਤ ਚੁਣੌਤੀ ਦੇਣ ਦੇ ਯੋਗ ਹੋਵੇਗਾ। ਦੂਜੇ ਪਾਸੇ ਅਜਿਹਾ ਜਾਪਦਾ ਹੈ ਕਿ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੇ ਇੱਕ ਵਾਰ ਫਿਰ ਰਾਮ ਜੀ ਦੀ ਸ਼ਰਨ ਲੈ ਲਈ ਹੈ ਅਤੇ 2024 ਦੀਆਂ ਚੋਣਾਂ ਸੱਤਾਧਾਰੀ ਪਾਰਟੀ ਰਾਮ ਮੰਦਰ ਦੇ ਜ਼ੋਰ 'ਤੇ ਹੀ ਲੜ ਸਕਦੀ ਹੈ।



ਅਜਿਹਾ ਸੋਚਣ ਦਾ ਕਾਰਨ ਭਾਜਪਾ ਅਤੇ ਉਸ ਦੀ ਮੂਲ ਸੰਸਥਾ ਰਾਸ਼ਟਰੀ ਸਵੈਮ ਸੇਵਕ ਸੰਘ ਵੱਲੋਂ ਆਰੰਭ ਕੀਤੇ ਗਏ ਨਵੇਂ ਪ੍ਰੋਗਰਾਮ ਹਨ। ਜਿਸ ਤਹਿਤ ਜਨਵਰੀ, 2024 ਵਿੱਚ ਦੇਸ਼ ਵਿਆਪੀ 'ਰਾਮ ਮਹੋਤਸਵ' ਦਾ ਆਯੋਜਨ ਕੀਤਾ ਜਾਵੇਗਾ ਅਤੇ 'ਸਮਾਰਟ ਟੈਂਪਲ ਮਿਸ਼ਨ' ਤਹਿਤ 'ਟੈਂਪਲ ਕਨੈਕਟ' ਨਾਮਕ ਪ੍ਰੋਗਰਾਮ ਰਾਹੀਂ ਦੇਸ਼ ਭਰ ਦੇ ਮੰਦਰਾਂ ਨੂੰ ਇੱਕ ਦੂਜੇ ਨਾਲ ਜੋੜਿਆ ਜਾਵੇਗਾ। ਅਯੁੱਧਿਆ 'ਚ ਹੋਈ ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੀ ਮੰਦਰ ਨਿਰਮਾਣ ਕਮੇਟੀ ਦੀ ਬੈਠਕ 'ਚ ਫੈਸਲਾ ਲਿਆ ਗਿਆ ਕਿ ਅਗਲੇ ਸਾਲ 14 ਤੋਂ 26 ਜਨਵਰੀ ਦਰਮਿਆਨ ਮੋਦੀ ਅਯੁੱਧਿਆ 'ਚ ਰਾਮ ਮੰਦਰ ਵਿੱਚ ਪ੍ਰਾਣ ਪ੍ਰਤਿਸ਼ਠਾ ਕਰਨਗੇ।ਨਵੇਂ ਸਾਲ ਦੀ ਸ਼ੁਰੂਆਤ 'ਤੇ ਦੇਸ਼ ਭਰ 'ਚ ਰਾਮ ਮਹੋਤਸਵ ਮਨਾਇਆ ਜਾਵੇਗਾ। ਇਸ ਤਹਿਤ ਭਾਰਤ ਦੇ ਮੰਦਰਾਂ ਵਿੱਚ ਰਾਮਚਰਿਤ ਮਾਨਸ ਅਤੇ ਹਨੂੰਮਾਨ ਚਾਲੀਸਾ ਦੇ ਪਾਠ ਕੀਤੇ ਜਾਣਗੇ। ਦਿਵਾਲੀ ਦੀ ਤਰ੍ਹਾਂ ਦੇਸ਼ ਭਰ 'ਚ ਪ੍ਰਾਣ ਪ੍ਰਤਿਸ਼ਠਾ ਦੇ ਮੌਕੇ 'ਤੇ ਹਰ ਘਰ ਦੇ ਸਾਹਮਣੇ ਘੱਟੋ-ਘੱਟ 5 ਦੀਵੇ ਜਗਾਏ ਜਾਣਗੇ। ਸਾਰੇ ਵੱਡੇ ਮੰਦਰਾਂ ਅਤੇ ਜਨਤਕ ਥਾਂਵਾਂ 'ਤੇ ਲਾਈਵ ਟੈਲੀਕਾਸਟ ਹੋਵੇਗਾ। ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਪ੍ਰਧਾਨ ਮਹੰਤ ਨ੍ਰਿਤਿਆ ਗੋਪਾਲ ਦਾਸ ਦਾ ਕਹਿਣਾ ਹੈ ਕਿ ਇਹ ਦੂਜੇ ਸੁਤੰਤਰਤਾ ਦਿਵਸ ਵਰਗਾ ਮੌਕਾ ਹੈ। ਅਯੁੱਧਿਆ 'ਚ 32 ਹਜ਼ਾਰ ਕਰੋੜ ਰੁਪਏ ਦੇ ਵਿਕਾਸ ਕਾਰਜ ਚੱਲ ਰਹੇ ਹਨ, ਜਿਨ੍ਹਾਂ 'ਚ ਸੜਕਾਂ ਨੂੰ ਚੌੜਾ ਕਰਨਾ, ਹਵਾਈ ਅੱਡੇ ਅਤੇ ਰੇਲਵੇ ਸਟੇਸ਼ਨ 'ਤੇ ਸਹੂਲਤਾਂ ਦਾ ਵਿਸਤਾਰ, ਪ੍ਰਸਾਦਲਿਆ ਦਾ ਆਧੁਨਿਕੀਕਰਣ ਆਦਿ ਸ਼ਾਮਲ ਹਨ। ਇਸ ਪ੍ਰੋਗਰਾਮ ਵਿੱਚ ਪ੍ਰਮੁੱਖ ਧਾਰਮਿਕ ਆਗੂਆਂ ਨੂੰ ਬੁਲਾਇਆ ਜਾਵੇਗਾ। ਸ਼੍ਰੀਰਾਮ ਦੀ ਵਿਸ਼ਾਲ ਮੂਰਤੀ ਵੀ ਇਸ ਸਾਲ ਅਕਤੂਬਰ ਤੱਕ ਪੂਰੀ ਹੋ ਜਾਵੇਗੀ।

ਦੂਜੇ ਪਾਸੇ ਵਿਸ਼ਵ ਭਰ ਦੇ ਮੰਦਰਾਂ ਦੇ ਪ੍ਰਬੰਧ ਨੂੰ ਲੈ ਕੇ ਵਾਰਾਣਸੀ ਵਿੱਚ ਹੋਈ ਅੰਤਰਰਾਸ਼ਟਰੀ ਮੰਦਰ ਕਾਨਫਰੰਸ ਵਿੱਚ 32 ਦੇਸ਼ਾਂ ਦੇ ਮੰਦਰ ਟਰੱਸਟੀਆਂ ਨੇ ਹਿੱਸਾ ਲਿਆ। ਇਸ ਦਾ ਉਦਘਾਟਨ ਕਰਦੇ ਹੋਏ ਸੰਘ ਮੁਖੀ ਮੋਹਨ ਭਾਗਵਤ ਨੇ ਮੰਦਰਾਂ ਨੂੰ 'ਰਾਸ਼ਟਰੀ ਏਕਤਾ ਦਾ ਨਿਰਮਾਤਾ' ਦੱਸਿਆ। ਉਨ੍ਹਾਂ ਨੇ ਮੰਦਰਾਂ ਨੂੰ ਪੂਜਾ ਅਤੇ ਕਲਾ ਦਾ ਕੇਂਦਰ ਬਣਾਉਣ ਦੀ ਲੋੜ ਬਾਰੇ ਦੱਸਿਆ। ਕਾਨਫਰੰਸ ਵਿੱਚ ਮੰਦਰਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਦੀ ਗੱਲ ਕੀਤੀ ਗਈ। ਸਾਰੇ ਮੰਦਰਾਂ ਦੀ ਨੈੱਟਵਰਕਿੰਗ ਲਈ ਵੀ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ।

'ਸਮਾਰਟ ਟੈਂਪਲ ਮਿਸ਼ਨ' ਤਹਿਤ ਸਾਰੇ ਮੰਦਰਾਂ ਨੂੰ ਇੱਕ ਦੂਜੇ ਨਾਲ ਜੋੜਿਆ ਜਾਵੇਗਾ। ਹਰ ਵੱਡੇ ਮੰਦਰ ਨੂੰ ਹੋਰ ਛੋਟੇ ਮੰਦਰਾਂ ਦੀ ਮਦਦ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ। ਟੈਂਪਲ ਕਨੈਕਟ ਦੇ ਸੰਸਥਾਪਕ ਗਿਰੀਸ਼ ਕੁਲਕਰਨੀ ਦੁਆਰਾ ਦਿੱਤੀ ਗਈ ਪੇਸ਼ਕਾਰੀ ਦੇ ਅਨੁਸਾਰ, ਦੁਨੀਆਂ ਭਰ ਦੇ ਮੰਦਰਾਂ ਦੀ ਆਰਥਿਕਤਾ ਲਗਭਗ 3.28 ਲੱਖ ਕਰੋੜ ਰੁਪਏ ਹੈ। ਇਸ ਕਾਨਫਰੰਸ ਵਿੱਚ ਆਏ ਸਾਰੇ ਮੰਦਰ ਪ੍ਰਬੰਧਕਾਂ ਅਤੇ ਟਰੱਸਟੀਆਂ ਦੀ ਸੰਯੁਕਤ ਆਰਥਿਕਤਾ ਦਾ ਆਕਾਰ 1.64 ਲੱਖ ਕਰੋੜ ਰੁਪਏ ਹੈ। ਟੈਂਪਲ ਕਨੈਕਟ ਦੁਆਰਾ ਲਗਭਗ 60 ਦੇਸ਼ਾਂ ਦੇ 9000 ਤੋਂ ਵੱਧ ਮੰਦਰਾਂ ਦਾ ਡਾਟਾਬੇਸ ਤਿਆਰ ਕਰਨ ਦੀ ਗੱਲ ਵੀ ਕੀਤੀ ਗਈ।

ਬੇਸ਼ੱਕ, ਧਰਮ ਨਿੱਜੀ ਵਿਸ਼ਵਾਸ ਦਾ ਮਾਮਲਾ ਹੈ ਅਤੇ ਧਾਰਮਿਕ ਆਜ਼ਾਦੀ ਦੇ ਤਹਿਤ, ਹਰ ਕੋਈ ਆਪਣੀ ਪੂਜਾ ਦਾ ਤਰੀਕਾ ਚੁਣਨ ਲਈ ਆਜ਼ਾਦ ਹੈ। ਭਾਰਤ ਪਹਿਲਾਂ ਹੀ ਇਸ ਰਸਤੇ 'ਤੇ ਚੱਲ ਰਿਹਾ ਹੈ ਅਤੇ ਅਜਿਹੇ ਪ੍ਰੋਗਰਾਮ ਕਰਨ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ। ਇਹ ਵੀ ਨਹੀਂ ਹੋਣਾ ਚਾਹੀਦਾ ਪਰ ਸਵਾਲ ਇਹ ਹੈ ਕਿ ਕੀ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਇਹ ਵੱਡਾ ਮੁੱਦਾ ਹੋਵੇਗਾ? ਜੇਕਰ ਅਜਿਹਾ ਹੀ ਰਿਹਾ ਤਾਂ ਕਰੋੜਾਂ ਲੋਕਾਂ ਦੇ ਭੌਤਿਕ ਜੀਵਨ ਨਾਲ ਜੁੜੇ ਮਸਲੇ ਕਿਤੇ ਲਪੇਟ 'ਚ ਨਹੀਂ ਆ ਜਾਣਗੇ? ਪਿਛਲੇ ਕੁਝ ਸਾਲਾਂ ਤੋਂ ਦੇਸ਼ ਨੂੰ ਦਰਪੇਸ਼ ਆਰਥਿਕ ਮਸਲਿਆਂ ਅਤੇ ਨਾਗਰਿਕਾਂ ਨੂੰ ਜਿਨ੍ਹਾਂ ਮੁਸ਼ਕਿਲਾਂ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ, ਉਸ ਬਾਰੇ ਸ਼ਾਇਦ ਹੀ ਸੱਤਾਧਾਰੀ ਪਾਰਟੀ ਅਤੇ

(ਬਾਕੀ ਸਫ਼ਾ 31 'ਤੇ)

# ਸਿੱਖ ਮੈਰਿਜ ਐਕਟ ਬਾਰੇ ਪੰਥਕ ਜਥੇਬੰਦੀਆਂ ਨੂੰ ਆਵਾਜ਼ ਉਠਾਉਣ ਦੀ ਲੋੜ



ਡਾ. ਦਲਜੀਤ ਸਿੰਘ
(ਸਾਬਕਾ ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ)
ਮੋਬਾਈਲ : 98145-18877



ਪਿਛਲੇ ਕੁਝ ਸਮੇਂ ਤੋਂ ਹੁਣ ਫਿਰ ਆਨੰਦ ਮੈਰਿਜ ਐਕਟ, ਬੇਵਜ੍ਹਾ ਪੰਜਾਬ ਵਿੱਚ ਸੁਰਖੀਆਂ ਬਣਿਆ ਹੋਇਆ ਹੈ। ਅਸਲ ਵਿੱਚ ਸਾਲ 2012 ਤੋਂ ਹੀ 'ਆਨੰਦ ਮੈਰਿਜ ਐਕਟ' ਦੇ ਨਾਮ 'ਤੇ ਸਿਆਸੀ ਤੇ ਧਾਰਮਿਕ ਪ੍ਰੇਰਿਤ ਰੋਟੀਆਂ ਸੇਕੀਆਂ ਜਾ ਰਹੀਆਂ ਜਾਪਦੀਆਂ ਹਨ। ਕਾਨੂੰਨੀ ਪੱਖੋਂ ਜਦੋਂ 1909 ਵਿੱਚ ਇਹ ਐਕਟ ਬਣਾਇਆ ਗਿਆ ਤਾਂ ਇਸ ਦਾ ਸਿਰਫ਼ ਇੱਕੋ ਇੱਕ ਉਦੇਸ਼ ਸੀ ਕਿ ਸਿੱਖਾਂ ਵਿੱਚ ਪ੍ਰਚਲਿਤ 'ਆਨੰਦ ਕਾਰਜ' ਰੀਤੀ ਦੁਆਰਾ ਕੀਤੇ ਵਿਆਹ ਦੀ ਵੈਧਤਾ ਬਾਰੇ ਖ਼ਦਸ਼ਿਆਂ ਨੂੰ ਦੂਰ ਕਰਨਾ"।

ਇਸ ਐਕਟ ਨੂੰ ਪਾਸ ਕਰਨ ਦਾ ਪਿਛੋਕੜ ਇਹ ਹੈ ਕਿ 1900 ਦੇ ਕਰੀਬ ਪ੍ਰੋਹਿਤਾਂ ਵੱਲੋਂ ਇਹ ਦਾਅਵਾ ਕੀਤਾ ਜਾਣ ਲੱਗ ਪਿਆ ਸੀ ਕਿ ਸਿੱਖਾਂ ਵਿੱਚ ਵੀ ਵਿਆਹ ਹਿੰਦੂ ਰਿਵਾਜਾਂ, ਅਰਥਾਤ ਵੇਦੀ ਦੇ ਦੁਆਲੇ ਜਾਂ ਅਗਨੀ ਦੁਆਲੇ ਫੇਰੇ ਲੈ ਕੇ ਹੀ ਕੀਤੇ ਜਾ ਸਕਦੇ ਹਨ ਅਤੇ ਆਨੰਦ ਕਾਰਜ ਯਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਲੇ ਲਾਵਾਂ ਰਾਹੀਂ ਕੀਤੇ ਵਿਆਹ ਜਾਇਜ਼ ਨਹੀਂ ਹਨ। ਇਸ ਲਈ ਇਸ ਐਕਟ ਰਾਹੀਂ ਸਿੱਖਾਂ ਵਿੱਚ ਆਨੰਦ ਕਾਰਜ ਰੀਤੀ ਦੁਆਰਾ ਵਿਆਹਾਂ ਨੂੰ ਕਾਨੂੰਨੀ ਵੈਧਤਾ ਪ੍ਰਦਾਨ ਕੀਤੀ ਗਈ ਸੀ। ਹੁਣ ਸਵਾਲ ਇਹ ਹੈ ਕਿ 2012 ਤੋਂ ਹੀ ਭਾਰਤ ਵਿੱਚ ਆਨੰਦ ਮੈਰਿਜ ਐਕਟ ਦੇ ਨਾਮ 'ਤੇ ਸਿੱਖਾਂ ਨਾਲ ਖਿਲਵਾੜ ਕਿਵੇਂ ਸ਼ੁਰੂ ਹੋਇਆ। ਸ਼ਾਇਦ ਇਹ ਇਕ ਡੂੰਘੀ ਸਾਜ਼ਿਸ਼ ਅਧੀਨ ਵਾਪਰਦਾ ਆ ਰਿਹਾ ਹੈ।

ਸੰਖੇਪ ਵਿੱਚ ਦੱਸਿਆ ਜਾਵੇ ਤਾਂ 2006 ਵਿੱਚ ਭਾਰਤੀ ਸੁਪਰੀਮ ਕੋਰਟ ਨੇ ਸੀਮਾ ਬਨਾਮ ਅਸ਼ਵਨੀ ਮੁਕੱਦਮੇ ਵਿਚ ਫ਼ੈਸਲਾ ਦਿੰਦੇ ਹੋਏ ਆਦੇਸ਼ ਦਿੱਤੇ ਸਨ ਕਿ ਭਾਰਤ ਵਿੱਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇ। ਬਾਰਾਂ ਮਈ 2012 ਨੂੰ ਉਸ ਵਕਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿੱਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਭਾਰਤ ਵਿੱਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਲਈ ਕਾਨੂੰਨ ਬਣਾਇਆ ਜਾਵੇਗਾ।

ਪਰ ਪਤਾ ਨਹੀਂ ਕਿਸ ਸਾਜ਼ਿਸ਼ ਅਧੀਨ ਜਾਂ ਅਗਿਆਨਤਾ ਕਰਕੇ ਆਨੰਦ ਮੈਰਿਜ ਐਕਟ ਵਿੱਚ ਵੀ ਆਨੰਦ ਮੈਰਿਜ (ਅਮੈਂਡਮੈਂਟ) ਐਕਟ, 2012, ਪਾਸ ਕਰ ਕੇ ਸਿੱਖਾਂ ਵਿੱਚ ਵਿਆਹ ਦੀ ਲਾਜ਼ਮੀ ਰਜਿਸਟ੍ਰੇਸ਼ਨ ਦੀ ਨਵੀਂ ਧਾਰਾ 6 ਜੋੜ ਦਿੱਤੀ ਗਈ ਪਰ ਮਹੱਤਵਪੂਰਨ ਤੱਥ ਇਹ ਹੈ ਕਿ ਇਸ ਧਾਰਾ ਵਿੱਚ ਇਹ ਦਰਜ ਕਰ ਦਿੱਤਾ ਗਿਆ ਕਿ ਇਹ ਸਭ ਕੁਝ ਹਿੰਦੂ ਮੈਰਿਜ ਐਕਟ, 1955 ਦੇ ਕਿਸੇ ਵੀ ਪ੍ਰਾਵਧਾਨ ਦੇ ਉਲਟ ਅਸਰ ਪਾਏ ਬਿਨਾਂ ਜਾਂ ਉਸ ਅਧੀਨ ਰਹਿੰਦੇ ਹੋਏ ਵਿਆਹ ਰਜਿਸਟਰਡ ਕਰਨ ਦੇ ਰੂਲਜ਼ ਬਣਾਏ ਜਾਣਗੇ। ਖ਼ਾਸ ਗੱਲ ਇਹ ਹੈ ਕਿ 2016 ਵਿੱਚ ਹੀ ਪੰਜਾਬ ਸਰਕਾਰ ਵੱਲੋਂ 'ਪੰਜਾਬ ਆਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼, 2016' ਬਣਾ ਕੇ ਨੋਟੀਫਾਈ ਕਰ ਦਿੱਤੇ ਗਏ ਸਨ। ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਰੂਲਜ਼ ਮੁਤਾਬਕ ਨਾ ਤਾਂ 'ਸਿੱਖ ਮੈਰਿਜ ਰਜਿਸਟਰ' ਰੱਖਿਆ ਜਾਂਦਾ ਹੈ ਅਤੇ ਨਾ ਹੀ 'ਸਿੱਖ ਵਿਆਹ ਸਰਟੀਫਿਕੇਟ' ਦਿੱਤਾ ਜਾਂਦਾ ਹੈ। ਖ਼ਾਸ ਗੱਲ ਇਹ ਹੈ ਕਿ 2012 ਵਿੱਚ ਜਦੋਂ ਸੋਧ ਕੀਤੀ ਗਈ ਸੀ, ਉਸ ਵਕਤ ਵੀ ਧਾਰਾ 6 ਵਿੱਚ ਸਿੱਖ ਵਿਆਹ ਜਾਂ ਸਿੱਖ ਮੈਰਿਜ ਰਜਿਸਟਰ ਬਾਰੇ ਨਹੀਂ ਲਿਖਿਆ ਗਿਆ।

ਜਦਕਿ ਹਿੰਦੂ ਮੈਰਿਜ ਰਜਿਸਟ੍ਰੇਸ਼ਨ ਰੂਲਜ਼ ਵਿੱਚ 'ਹਿੰਦੂ ਮੈਰਿਜ ਰਜਿਸਟਰ' ਅਤੇ ਹਿੰਦੂ ਵਿਆਹ ਦਾ ਜ਼ਿਕਰ ਕੀਤਾ ਹੋਇਆ ਹੈ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ 2012 ਵਿੱਚ ਜਦੋਂ ਆਨੰਦ ਮੈਰਿਜ ਐਕਟ, 1909 ਵਿੱਚ ਤਰਮੀਮ ਕਰ ਕੇ ਸਿਰਫ਼ ਮੈਰਿਜ ਰਜਿਸਟ੍ਰੇਸ਼ਨ ਲਈ ਧਾਰਾ 6 ਜੋੜੀ ਗਈ ਤਾਂ ਕੁਝ ਸਿੱਖੀ ਭੇਖ ਵਿੱਚ ਵਿਰੋਧੀ ਤਾਕਤਾਂ ਦੇ ਹੱਥਠੋਕੇ ਬਣ ਕੇ ਕੂੜ-ਪ੍ਰਚਾਰ ਕੀਤਾ ਗਿਆ ਕਿ ਸਿੱਖਾਂ ਦਾ ਵੱਖਰਾ ਵਿਆਹ ਐਕਟ ਬਣਾ ਦਿੱਤਾ ਗਿਆ ਹੈ।

ਸਿੱਖਾਂ ਦੀ ਬਹੁਤ ਵੱਡੀ ਮੰਗ ਮੰਨੀ ਗਈ ਹੈ ਜਾਂ ਸਿੱਖਾਂ ਦੀ ਵੱਖਰੀ ਪਛਾਣ ਹੁਣ ਬਣੇਗੀ। ਅਜਿਹਾ ਕੁਝ ਵੀ ਨਹੀਂ ਹੋਇਆ ਅਤੇ ਇਹ ਸਭ ਕੁਝ ਝੂਠ ਤੇ ਬੇਬੁਨਿਆਦ ਪ੍ਰਚਾਰ ਸੀ। ਅੱਜ ਵੀ ਜੇ ਕਿਸੇ ਸਿੱਖ ਨੇ ਪਰਿਵਾਰਕ ਮਸਲਿਆਂ ਬਾਰੇ ਕੋਈ ਰਾਹਤ ਲੈਣੀ ਹੈ ਤਾਂ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ 1955 ਅਧੀਨ ਹੀ ਪਟੀਸ਼ਨ ਕਰਨੀ ਪੈਂਦੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਵੀ ਨਵੰਬਰ 2022 ਵਿਚ ਇਹ ਬਿਆਨ ਦਿੱਤੇ ਗਏ ਕਿ ਅਸੀਂ ਆਨੰਦ ਮੈਰਿਜ ਐਕਟ 2016 ਨੂੰ ਅਸਲੀ ਰੂਪ ਵਿੱਚ ਲਾਗੂ ਕਰਾਂਗੇ। ਜਦਕਿ ਅਸਲੀਅਤ ਇਹ ਹੈ ਕਿ ਆਨੰਦ ਮੈਰਿਜ ਐਕਟ ਤਾਂ 1909 ਵਾਲਾ ਹੀ ਹੈ ਅਤੇ ਉਦੋਂ ਤੋਂ ਹੀ ਲਾਗੂ ਚੱਲਿਆ ਆ ਰਿਹਾ ਹੈ। ਸੰਨ 2016 ਵਿੱਚ ਤਾਂ 'ਪੰਜਾਬ ਆਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼' ਬਣਾਏ ਗਏ ਸਨ ਅਤੇ ਨੋਟੀਫਾਈ ਵੀ ਹੋ ਚੁੱਕੇ ਹਨ।

ਹੁਣ ਜੇ ਪੰਜਾਬ ਸਰਕਾਰ ਇਨ੍ਹਾਂ ਰੂਲਜ਼ ਵਿਚ ਕੁਝ ਤਬਦੀਲੀ ਕਰ ਕੇ ਵਿਆਹ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਨੂੰ ਕੁਝ ਸੁਖਾਲਾ ਬਣਾਉਣਾ ਚਾਹੁੰਦੀ ਹੈ ਤਾਂ ਇੰਨਾ ਰੌਲਾ-ਰੱਪਾ ਕਿਸ ਗੱਲ ਦਾ ? ਧਾਰਮਿਕ ਜਾਂ ਰਾਜਨੀਤਕ ਲੀਡਰਾਂ ਆਧਾਰਿਤ ਵਿਵਾਦਤ ਕਮੇਟੀ ਬਣਾਉਣ ਦਾ ਕੀ ਫ਼ਾਇਦਾ। ਇਹ ਤਾਂ ਇਕ ਕਾਨੂੰਨੀ ਪ੍ਰਸ਼ਾਸਨਿਕ ਮੁੱਦਾ ਹੈ ਤੇ ਸਰਕਾਰੀ ਪੱਧਰ 'ਤੇ ਆਮ ਕੰਮ ਦੀ ਤਰ੍ਹਾਂ ਫ਼ੈਸਲਾ ਲੈ ਕੇ ਲਾਗੂ ਹੋ ਸਕਦਾ ਹੈ।

ਸਰਕਾਰ ਨੂੰ ਤਾਂ ਸੱਚੇ ਦਿਲੋਂ ਸਿੱਖਾਂ ਦੀ ਪੁਰਜ਼ੋਰ ਮੰਗ ਕਿ ਉਨ੍ਹਾਂ ਦਾ ਆਪਣਾ ਸੰਪੂਰਨ 'ਸਿੱਖ ਮੈਰਿਜ ਐਕਟ' ਹੋਵੇ ਤਾਂ ਕਿ ਉਨ੍ਹਾਂ ਨੂੰ 'ਹਿੰਦੂ ਮੈਰਿਜ ਐਕਟ' ਵਿੱਚੋਂ ਬਾਹਰ ਕੱਢਿਆ ਜਾ ਸਕੇ, ਉਸ ਲਈ ਹੰਭਲਾ ਮਾਰਨਾ ਚਾਹੀਦਾ ਹੈ। ਜੇ ਭਾਰਤ ਵਿੱਚ ਘੱਟ ਗਿਣਤੀ ਪਾਰਸੀਆਂ ਦਾ ਆਪਣਾ ਪਾਰਸੀ ਮੈਰਿਜ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਕ੍ਰਿਸਚੀਅਨ ਦਾ ਆਪਣਾ ਕ੍ਰਿਸਚੀਅਨ ਮੈਰਿਜ ਐਕਟ ਅਤੇ ਡਾਇਵੋਰਸ ਐਕਟ ਹੋ ਸਕਦਾ ਹੈ, ਮੁਸਲਮਾਨਾਂ ਦਾ ਆਪਣਾ ਵਿਆਹ ਅਤੇ ਤਲਾਕ ਦਾ ਕਾਨੂੰਨ ਹੋ ਸਕਦਾ ਹੈ ਤਾਂ ਸਿੱਖਾਂ ਦਾ ਆਪਣਾ 'ਸਿੱਖ ਮੈਰਿਜ ਐਕਟ' ਕਿਉਂ ਨਹੀਂ ?

ਹਰ ਮੁੱਦੇ ਨੂੰ ਸਿਆਸੀ ਰੰਗਤ ਨਹੀਂ ਦੇਣੀ ਚਾਹੀਦੀ। ਅਜਿਹੇ ਸੰਵੇਦਨਸ਼ੀਲ ਮਾਮਲਿਆਂ ਨੂੰ ਨਜਿੱਠਣ ਲਈ ਸਬੰਧਤ ਭਾਈਚਾਰੇ ਦੇ ਵੱਖ-ਵੱਖ ਵਰਗਾਂ/ਸ਼੍ਰੇਣੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦ ਕੇ ਦੀਰਘ ਵਿਚਾਰ-ਵਟਾਂਦਰਾ ਕਰਨਾ ਸਿਆਣਪ ਹੁੰਦੀ ਹੈ। ਇਸ ਤਰ੍ਹਾਂ ਦੇ ਮੁੱਦੇ ਉਲਝਣ ਦੀ ਬਜਾਏ ਫੌਰੀ ਸੁਲਝ ਸਕਦੇ ਹਨ। ਅਜਿਹੀਆਂ ਗੋਸ਼ਟੀਆਂ/ਮੀਟਿੰਗਾਂ ਨਹੀਂ ਹੁੰਦੀਆਂ ਹਨ ਤਾਂ ਭੰਬਲਭੂਸੇ ਪੈਦਾ ਹੁੰਦੇ ਹਨ। ਸ਼ਰਾਰਤੀਆਂ ਨੂੰ ਧੂੰਦ ਫੈਲਾਉਣ ਦਾ ਮੌਕਾ ਮਿਲਦਾ ਹੈ। ਭਾਈਚਾਰੇ ਵਿੱਚ ਤਰੇੜਾਂ ਪੈਣ ਦੇ ਆਸਾਰ ਹੁੰਦੇ ਹਨ। ਚੰਗਾ ਹੋਵੇ ਜੇ ਰਲ ਮਿਲ ਕੇ ਪੇਚੀਦਾ ਮਸਲਿਆਂ ਦਾ ਹੱਲ ਨਿਕਲ ਆਵੇ। ਜੇ ਪੰਜਾਬ ਸਰਕਾਰ ਸਿੱਖਾਂ ਲਈ ਸੱਚੇ ਦਿਲੋਂ ਇਮਾਨਦਾਰੀ ਨਾਲ ਕੁਝ ਕਰਨਾ ਚਾਹੁੰਦੀ ਹੈ ਤਾਂ ਇਸ ਦਿਸ਼ਾ ਵੱਲ ਉਸ ਵੱਲੋਂ ਚੁੱਕੇ ਕਦਮ ਸ਼ਲਾਘਾਯੋਗ ਹੋਣਗੇ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਗਤ ਪੂਰਨ ਸਿੰਘ

ਜਿਸ ਮਨੁੱਖ ਦੇ ਮੱਥੇ ਉੱਤੇ ਪ੍ਰਭੂ ਦੀ ਬਖਸ਼ਿਸ਼ ਦੇ ਲੇਖ ਹੋਵੇ, ਉਹ ਪ੍ਰਭੂ ਦੀ ਸੇਵਾ ਭਗਤੀ ਵਿੱਚ ਲੱਗਦਾ ਹੈ। ਜਾਂ ਹੇ ਭਾਈ! ਪ੍ਰਭੂ ਦਾ ਜਿਹੜਾ ਸੇਵਕ ਪ੍ਰਭੂ ਦੀ ਸੇਵਾ ਵਿੱਚ ਲੱਗਦਾ ਹੈ, ਉਹ ਹਰ ਥਾਂ ਪ੍ਰਭੂ ਦਾ ਹੀ ਪਸਾਰਾ ਵੇਖਦਾ ਹੈ।

ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਾਲੇ ਵੀ ਉਹਨਾਂ ਗੁਰਮੁਖ ਵਿਚੋਂ ਹੀ ਹੋਏ ਹਨ। ਉਹਨਾਂ ਨੇ ਆਪਣਾ ਸਾਰਾ ਜੀਵਨ ਪਿੰਗਲੇ, ਅਨਾਥਾਂ , ਬੇਸਹਾਰਾ ਦੀ ਨਿਰ ਸੁਆਰਥ ਸੇਵਾ ਵਿੱਚ ਲਗਾਇਆ। ਉਹਨਾਂ ਦੀਆਂ ਸੇਵਾਵਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਹੋਈ ਹੈ। ਦੇਸ਼ ਵਿਦੇਸ਼ ਤੋਂ ਵੀ ਪਿੰਗਲਵਾੜਾ ਅੰਮ੍ਰਿਤਸਰ ਦੀ ਸੇਵਾ ਵਿੱਚ ਯੋਗਦਾਨ ਪਾਇਆ ਜਾਂਦਾ ਹੈ।

ਭਗਤ ਜੀ ਦਾ ਜਨਮ 4 ਜੂਨ 1904 ਵਿੱਚ ਰਾਜੇਵਾਲ (ਰਾਹੋਂ) ਜ਼ਿਲ੍ਹਾ ਲੁਧਿਆਣਾ ਵਿੱਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮਲ ਦੇ ਘਰ ਹੋਇਆ। ਉਹਨਾਂ ਨੂੰ ਰਾਮ ਜੀ ਦਾਸ ਨਾਮ ਦਿੱਤਾ ਗਿਆ ਸੀ। ਪਿਤਾ ਜੀ ਸ਼ਾਹੂਕਾਰ ਸਨ। ਭਗਤ ਜੀ ਦੇ ਮਨ ਵਿੱਚ ਆਪਣੀ ਮਾਤਾ ਜੀ ਦੀ ਸ਼ਖਸੀਅਤ ਦਾ ਬੜਾ ਪ੍ਰਭਾਵ ਸੀ। ਜਿਸ ਨਾਹਲ ਆਪ ਜੀ ਦੇ ਮਨ ਵਿੱਚ ਦਯਾ ਸੇਵਾ ਭਾਵਨਾ ਉਤਪੰਨ ਹੋਈ। ਪਿਤਾ ਜੀ ਦਾ ਕਾਰੋਬਾਰ ਖਤਮ ਹੋ ਗਿਆ। ਫਿਰ ਪਿਤਾ ਜੀ ਦੀ ਮੌਤ ਤੋਂ ਬਾਅਦ ਘਰ ਵਿੱਚ ਘੋਰ ਗਰੀਬੀ ਛਾ ਗਈ। ਆਪ ਜੀ ਦੀ ਮਾਤਾ ਜੀ ਨੇ ਘਰੇਲੂ ਨੌਕਰ ਵਜੋਂ ਕੰਮ ਕਰਕੇ ਭਗਤ ਜੀ ਦੀ ਪੜ੍ਹਾਈ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਭਗਤ ਜੀ ਨੂੰ ਹੋਸਟਲ ਭੇਜਿਆ ਤੇ ਖਰਚਾ ਵੀ ਭੇਜਿਆ ਜਾਂਦਾ। ਭਗਤ ਜੀ ਦਸਵੀਂ ਜਮਾਤ ਵਿਚੋਂ ਫੇਲ੍ਹ ਹੋ ਗਏ। ਉਹਨਾਂ ਨੂੰ ਲਾਹੌਰ ਵਾਪਿਸ ਲਿਆਂਦਾ ਗਿਆ, ਇਕ ਸਥਾਨਕ ਸਕੂਲ ਵਿੱਚ ਵੀ ਦਾਖਲ ਕਰਵਾਇਆ ਗਿਆ। ਭਗਤ ਜੀ ਦੀ ਦੁਨਿਆਵੀਂ ਵਿਦਿਆ ਵਿੱਚ ਰੁਚੀ ਨਹੀਂ ਸੀ। ਪਰ ਉਹ ਸਾਹਿਤ ਰਸੀਏ ਸਨ। ਉਹ ਦਿਆਲ ਸਿੰਘ ਲਾਇਬ੍ਰੇਰੀ ਵਿੱਚ ਗਿਆਨ ਪ੍ਰਾਪਤੀ ਲਈ ਘੰਟਿਆਂ ਬੱਧੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਭਗਤ ਜੀ ਜਵਾਨ ਹੋਏ ਤਾਂ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਗਏ ਤਾਂ ਸਿੱਖ ਬਣ ਗਏ ਅਤੇ ਨਾਉਂ ਹੋ ਗਿਆ ਭਗਤ ਪੂਰਨ ਸਿੰਘ, ਉਹ ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਦੇ ਸਨ, ਜਿਵੇਂ ਯਾਤਰੂਆਂ ਲਈ ਸਾਫ਼ ਪਾਣੀ ਦਾ ਪ੍ਰਬੰਧ ਕਰਨਾ, ਦੁੱਧ ਦੇਣ ਵਾਲੇ ਪਸ਼ੂਆਂ ਦੀ ਸੰਭਾਲ ਕਰਦੇ, ਲੰਗਰਾਂ ਵਿੱਚ ਭਾਂਡੇ ਮਾਂਜਦੇ, ਪ੍ਰਸਾਦਾ ਬਣਾਉਂਦੇ, ਲੰਗਰ ਵਰਤਾਉਂਦੇ, ਗੁਰਦੁਆਰਾ ਸਾਹਿਬ ਦਾ ਫਰਸ਼ ਸਾਫ ਕਰਦੇ। ਉਹ ਲਾਹੌਰ ਦੀਆਂ ਗਲੀਆਂ ਦੀ ਵੀ ਸਫਾਈ ਕਰ ਜਾਂਦੇ। ਉਹ ਲਾਵਾਰਸ ਮੁਰਦਿਆਂ ਦਾ ਸਸਕਾਰ ਕਰਦੇ। ਉਹ ਬੇਸਹਾਰਾ ਦੀ ਦੇਖ ਭਾਲ ਕਰਦੇ, ਬਿਮਾਰਾਂ ਨੂੰ ਹਸਪਤਾਲ ਪਹੁੰਚਾਉਣ ਦੀ ਸੇਵਾ ਕਰਦੇ।



Bhagat Puran Singh 1902 - 1992

ਮਨੁੱਖਤਾ ਦੀ ਸੇਵਾ ਕਰਨਾ ਉਹਨਾਂ ਦੇ ਜੀਵਨ ਦਾ ਮਨੋਰਥ ਬਣ ਗਿਆ ਸੀ। ਉਹਨਾਂ ਦੀ ਸਿੱਖ ਗੁਰੂਆਂ ਦੇ ਉਪਦੇਸ਼ ਵਿੱਚ ਬੜੀ ਸ਼ਰਧਾ ਸੀ। ਉਹ ਇੱਧਰ ਉਧਰ ਘੁੰਮ ਕੇ ਵੇਖਦੇ ਕਿ ਜ਼ਖਮੀਆਂ, ਸਰੀਰਕ ਤੌਰ ਤੇ ਅਪਾਹਜ ਲੋਕਾਂ ਨੂੰ ਲੱਭਦੇ ਅਤੇ ਹਸਪਤਾਲ ਛੱਡ ਆਉਂਦੇ। ਸੰਨ 1924 ਦੀ ਇੱਕ ਰਾਤ ਕੋਈ ਚਾਰ ਕੁ ਸਾਲ ਦਾ ਬੱਚਾ (ਕੌੜ ਨਾਲ ਗ੍ਰਸਤ ਲੜਕੇ ) ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜੇ 'ਤੇ ਛੱਡ ਗਿਆ। ਗੁਰਦੁਆਰਾ ਦੇ ਤਤਕਾਲੀ ਮੁੱਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਜੀ ਨੇ ਬੱਚੇ ਨੂੰ ਭਗਤ ਜੀ ਦ ਹਵਾਲੇ ਕਰ ਦਿੱਤਾ। ਭਗਤ ਜੀ ਨੇ ਉਸਦਾ ਨਾਮ ਪਿਆਰਾ ਸਿੰਘ ਰਖਿਆ। ਖੁਦ ਉਸਦਾ ਪਾਲਣ ਪੋਸਣ ਕਰਨ ਦਾ ਫੈਸਲਾ ਕੀਤਾ। ਇਥੋਂ ਹੀ ਪਿੰਗਲਵਾੜਾ ਸਥਾਪਤ ਕਰਨ ਦਾ ਸੰਕਲਪ ਬਣਿਆ।

1947 ਵਿੱਚ ਦੇਸ਼ ਦੀ ਵੰਡ ਦਾ ਕਹਿਰ ਟੁੱਟਿਆ ਤਾਂ ਭਗਤ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚੇ। ਜਿਸ ਵਿੱਚ 25 ਹਜ਼ਾਰ ਤੋਂ ਵੱਧ ਸ਼ਰਨਾਰਥੀ ਸਨ। ਜੋ ਗੰਭੀਰ ਰੂਪ ਵਿੱਚ ਜ਼ਖਮੀ ਸਨ ਤੇ ਆਪਾ ਸੰਭਾਲਣ ਦੇ ਯੋਗ ਨਹੀਂ ਸਨ। ਸਰਕਾਰ ਦੀ ਮਦਦ ਸਮਰੱਥਾ ਤੋਂ ਵੀ ਵਾਂਝੇ ਸਨ। ਭਗਤ ਜੀ ਨੇ ਆਪ ਅੱਗੇ ਹੋ ਕੇ ਜ਼ਖ਼ਮੀਆਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ।

1958 ਤਕ ਭਗਤ ਜੀ ਕੋਲ ਸੇਵਾ ਕਰਨ ਦਾ ਪੱਕਾ ਟਿਕਾਣਾ ਨਹੀਂ ਸੀ। ਉਹ ਚੀਫ਼ ਖਾਲਸਾ ਦੀਵਾਨ ਦੇ ਬਾਹਰ, ਡਾਕਘਰਾਂ,ਰੇਲਵੇ ਸਟੇਸ਼ਨਾਂ ਅਤੇ ਸਿਵਲ ਸਰਜਨ ਦੇ ਦਫ਼ਤਰਾਂ ਦੇ ਬਾਹਰ ਦਰਖ਼ਤ ਹੇਠ ਸੇਵਾਵਾਂ ਜਾਰੀ ਰੱਖਦੇ ਸਨ। ਅੰਤ 1958 ਵਿੱਚ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਸਥਾਪਨਾ ਕੀਤੀ। ਜਿਸ ਦਾ ਸਾਲਾਨਾ ਬਜਟ ਉਸ ਸਮੇਂ ਕਰੀਬ 12.5 ਮਿਲੀ ਅਨ ਸੀ। ਇਹ ਸੰਸਥਾ ਤਹਿਸੀਲ ਪੁਰ ਜੀ. ਟੀ. ਰੋਡ ਅੰਮ੍ਰਿਤਸਰ ਹੈ। ਸੰਸਥਾ ਦੇ ਹੋਰ ਕੇਂਦਰ ਜਿਵੇਂ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਵਾਲਾ, ਪਲਸੋਰਾ ਅਤੇ ਗੋਇੰਦਵਾਲ ਜਿਨ੍ਹਾਂ ਵਿੱਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਹਨਾਂ ਦੀ ਸੇਵਾ ਸੰਭਾਲ ਲਈ ਲੋੜੀਂਦੇ ਕਰਮਚਾਰੀ ਹਮੇਸ਼ਾ ਤਾਇਨਾਤ ਰਹਿੰਦੇ ਹਨ। ਪਿੰਗਲਵਾੜਾ ਦੀਆਂ ਮੁੱਢਲੀ ਡਾਕਟਰੀ ਸਹਾਇਤਾ ਦੇ ਵਾਹਨ ਜੀ ਟੀ ਰੋਡ ਤੇ ਹੁੰਦੇ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਪਿੰਗਲਵਾੜਾ ਦਾ ਇਕ ਬਨਾਵਟੀ ਅੰਗ ਕੇਂਦਰ ਹੈ ਜਿਥੇ ਅੰਗਹੀਣਾਂ ਨੂੰ ਮੁਫ਼ਤ ਬਨਾਵਟੀ ਅੰਗ ਲਗਾਏ ਜਾਂਦੇ ਹਨ। ਬੱਚਿਆਂ ਦੀ ਵਿਦਿਆ ਲਈ ਵਿਦਿਅਕ ਅਦਾਰੇ ਹਨ। ਪਿੰਗਲਵਾੜਾ ਵਿੱਚ ਮਰਨ ਵਾਲਿਆਂ ਦੀ ਲਾਵਾਰਸ ਲਾਸ਼ਾਂ ਨੂੰ ਸਰੀਰ ਵਿਗਿਆਨ ਪੜਾਉਣ ਲਈ ਸਥਾਨਕ ਮੈਡੀਕਲ ਕਾਲਜ ਭੇਜਿਆ ਜਾਂਦਾ ਹੈ।

ਭਗਤ ਪੂਰਨ ਸਿੰਘ ਜੀ ਦੇ ਸੰਪੂਰਨ ਜੀਵਨ ਦੇ ਹੋਰ ਮਹੱਤਵਪੂਰਨ ਪਹਿਲੂਆਂ ਵਿੱਚ ਹੈ ਕਿ ਬਚਪਨ ਵਿੱਚ ਉਹਨਾਂ ਦਾ ਪਰਿਵਾਰ ਗੁਜ਼ਾਰੇ ਲਈ ਪਿੰਡ ਪਿੰਡ ਘੁੰਮਦਾ ਸੀ। ਉਹ ਪਰਵਾਰ ਇਸ ਸਮੇਂ ਵਿੱਚ ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਵੀ ਠਹਿਰਦਾ ਰਿਹਾ। ਸਿੱਖ ਗੁਰੂਆਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਨ ਦੀ ਚੋਣ ਕੀਤੀ ਅਤੇ ਨਾਮ ਹੋ ਗਿਆ ਪੂਰਨ ਸਿੰਘ। ਭਗਤ ਜੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਗਿਆਤਾ ਸਨ। ਉਹ ਇਕ ਸ ਸਾਹਿਤਕ ਚਿੰਤਕ ਸਨ। ਆਪਜੀ ਨੇ ਵਾਤਾਵਰਣ , ਪ੍ਰਦੂਸ਼ਨ, ਗਰੀਬੀ , ਬੇਰੁਜ਼ਗਾਰੀ, ਭੁੱਖ ਮਰੀ , ਅਨਪੜ੍ਹਤਾ ਜਿਹੇ ਮੁੱਦਿਆਂ ਨੂੰ ਛੋਹਿਆ ਹੈ। ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ ਮਨੁੱਖ ਦੀ ਸਿਖਿਆ, ਸਿਰਫ਼ ਧਾਰਮਿਕਤਾ ਹੀ ਕੌਮ ਨੂੰ ਉੱਚਾ ਕਰਦੀ ਹੈ, ਪੌਦਾ ਜਾਂ ਨਾਸ਼, ਰਾਹ, ਵੱਧਦੀ ਆਬਾਦੀ ਅਤੇ ਹੋਰ ਬਹੁਤ ਸਾਰੇ ਲੇਖ ਹਨ। ਆਪ ਰੱਦੀ ਕਾਗ਼ਜ਼ਾਂ ਦੇ ਇੱਕ ਪਾਸੇ ਲਿਖਦੇ ਅਤੇ ਪ੍ਰਚਾਰਦੇ ਸਨ ਕਿ ਕਾਗ਼ਜ਼ ਦੀ ਘੱਟ ਵਰਤੋ ਕਰੋ ਨਹੀਂ ਤਾਂ ਜਿਆਦਾ ਰੁੱਖ ਕੱਟੇ ਜਾਣਗੇ। ਆਪ ਇੱਕ ਲੇਖਕ, ਪ੍ਰਕਾਸ਼ਕ, ਵਾਤਾਵਰਣ ਪ੍ਰੇਮੀ ਅਤੇ ਪਰਉਪਕਾਰ ਹੋ ਨਿਬੜੇ ਸਨ।

ਆਪ ਇਕ ਪ੍ਰਮੁੱਖ ਵਾਤਾਵਰਣ ਪ੍ਰੇਮੀ ਅਤੇ ਦਾਰਸ਼ਨਿਕ ਸਨ। ਉਹਨਾਂ ਨੇ ਰੁੱਖ ਲਗਾਉਣ ਦੀ ਮੁਹਿਮ ਦੀ ਸ਼ੁਰੂਆਤ ਕੀਤੀ। ਵਾਤਾਵਰਣ ਦੇ ਵਿਸ਼ਿਆਂ ਤੇ ਭਾਸ਼ਣ ਕੀਤੇ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ। ਵਾਤਾਵਰਣ ਤੇ ਲਿਖਿਆ ਵੀ ।ਉਹਨਾਂ ਕਈ ਤ੍ਰਿਵੇਣੀ ਦੇ ਰੁੱਖ ਲਗਾਏ ਸਨ।

ਭਗਤ ਪੂਰਨ ਸਿੰਘ ਜੀ ਨੂੰ 1991 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਮਿਲਿਆ, ਜੋ ਉਹਨਾਂ ਸਾਕਾ ਨੀਲਾ ਤਾਰਾ 1984 ਦੀ ਦੁਖਦਾਈ ਘਟਨਾ ਦੇ ਰੋਸ ਵਿੱਚ ਵਾਪਿਸ ਕਰ ਦਿੱਤਾ। ਭਗਤ ਜੀ ਇਕ ਸੰਸਥਾ ਸਨ, ਉਹ ਇਕ ਸੇਵਾ ਸਮਰਪਿਤ ਸਿੱਖ ਸਨ। ਉਹ ਪੁਰਾਤਨ ਪਰੰਪਰਾ ਦੇ ਮਿਸਾਲੀ ਸਿੱਖ ਸਨ। ਉਹਨਾਂ ਨੇ ਵਿਸ਼ਵ ਪੱਧਰ ਤੇ ਆਪਣੇ ਮਾਨਵਵਾਦੀ ਸੇਵਾਵਾਂ ਲਈ ਸਨਮਾਨ ਪ੍ਰਾਪਤ ਕੀਤਾ ਹੈ।

ਆਪ 5 ਅਗਸਤ 1992 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹ ਗੁਰਮਤਿ ਆਸ਼ੇ ਅਨੁਸਾਰ ਨਿਰਸੁਆਰਥ ਸੇਵਾ ਲਈ ਹਮੇਸ਼ਾ ਯਾਦ ਰਹਿਣਗੇ। ਉਹਨਾਂ ਦੀ ਵਿਰਾਸਤ ਦੀ ਸੰਭਾਲ ਵਿੱਚ ਡਾਕਟਰ ਬੀਬੀ ਇੰਦਰਜੀਤ ਕੌਰ ਹਨ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਿਤ ਬਾਣੀ 'ਦਿਨ ਰੈਣਿ':ਇੱਕ ਅਧਿਐਨ



ਡਾ. ਦਿਲਵਰ ਸਿੰਘ
941730637



ਇਹ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਕ 136 ਤੇ ਰਾਗ ਮਾਝ ਵਿੱਚ ਸੁਭਾਇਮਾਨ ਹੈ। ਇਸ ਬਾਣੀ ਦੇ ਚਾਰ ਪਦੇ ਹਨ। ਇਸ ਦੀ ਅਰੰਭਤਾ ਵਿੱਚ ਸੰਖੇਪ ਮੰਗਲ '੧ਓ ਸਤਿਗੁਰ ਪ੍ਰਸਾਦਿ' ਹੈ। ਇਸ ਬਾਣੀ ਦੀ ਉਥਾਨਕਾ ਵਿੱਚ ਵਿਦਵਾਨਾਂ ਨੇ ਦੱਸਿਆ ਹੈ ਕਿ ਜਦੋਂ ਸਿੱਖਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਾਨੂੰ ਦੱਸੋ ਕਿ ਸਾਨੂੰ ਰਾਤ ਅਤੇ ਦਿਨ ਭਾਵ ਅੱਠਾਂ ਪਹਿਰਾਂ ਵਿੱਚ ਕੀ ਕਰਨਾ ਚਾਹੀਦਾ ਹੈ ? ਤਾਂ ਗੁਰੂ ਜੀ ਨੇ ਇਸ ਸਿਰਲੇਖ ਹੇਠ ਸ਼ਬਦ ਉਚਾਰਨ ਕਰਕੇ ਉਪਦੇਸ਼ ਦਿੱਤਾ ਕਿ ਸਾਨੂੰ ਸਾਰਿਆਂ ਨੂੰ ਅੱਠੇ ਪਹਰ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਜੇ ਅਰਥਾਂ ਵਿੱਚ ਇਸ ਸਿਰਲੇਖ ਤੋਂ ਇਹ ਵੀ ਭਾਵ ਹੈ ਕਿ ਜਗਿਆਸੂ ਰੂਪ ਜੀਵ ਇਸਤਰੀ ਨੂੰ ਅਵਿੱਦਿਆ ਰੂਪੀ ਰੈਣਿ ਤੋਂ ਬ੍ਰਹਮਗਿਆਨ ਰੂਪੀ ਦਿਨ ਦੀ ਪ੍ਰਾਪਤੀ ਕਰਾਉਣ ਵਾਸਤੇ ਸਤਿਗੁਰੂ ਜੀ ਨੇ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। ਪਹਿਲੇ ਪਦੇ ਵਿੱਚ ਗੁਰੂ ਜੀ ਸਾਨੂੰ ਸ਼ੁਭ ਗੁਣ ਧਾਰਨ ਕਰਕੇ ਉਸ ਪ੍ਰਭੂ ਨੂੰ ਦਿਨ-ਰਾਤ ਸਿਮਰਨ ਲਈ ਉਪਦੇਸ਼ ਕਰਦੇ ਹਨ ਕਿ ਸਾਨੂੰ ਹਉਮੈ ਨੂੰ ਤਿਆਗ ਕੇ ਪ੍ਰਭੂ ਸਰਨ ਵਿੱਚ ਪੈਣਾ ਚਾਹੀਦਾ ਹੈ ਅਤੇ ਮਿੱਠੇ ਬੋਲ ਬੋਲਣੇ ਚਾਹੀਦੇ ਹਨ ਅਤੇ ਪ੍ਰਭੂ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਨੂੰ ਜਨਮਾਂ-ਜਨਮਾਂਤਰਾਂ ਦੇ ਵਿਛੜਿਆ ਨੂੰ ਆਪਣੇ ਚਰਨਾਂ ਨਾਲ ਜੋੜ ਲਵੋ ਕਿਉਂਕਿ ਆਪ ਤੋਂ ਵਿੱਛੜ ਕੇ ਸੁਖੀ ਨਹੀਂ ਵਸਿਆ ਜਾ ਸਕਦਾ ਅਤੇ ਨਾ ਹੀ ਕਿਤੇ ਚੈਨ ਅਰਥਾਤ ਟਿਕਾਅ ਮਿਲਦਾ ਹੈ ਕਿਉਂਕਿ ਸਾਡੇ ਕੀਤੇ ਹੋਏ ਹਉਮੈ ਗ੍ਰਸਤ ਕਰਮ ਹੀ ਵਿਛੋੜੇ ਦਾ ਕਾਰਨ ਬਣਦੇ ਹਨ ਅਤੇ ਸਾਨੂੰ ਰੁਲਣਾ ਪੈਂਦਾ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਕਿਸੇ ਨੂੰ ਦੋਸ਼ ਦੇਣ ਦੀ ਬਜਾਏ ਆਪਣੇ ਪ੍ਰਭੂ ਦੇ ਚਰਨਾਂ ਵਿੱਚ ਹੀ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ ਕਿ ਉਹ ਆਪ ਹੀ ਸਾਨੂੰ ਇਹਨਾਂ ਹਉਮੈ ਗ੍ਰਸਤ ਕਰਮਾਂ ਦੇ ਪ੍ਰਭਾਵ ਤੋਂ ਬਚਾ ਲਵੇ ਅਤੇ ਆਪਣੇ ਦਰਸ਼ਨ ਬਖਸ਼ੇ।

ਦੂਜੇ ਪਦੇ ਵਿੱਚ ਸਤਿਗੁਰੂ ਜੀ ਨੇ ਉਸ ਅਕਾਲ ਪੁਰਖ ਦੀ ਵਡਿਆਈ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ ਕਿ ਉਹ ਸਮਰੱਥ ਪੁਰਖ ਬੇਅੰਤ ਹੈ ਜੋ ਸਾਰਿਆਂ ਦੀ ਬਿਰਥਾ ਸੁਣਦਾ ਹੈ ਅਤੇ ਉਹ ਸਾਰੇ ਜੀਵਾਂ ਦਾ ਆਧਾਰ ਹੈ ਅਤੇ ਇਹ ਸਾਰੇ ਜੀਅ-ਜੰਤ ਉਸੇ ਦਾ ਹੀ ਪਰਿਵਾਰ ਹਨ। ਉਹ ਬੇਅੰਤ ਉੱਚਾ ਹੈ ਅਤੇ ਉਸ ਦੇ ਗੁਣਾਂ ਦਾ ਅੰਤੁ ਨਹੀ ਪਾਇਆ ਜਾ ਸਕਦਾ ਅਤੇ ਉਸਨੂੰ ਉਨ੍ਹਾਂ ਦੀ ਹੀ ਕੀਤੀ ਸੇਵਾ ਪਸੰਦ ਆਉਂਦੀ ਹੈ ਜੋ ਉਸਦੇ ਚਰਨਾਂ ਦੀ ਧੂੜ ਬਣ ਕੇ ਸੇਵਾ ਕਰਦੇ ਹਨ ? ਉਹ ਹੀ ਵਿਕਾਰਾਂ ਵਿੱਚ ਫਸੇ ਜੀਵਾਂ ਨੂੰ ਬਚਾਉਣ ਵਾਲਾ ਹੈ ਅਤੇ ਜੀਵਾਂ ਦਾ ਰੱਖਿਅਕ ਹੈ। ਉਹ ਸਦੀਵੀ ਹੋਂਦ ਵਾਲਾ ਹੈ। ਉਹ ਅਮੁੱਲ ਹੈ ਅਤੇ ਹਰ ਜੀਵ ਵਿੱਚ ਵੱਸਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਉਨ੍ਹਾਂ ਜੀਵਾਂ ਤੋਂ ਕੁਰਬਾਨ ਜਾਂਦਾ ਹਾਂ ਜੋ ਦਿਨ-ਰਾਤ ਉਸ ਪ੍ਰਭੂ ਨੂੰ ਸਿਮਰਦੇ ਹਨ। ਤੀਜੇ ਪਦੇ ਵਿੱਚ ਗੁਰੂ ਜੀ ਫ਼ਰਮਾਉਂਦੇ ਹਨ ਕੀ ਅਕਾਲ ਪੁਰਖ ਦਾ ਨਾਮ ਹੀ ਸਾਰੇ ਸੰਤ ਜਨ ਆਰਾਧਦੇ ਹਨ ਕਿਉਂਕਿ ਉਸ ਨੇ ਹੀ ਸਾਰੇ ਜੀਵ ਸਾਜ ਕੇ ਸਾਰਿਆਂ ਵਿੱਚ ਆਪਣੇ ਨਾਮ ਰੂਪੀ ਜਿੰਦ ਨੂੰ ਪਾਇਆ ਹੈ। ਗੁਰੂ ਵੱਲੋਂ ਦਿੱਤੇ ਸ਼ਬਦ ਨਾਲ ਹੀ ਜੀਵ ਨਿਰਮਲ ਹੁੰਦਾ ਹੈ। ਨਾਮ ਜਪ ਕੇ ਜੀਵ ਪ੍ਰਭੂ ਦਾ ਪਿਆਰ ਪਾ ਸਕਦਾ ਹੈ। ਉਸਦਾ ਅੰਤ ਨਹੀਂ ਪਾ ਸਕਦਾ। ਨਾ ਹੀ ਉਸ ਦੀ ਕੀਮਤ ਪਾ ਸਕਦਾ ਹੈ। ਨਾਮ ਜਪਣ ਵਾਲਾ ਮਨੁੱਖ ਹੀ ਭਾਗਾਂ ਵਾਲਾ ਆਖਿਆ ਜਾਂਦਾ ਹੈ। ਨਾਮ ਜਪਣ ਨਾਲ ਹੀ ਪ੍ਰਭੂ ਪ੍ਰਾਪਤੀ ਹੁੰਦੀ ਹੈ ਅਤੇ ਜੀਵ ਦੀ ਤਾਂਘ ਪੂਰੀ ਹੋ ਜਾਂਦੀ ਹੈ ਭਾਵ ਜੀਵਨ ਮਨੋਰਥ ਪ੍ਰਾਪਤ ਹੋ ਜਾਂਦਾ ਹੈ। ਪ੍ਰਭੂ ਨਾਮ ਨੂੰ ਅਮਲ ਵਿੱਚ ਲਿਆਉਣ ਨਾਲ ਜੀਵ ਦੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ ਅਤੇ ਉਸ ਪ੍ਰਭੂ ਦੇ ਨਾਮ ਨੂੰ ਜਪ ਕੇ ਹੀ ਜੀਵਿਆ ਜਾਂਦਾ ਹੈ। ਜਿਨ੍ਹਾਂ ਨੂੰ ਦਿਨ-ਰਾਤ ਪ੍ਰਭੂ ਯਾਦ ਰਹਿੰਦਾ ਹੈ ਉਹ ਮਨੁੱਖ ਹੀ ਆਤਮਿਕ ਜੀਵਨ ਵਾਲੇ ਹੋ ਜਾਂਦੇ ਹਨ। ਚੌਥੇ ਅਤੇ ਅੰਤਿਮ ਪਦੇ ਵਿੱਚ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਨਿਮਾਣੇ ਹੋ ਕੇ ਹੀ ਪ੍ਰਭੂ ਤੋਂ ਨਾਮ ਹੀ ਮੰਗਣਾ ਚਾਹੀਦਾ ਹੈ। ਉਹ ਹੀ ਸ਼ਕਤੀ ਭਰਭੂਰ ਅਤੇ ਨਿਮਾਣਿਆਂ ਦਾ ਆਸਰਾ ਹੈ। ਉਸ ਦੀ ਓਟ ਲੈਣ ਨਾਲ ਹੀ ਆਤਮ ਜੀਵਨ ਪੈਦਾ ਹੁੰਦਾ ਹੈ। ਨਾਮ ਰੰਗ ਵਿੱਚ ਰੰਗਿਆ ਮਨੁੱਖ ਪ੍ਰਭੂ ਦੇ ਸੰਤ ਜਨਾਂ ਦੇ ਚਰਨ ਧੂੜ ਵਿੱਚ ਸਮਾਇਆ ਰਹਿੰਦਾ ਹੈ। ਨਾਮ ਰੰਗਿਆ ਮਨੁੱਖ ਹੀ ਪ੍ਰਭੂ ਭਾਣੇ ਵਿੱਚ ਵਿਚਰਦਾ ਹੈ ਅਤੇ ਉਸ ਦਾ ਦਿੱਤਾ ਖਾਂਦਾ ਤੇ ਪਹਿਨਦਾ ਹੈ ਭਾਵ ਉਸੇ ਪ੍ਰਭੂ ਦਾ ਦਿੱਤਾ ਦੁੱਖ-ਸੁੱਖ ਹੰਢਾਉਂਦਾ ਹੈ। ਉਹ ਫਿਰ ਇਹੀ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ ਮੇਰੇ 'ਤੇ ਕਿਰਪਾ ਕਰੋ ਤੇ ਮੈਨੂੰ ਸੱਚੇ ਗੁਰੂ ਦੀ ਸੰਗਤ ਵਿੱਚ ਆਪਣੇ ਗੁਣ ਗਾਉਣ ਦਾ ਉਦੱਮ ਬਖਸ਼ੋ। ਫਿਰ ਉਹ ਜੀਵ ਕਿਸੇ ਹੋਰ ਅੱਗੇ ਅਰਦਾਸ ਨਹੀਂ ਕਰਦਾ ਭਾਵ ਉਹ ਇਸ ਦਰ ਨੂੰ ਛੱਡ ਕੇ ਕਿਸੇ ਦੂਜੇ ਦਰ ਤੇ ਨਹੀਂ ਜਾਂਦਾ। ਕਿਉਂਕਿ ਉਸ ਨੂੰ ਪਤਾ ਹੈ ਕਿ ਪ੍ਰਭੂ ਹੀ ਅਗਿਆਨ ਅਤੇ ਹਨੇਰੇ ਨੂੰ ਦੂਰ ਕਰਨ ਦੇ ਸਮਰਥ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਉਸ ਪ੍ਰਭੂ ਦੇ ਚਰਨਾਂ ਵਿੱਚ ਹੀ ਬੇਨਤੀ ਕਰਨੀ ਚਾਹੀਦੀ ਹੈ ਕਿ ਸਾਨੂੰ ਵਿਛੜਿਆਂ ਹੋਇਆਂ ਨੂੰ ਆਪਣੇ ਚਰਨਾਂ ਵਿੱਚ ਮਿਲਾ ਲਓ। ਜਦੋਂ ਮਨੁੱਖ ਗੁਰੂ ਦੇ ਚਰਨਾਂ ਵਿੱਚ ਜਾ ਪਹੁੰਚਦਾ ਹੈ ਤਾਂ ਉਸ ਨੂੰ ਸਰਵ ਕਲਿਆਣ ਅਰਥਾਤ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਇਹਨਾਂ ਚਾਰ ਪਦਿਆਂ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿੱਚ ਅੱਠੇ ਪਹਿਰਾਂ ਵਿੱਚ ਅਸੀਂ ਜੋ ਕਰਨਾ ਹੈ ਉਹ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ।

ਅਜਬ-ਗਜ਼ਬ ਦੁਨੀਆਂ

# ਦੁਨੀਆਂ ਦੀਆਂ 15 ਸਭ ਤੋਂ ਅਜੀਬ ਚੀਜ਼ਾਂ

ਦੋਸਤੋ, ਅਸੀਂ ਜਾਣਦੇ ਹਾਂ ਕਿ ਸਾਡੀ ਦੁਨੀਆਂ ਬਹੁਤ ਸਾਰੇ ਰਾਜ਼ਾਂ ਨਾਲ ਘਿਰੀ ਹੋਈ ਹੈ, ਬਹੁਤ ਸਾਰੇ ਅਜਿਹੇ ਰਾਜ਼, ਜਿਨ੍ਹਾਂ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ, ਇਸ ਲਈ ਦੋਸਤੋ, ਅੱਜ ਅਸੀਂ ਤੁਹਾਡੇ ਲਈ ਕੁਝ ਅਜਿਹੀਆਂ ਹੀ ਅਜੀਬ ਚੀਜ਼ਾਂ (ਦੁਨੀਆਂ ਦੀਆਂ 15 ਅਜੀਬ ਚੀਜ਼ਾਂ) ਸਾਂਝੀਆਂ ਕਰਨ ਜਾ ਰਹੇ ਹਾਂ



1. ਜਰਮਨੀ 'ਚ ਇਕ ਅਜਿਹੀ ਘੜੀ ਹੈ ਜੋ ਪੂਰੀ ਤਰ੍ਹਾਂ ਚਾਕਲੇਟ ਦੀ ਬਣੀ ਹੋਈ ਹੈ।

2. ਜਦੋਂ ਦੁਨੀਆਂ ਵਿੱਚ ਅਲਾਰਮ ਦੀ ਖੋਜ ਨਹੀਂ ਹੋਈ ਸੀ, ਉਦੋਂ ਲੋਕਾਂ ਨੂੰ ਸਮੇਂ ਸਿਰ ਜਗਾਉਣ ਦਾ ਕੰਮ ਹੁੰਦਾ ਸੀ।

3. ਫਿਲੋ ਟੀ ਫ੍ਰਾਂਸਵਰਥ ਨਾਂ ਦੇ ਵਿਅਕਤੀ ਨੇ ਟੀਵੀ ਦੀ ਕਾਢ ਕੱਢੀ ਪਰ ਉਸ ਨੇ ਆਪਣੇ ਪੁੱਤਰ ਨੂੰ ਟੀਵੀ ਨਹੀਂ ਦੇਖਣ ਦਿੱਤਾ।

4. ਵਾਅਦਾ ਸਭ ਤੋਂ ਪਹਿਲਾਂ ਜਾਪਾਨ ਵਿੱਚ ਸ਼ੁਰੂ ਹੋਇਆ ਸੀ ਅਤੇ ਉਸ ਸਮੇਂ ਲੋਕ ਵਾਅਦਾ ਪੂਰਾ ਨਾ ਹੋਣ 'ਤੇ ਆਪਣੀ ਛੋਟੀ ਉਂਗਲੀ ਨੂੰ ਕੱਟ ਦਿੰਦੇ ਸਨ।

5. ਇਹ ਅਜੀਬ ਹੈ ਕਿ ਅੱਜ ਅਸੀਂ ਉਹੀ ਟ੍ਰੈਡਮਿਲ ਵਰਤਦੇ ਹਾਂ ਜੋ ਸਜ਼ਾ ਦੇਣ ਲਈ ਬਣਾਇਆ ਗਿਆ ਸੀ।

6. ਪੁਰਾਣੇ ਸਮਿਆਂ ਵਿੱਚ ਮਨੁੱਖ ਦੇ ਪਸੀਨੇ ਤੋਂ ਇੱਕ ਕਿਸਮ ਦਾ ਇਤਰ ਵੀ ਬਣਾਇਆ ਜਾਂਦਾ ਸੀ।

7. ਰਾਜਸਥਾਨ ਦੇ ਹਵਾਮਹਿਲ ਦੀਆਂ ਪੰਜ ਮੰਜ਼ਿਲਾਂ ਹਨ, ਪਰ ਇਸ ਦੇ ਬਾਵਜੂਦ ਉੱਥੇ ਚੜ੍ਹਨ ਲਈ ਇਕ ਵੀ ਪੌੜੀ ਨਹੀਂ ਹੈ।

8. ਜਦੋਂ ਸੁਪਰ ਮਾਰੀਓ ਨੂੰ ਡਿਜ਼ਾਈਨ ਕੀਤਾ ਜਾ ਰਿਹਾ ਸੀ, ਉਸ ਦੇ ਵਾਲ ਨਹੀਂ ਵਧ ਰਹੇ ਸਨ, ਇਸ ਲਈ ਉਸ ਨੂੰ ਟੋਪੀ ਪਹਿਨਣ ਲਈ ਬਣਾਇਆ ਗਿਆ ਸੀ।

9. ਤੁਸੀਂ ਸ਼ਾਇਦ ਨਹੀਂ ਜਾਣਦੇ ਹੋਵੋਗੇ ਪਰ ਹਿਟਲਰ ਬਚਪਨ ਵਿੱਚ ਪਾਦਰੀ ਬਣਨਾ ਚਾਹੁੰਦਾ ਸੀ।

10. ਜਾਪਾਨ ਦੇ ਕਾਂ ਇੰਨੇ ਸਿਆਣੇ ਹੋ ਗਏ ਹਨ ਕਿ ਉਹ ਅਖਰੋਟਾਂ ਨੂੰ ਤੋੜਨ ਲਈ ਸੜਕ 'ਤੇ ਅਖਰੋਟ ਸੁੱਟ ਦਿੰਦੇ ਹਨ ਤਾਂ ਕਿ ਸੜਕ 'ਤੇ ਚੱਲਣ ਵਾਲੇ ਵਾਹਨ ਅਖਰੋਟ ਨੂੰ ਤੋੜ ਦੇਣ ਅਤੇ ਉਹ ਇਸ ਨੂੰ ਮਜ਼ੇ ਨਾਲ ਖਾ ਸਕਣ।

11. ਟਾਈਟੈਨਿਕ ਆਪਣੇ ਸਮੇਂ ਦਾ ਸਭ ਤੋਂ ਵੱਡਾ ਜਹਾਜ਼ ਸੀ ਪਰ ਅੱਜ ਇਹ ਕੁਝ ਵੀ ਨਹੀਂ ਹੈ।

12. ਟ੍ਰੈਫਿਕ ਲਾਈਟਾਂ ਨੂੰ ਦੇਖਦੇ ਹੋਏ, ਅਜਿਹਾ ਨਹੀਂ ਲੱਗਦਾ ਹੈ ਕਿ ਉਹ ਬਹੁਤ ਵੱਡੀਆਂ ਹੋਣਗੀਆਂ। ਟ੍ਰੈਫਿਕ ਲਾਈਟਾਂ 1 ਮੀਟਰ ਜਾਂ ਵੱਧ ਹੋ ਸਕਦੀਆਂ ਹਨ।

13. ਕੱਛੂ ਦੀਆਂ ਹੱਡੀਆਂ ਖੋਲ ਨਾਲ ਜੁੜੀਆਂ ਹੁੰਦੀਆਂ ਹਨ ਜਿਸ ਕਾਰਨ ਉਹ ਬਾਹਰ ਨਹੀਂ ਆ ਸਕਦੀਆਂ।

14. ਲਿਥੋਪਸ ਨਾਮ ਦਾ ਪੌਦਾ ਰੰਗਦਾਰ ਪੱਥਰ ਲੱਗਦਾ ਹੈ।

15. ਚੂਹੇ ਦੀਆਂ ਹੱਡੀਆਂ ਇੰਨੀਆਂ ਲਚਕੀਲੀਆਂ ਹੁੰਦੀਆਂ ਹਨ ਕਿ ਇਹ ਇੱਕ ਛੋਟੇ ਮੋਰੀ ਵਿੱਚੋਂ ਵੀ ਆਸਾਨੀ ਨਾਲ ਲੰਘ ਸਕਦੀਆਂ ਹਨ।

# 165 ਸਾਲ ਪਹਿਲਾਂ ਸਮੁੰਦਰੀ ਤੂਫ਼ਾਨ 'ਚ ਡੁੱਬਿਆ ਸੀ 'ਸੋਨੇ ਦਾ ਜਹਾਜ਼'

## ਹੁਣ ਤੱਕ ਅਨੇਕਾਂ ਲੋਕ ਬਣ ਰਹੇ ਹਨ ਅਰਬਪਤੀ

ਦੱਖਣੀ ਕੈਰੋਲੀਨਾ/ਏ.ਟੀ.ਨਿਊਜ਼ : 1857 ਵਿੱਚ, ਇੱਕ ਜਹਾਜ਼ ਦੱਖਣੀ ਕੈਰੋਲੀਨਾ ਦੇ ਤੱਟ ਉੱਤੇ ਡੁੱਬ ਗਿਆ। ਇਸ ਡੁੱਬੇ ਜਹਾਜ਼ 'ਤੇ ਕਈ ਕਿਤਾਬਾਂ ਲਿਖੀਆਂ ਗਈਆਂ ਸਨ ਅਤੇ ਇਸ 'ਤੇ ਫਿਲਮ ਵੀ ਬਣੀ ਸੀ। 165 ਸਾਲ ਬਾਅਦ ਇਸ ਜਹਾਜ਼ ਦਾ ਖ਼ਜ਼ਾਨਾ ਨਿਲਾਮ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਹੁਣ ਤੱਕ ਕਈ ਕਰੋੜ ਡਾਲਰ ਦਾ ਸੋਨਾ ਵਿਕ ਚੁੱਕਾ ਹੈ। ਇਹ ਪਹਿਲੀ ਵਾਰ ਸੀ ਜਦੋਂ ਮੱਧ ਅਮਰੀਕਾ ਵਿੱਚ ਅਜਿਹਾ ਖ਼ਜ਼ਾਨਾ ਮਿਲਿਆ ਅਤੇ ਇਹ ਸੋਨੇ ਨਾਲ ਭਰਿਆ ਹੋਇਆ ਸੀ। ਇਸ ਜਹਾਜ਼ ਨੂੰ 'ਗੋਲਡਨ ਸ਼ਿਪ' ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਕਹਾਣੀ ਵੀ ਬਹੁਤ ਦਿਲਚਸਪ ਹੈ।



ਸੋਨੇ ਦਾ ਇਹ ਜਹਾਜ਼, ਜੋ ਕਿ ਭਾਫ਼ ਵਾਲਾ ਜਹਾਜ਼ ਸੀ, 12 ਸਤੰਬਰ 1857 ਨੂੰ ਪਨਾਮਾ ਤੋਂ ਨਿਊਯਾਰਕ ਸਿਟੀ ਜਾ ਰਿਹਾ ਸੀ। ਇਸ ਜਹਾਜ਼ ਨੂੰ ਐਸ ਐਸ ਅਮਰੀਕਾ ਜਾਂ ਐਸਐਸ ਮੱਧ ਅਮਰੀਕਾ ਵਜੋਂ ਜਾਣਿਆ ਜਾਂਦਾ ਸੀ। ਇਹ ਜਹਾਜ਼ ਤੂਫਾਨ ਕਾਰਨ ਰਸਤੇ ਵਿੱਚ ਡੁੱਬ ਗਿਆ। ਜ਼ਿਆਦਾਤਰ ਯਾਤਰੀ ਦੂਜੇ ਜਹਾਜ਼ 'ਤੇ ਸਫ਼ਰ ਕਰਨ ਅਤੇ ਸੈਨ ਫਰਾਂਸਿਸਕੋ ਤੋਂ ਰੇਲਗੱਡੀ ਲੈਣ ਤੋਂ ਬਾਅਦ ਇਸ ਜਹਾਜ਼ 'ਤੇ ਸਵਾਰ ਹੋਏ। ਇਹ ਯਾਤਰੀ ਮੱਧ ਅਮਰੀਕਾ ਤੋਂ ਜਹਾਜ਼ ਵਿੱਚ ਸਵਾਰ ਹੋਏ ਸਨ। ਤੂਫਾਨ 'ਚ ਡੁੱਬੇ ਇਸ ਜਹਾਜ਼ 'ਚ ਕਰੀਬ 425 ਲੋਕਾਂ ਦੀ ਜਾਨ ਚਲੀ ਗਈ ਸੀ। ਜਦਕਿ 153 ਲੋਕਾਂ ਨੂੰ ਬਚਾਇਆ ਗਿਆ। ਇਸ ਜਹਾਜ਼ ਦਾ ਖ਼ਜ਼ਾਨਾ ਅਟਲਾਂਟਿਕ ਮਹਾਸਾਗਰ ਦੀ ਸਤ੍ਹਾ ਤੋਂ 7200 ਫੁੱਟ ਹੇਠਾਂ ਇੱਕ ਠੰਡੇ, ਆਕਸੀਜਨ-ਮੁਕਤ ਸਥਾਨ ਵਿੱਚ ਸੁਰੱਖਿਅਤ ਸੀ।

ਅਰਬਾਂ ਡਾਲਰ ਦਾ ਸੋਨਾ

ਉਸ ਸਮੇਂ ਲੋਕ ਐੱਸ. ਸੈਂਟਰਲ ਅਮਰੀਕਾ ਨੂੰ ਸੋਨੇ ਦਾ ਜਹਾਜ਼ ਕਹਿੰਦੇ ਸਨ। ਇਹ ਅਸਲ ਵਿੱਚ ਇੱਕ 280-ਫੁੱਟ ਲੰਬਾ ਸਾਈਡਵ੍ਹੀਲ ਸਟੀਮਰ ਸੀ ਜੋ 1850 ਦੇ ਦਹਾਕੇ ਦੌਰਾਨ ਮੱਧ ਅਮਰੀਕਾ ਅਤੇ ਯੂਐਸ ਈਸਟ ਕੋਸਟ ਦੇ ਵਿਚਕਾਰ ਚਲਦਾ ਸੀ। ਇਸ ਜਹਾਜ਼ ਦਾ ਮੂਲ ਨਾਂ ਜਾਰਜ ਲਾਅ ਸੀ, ਜਿਸ ਦਾ ਨਾਂ ਨਿਊਯਾਰਕ ਦੇ ਜਾਰਜ ਲਾਅ ਦੇ ਨਾਂ 'ਤੇ ਰੱਖਿਆ ਗਿਆ ਸੀ। ਜਿਸ ਸਮੇਂ ਜਹਾਜ਼ ਡੁੱਬਿਆ, ਜਹਾਜ਼ ਵਿੱਚ ਸਵਾਰ ਸੋਨੇ ਦੀ ਕੀਮਤ ਲਗਭਗ 2,000,000 ਡਾਲਰ ਸੀ। ਅੱਜ, ਇਹ ਲਗਭਗ 300,000,000 ਡਾਲਰ ਦੇ ਬਰਾਬਰ ਹੈ। ਜਦੋਂ ਇਸ ਜਹਾਜ਼ ਦੀ ਤਲਾਸ਼ੀ ਲਈ ਗਈ ਤਾਂ ਉਸ ਸਮੇਂ 7000 ਤੋਂ ਵੱਧ ਸੋਨੇ ਦੇ ਸਿੱਕੇ ਬਰਾਮਦ ਹੋਏ।

ਉਸ ਯੁੱਗ ਦੀ ਝਲਕ

ਪਾਣੀ ਦੇ ਹੇਠਾਂ ਰਿਕਵਰੀ ਮਿਸ਼ਨ ਰਾਹੀਂ ਖ਼ਜ਼ਾਨੇ ਦਾ ਪਤਾ ਲਗਾਇਆ ਗਿਆ ਸੀ। ਮਿਸ਼ਨ ਦੇ ਪ੍ਰਮੁੱਖ ਵਿਗਿਆਨੀ, ਬੌਬ ਇਵਾਨਸ ਨੇ ਕਿਹਾ ਕਿ ਵਸਤੂਆਂ ਸਾਧਾਰਨ ਲੱਗ ਸਕਦੀਆਂ ਹਨ, ਪਰ ਉਹ ਉਸ ਯੁੱਗ ਦੀ ਝਲਕ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜਹਾਜ਼ ਦੀ ਖੋਜ ਸੋਨੇ ਦੇ ਖੇਤਰ ਦੇ ਕਰਮਚਾਰੀਆਂ ਅਤੇ ਸੈਨ ਫਰਾਂਸਿਸਕੋ (ਬਾਕੀ ਸਫ਼ਾ 31 'ਤੇ)

# ਮੈਕਸੀਕੋ 'ਚ ਮਿਲਿਆ 1000 ਸਾਲ ਪੁਰਾਣਾ ਰਹੱਸਮਈ ਸ਼ਹਿਰ





ਦੁਨੀਆਂ ਦੇ ਕਈ ਰਾਜ਼ ਇਤਿਹਾਸ ਦੇ ਪੰਨਿਆਂ 'ਚ ਦੱਬੇ ਪਏ ਹਨ। ਜਦੋਂ ਕੋਈ ਦਸਤਾਵੇਜ਼ ਜਾਂ ਕੋਈ ਪੁਰਾਣੀ ਵਸਤੂ ਮਿਲਦੀ ਹੈ ਤਾਂ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਰਾਜ਼ ਸਾਹਮਣੇ ਆ ਜਾਂਦੇ ਹਨ। ਇਸ ਵਾਰ ਮੈਕਸੀਕੋ 'ਚ ਕੋਈ ਦਸਤਾਵੇਜ਼ ਜਾਂ ਕੋਈ ਵਸਤੂ ਨਹੀਂ ਸਗੋਂ ਇੱਕ ਹਜ਼ਾਰ ਸਾਲ ਪੁਰਾਣਾ ਪੂਰਾ ਸ਼ਹਿਰ ਮਿਲਿਆ ਹੈ। ਇਹ ਰਹੱਸਮਈ ਸ਼ਹਿਰ ਅਮਰੀਕਾ ਦੀ ਪ੍ਰਾਚੀਨ ਮਾਇਆ ਸੱਭਿਅਤਾ ਨਾਲ ਸਬੰਧਿਤ ਹੈ। ਇਸ ਰਹੱਸਮਈ ਸ਼ਹਿਰ ਦੇ ਮਿਲਣ ਨਾਲ ਇਤਿਹਾਸ ਦੇ ਕਈ ਰਾਜ਼ ਖੁੱਲ੍ਹਣਗੇ।

ਮੈਕਸੀਕੋ ਇੱਕ ਲਾਤੀਨੀ ਅਮਰੀਕੀ ਦੇਸ਼ ਹੈ। ਇਹ ਦੇਸ਼ ਵੀ ਪ੍ਰਾਚੀਨ ਮਾਇਆ ਸੱਭਿਅਤਾ ਦਾ ਹਿੱਸਾ ਰਿਹਾ ਹੈ। ਇਹ ਦੇਸ਼ ਮਾਇਆ ਸੱਭਿਅਤਾ ਨੂੰ ਲੈ ਕੇ ਹਮੇਸ਼ਾ ਚਰਚਾ ਵਿੱਚ ਰਿਹਾ ਹੈ। ਇਸ ਕੜੀ 'ਚ ਹੁਣ ਮੈਕਸੀਕੋ ਵਿੱਚ ਇੱਕ ਹਜ਼ਾਰ ਸਾਲ ਪੁਰਾਣਾ ਰਹੱਸਮਈ ਸ਼ਹਿਰ ਮਿਲਿਆ ਹੈ। ਇਹ ਸ਼ਹਿਰ ਮੈਕਸੀਕੋ ਦੇ ਯੂਕਾਟਨ ਪ੍ਰਾਇਦੀਪ ਵਿੱਚ ਹੈ, ਜੋ ਕਿ ਜੰਗਲਾਂ ਕਾਰਨ ਲੁਕਿਆ ਹੋਇਆ ਸੀ। ਵਿਗਿਆਨੀਆਂ ਦਾ ਮੰਨਣਾ ਹੈ ਕਿ 1000 ਸਾਲ ਪਹਿਲਾਂ ਮਾਇਆ ਸੱਭਿਅਤਾ ਦੇ ਲੋਕਾਂ ਨੇ ਇਸ ਖੇਤਰ ਨੂੰ ਖਾਲੀ ਛੱਡ ਦਿੱਤਾ ਸੀ। ਇਸ ਸ਼ਹਿਰ ਦੀ ਖੋਜ ਹਿਊਸਟਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇਸ ਸਾਲ ਮਾਰਚ ਮਹੀਨੇ ਇਕ ਹਵਾਈ ਸਰਵੇਖਣ ਦੌਰਾਨ ਕੀਤੀ ਹੈ। ਖੋਜ ਦੀ ਅਗਵਾਈ ਕਰਨ ਵਾਲੇ ਪ੍ਰੋਫੈਸਰ ਜੁਆਨ ਕਾਰਲੋਸ ਨੇ ਇਸ ਪੁਰਾਤੱਤਵ ਸਰਵੇਖਣ ਦੌਰਾਨ ਸੰਘਣੇ ਜੰਗਲਾਂ ਅਤੇ ਘਾਹ ਦੇ ਹੇਠਾਂ ਲੁਕੀਆਂ ਜਾਂ ਦੱਬੀਆਂ ਬਣਤਰਾਂ ਦਾ ਪਤਾ ਲਗਾਉਣ ਲਈ ਤਕਨੀਕ ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਪੁਰਾਤੱਤਵ ਵਿਗਿਆਨੀਆਂ ਨੇ ਮਈ-ਜੂਨ ਦੇ ਮਹੀਨਿਆਂ ਵਿੱਚ ਇਸ ਖੇਤਰ ਦਾ ਸਰਵੇਖਣ ਕੀਤਾ ਅਤੇ ਸਾਈਟ ਦਾ ਨਾਂ ਓਕੋਮਟੂਨ ਰੱਖਿਆ। ਉਨ੍ਹਾਂ ਨੂੰ 50 ਫੁੱਟ ਉੱਚਾ ਪਿਰਾਮਿਡ ਵਰਗਾ ਢਾਂਚਾ ਵੀ ਮਿਲਿਆ ਹੈ। ਇਸ ਤੋਂ ਇਲਾਵਾ ਪੁਰਾਤੱਤਵ-ਵਿਗਿਆਨਕ ਮਹੱਤਵ ਵਾਲੀਆਂ ਕਈ ਚੀਜ਼ਾਂ ਮਿਲੀਆਂ ਹਨ। ਵਿਗਿਆਨੀਆਂ ਨੂੰ ਜੋ ਅਵਸ਼ੇਸ਼ ਮਿਲੇ ਹਨ, ਉਹ 600 ਤੋਂ 900 ਈਸਵੀ ਦੇ ਵਿਚਕਾਰ ਦੇ ਹਨ। ਇਹ ਸਮਾਂ ਮਹਾਨ ਮਾਇਆ ਸੱਭਿਅਤਾ ਦਾ ਮੰਨਿਆ ਜਾਂਦਾ ਹੈ। ਪ੍ਰੋਫੈਸਰ ਕਾਰਲੋਸ ਨੇ ਕਿਹਾ, ਜਦੋਂ ਅਸੀਂ ਸਰਵੇਖਣ ਦੀਆਂ ਤਸਵੀਰਾਂ ਦੇਖੀਆਂ ਤਾਂ ਅਸੀਂ ਦੇਖ ਸਕਦੇ ਸੀ ਕਿ ਇੱਥੇ ਕੁਝ ਬਹੁਤ ਹੀ ਸ਼ਾਨਦਾਰ ਟੈਕਨੌਲੋਜੀ ਨੇ ਇਨ੍ਹਾਂ ਢਾਂਚਿਆਂ ਦੀ ਸਹੀ ਸਥਿਤੀ ਦਾ ਖੁਲਾਸਾ ਕੀਤਾ। ਇਸ ਤੋਂ ਬਾਅਦ ਵਿਗਿਆਨੀਆਂ ਨੂੰ ਉਨ੍ਹਾਂ ਥਾਂਵਾਂ ਤੱਕ ਪਹੁੰਚਣ ਲਈ ਕਾਫ਼ੀ ਜੱਦੋ-ਜਹਿਦ ਕਰਨੀ ਪਈ। ਵਿਗਿਆਨੀਆਂ ਨੂੰ ਰਸਤੇ ਵਿੱਚ ਆਉਣ ਵਾਲੇ ਦਰਖਤਾਂ ਨੂੰ ਕੱਟਣਾ ਪਿਆ, ਘਾਹ ਹਟਾਉਣਾ ਪਿਆ ਤੇ ਇਸ ਤੋਂ ਬਾਅਦ ਉਨ੍ਹਾਂ ਨੇ ਮਾਇਆ ਸੱਭਿਅਤਾ ਦੇ ਇਸ ਸ਼ਹਿਰ ਨੂੰ ਦੇਖਿਆ। ਖੋਜਕਰਤਾਵਾਂ ਨੇ ਕਿਹਾ ਕਿ ਅਸੀਂ ਜੰਗਲ ਦੇ ਅੰਦਰ ਵੱਡੀਆਂ ਇਮਾਰਤਾਂ ਦੇਖੀਆਂ। ਮਾਇਆ ਸੱਭਿਅਤਾ ਆਪਣੇ ਪਿਰਾਮਿਡ ਮੰਦਰਾਂ ਅਤੇ ਪੱਥਰ ਦੀਆਂ ਬਣਤਰਾਂ ਲਈ ਜਾਣੀ ਜਾਂਦੀ ਹੈ। ਇਹ ਸੱਭਿਅਤਾ ਦੱਖਣੀ ਮੈਕਸੀਕੋ, ਗੁਆਟੇਮਾਲਾ, ਬੇਲੀਜ਼, ਹੋਂਡੁਰਾਸ ਅਤੇ ਅਲ ਸਲਵਾਡੋਰ ਤੱਕ ਫੈਲੀ ਹੋਈ ਸੀ।

# ਇਨਸਾਨਾਂ ਅਤੇ ਜਾਨਵਰਾਂ 'ਚ ਹੈ ਇੱਕ ਖ਼ੂਬਸੂਰਤ ਰਿਸ਼ਤਾ

ਜਾਪਾਨ ਦੇ ਨਾਰਾ ਸ਼ਹਿਰ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਨੂੰ ਲੋਕ ਇਨਸਾਨਾਂ ਅਤੇ ਜਾਨਵਰਾਂ ਦੇ ਵਿੱਚ ਇੱਕ ਖ਼ੂਬਸੂਰਤ ਰਿਸ਼ਤਾ ਦੱਸ ਰਹੇ ਹਨ। ਨਾਰਾ ਸ਼ਹਿਰ (ਨਾਰਾ ਸਿਟੀ ਵਾਇਰਲ ਵੀਡੀਓ) ਦੀ ਇਸ ਵਾਇਰਲ ਵੀਡੀਓ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਕਿਵੇਂ ਮਨੁੱਖ ਅਤੇ ਜਾਨਵਰ ਦੋਵੇਂ ਇੱਕੋ ਥਾਂ 'ਤੇ ਇਕੱਠੇ ਰਹਿ ਸਕਦੇ ਹਨ ਅਤੇ ਇੱਕ ਦੂਜੇ ਨੂੰ ਨੁਕਸਾਨ ਪਹੁੰਚਾਏ ਬਿਨਾਂ ਕਿਵੇਂ ਰਹਿ ਸਕਦੇ ਹਨ। ਦਰਅਸਲ ਜਦੋਂ ਸ਼ਹਿਰ 'ਚ ਬਾਰਿਸ਼ ਹੁੰਦੀ ਹੈ ਤਾਂ ਕਈ ਲੋਕ ਮੀਂਹ ਤੋਂ ਬਚਣ ਲਈ ਸਟੇਸ਼ਨ 'ਤੇ ਰੁਕ ਜਾਂਦੇ ਹਨ। ਇਸ ਦੌਰਾਨ ਵੱਡੀ ਗਿਣਤੀ ਵਿੱਚ ਹਿਰਨ ਵੀ ਮੀਂਹ ਤੋਂ ਬਚਣ ਲਈ ਉਥੇ ਆ ਜਾਂਦੇ ਹਨ। ਸਭ ਤੋਂ ਖਾਸ ਗੱਲ ਇਹ ਹੈ ਕਿ ਉੱਥੇ ਮੌਜੂਦ ਲੋਕਾਂ ਨੇ ਜਾਨਵਰਾਂ ਨੂੰ ਬਿਲਕੁਲ ਵੀ ਪਰੇਸ਼ਾਨ ਨਹੀਂ ਕੀਤਾ। ਹਾਲਾਂਕਿ ਕੁਝ ਲੋਕਾਂ ਨੂੰ ਤਸਵੀਰਾਂ ਖਿੱਚਦੇ ਅਤੇ ਵੀਡੀਓ ਬਣਾਉਂਦੇ ਹੋਏ ਜ਼ਰੂਰ ਦੇਖਿਆ ਗਿਆ ਹੈ। ਹਿਰਨ ਵੀ ਸ਼ੀਸ਼ੇ ਦੀ ਕੰਧ ਦੇ ਬਾਹਰੋਂ ਮੀਂਹ ਦਾ ਆਨੰਦ ਲੈਂਦੇ ਦਿਖਾਈ ਦੇ ਰਹੇ ਹਨ। ਉਥੇ ਮੌਜੂਦ ਲੋਕ ਵੀ ਕੁਦਰਤ ਦੀ ਤਾਰੀਫ ਕਰ ਰਹੇ ਹਨ। ਸੋਸ਼ਲ ਮੀਡੀਆ 'ਤੇ ਯੂਜ਼ਰਸ ਜਾਪਾਨੀ ਨਾਗਰਿਕਾਂ ਦੀ ਤਾਰੀਫ ਕਰਦੇ ਹੋਏ ਕਹਿ ਰਹੇ ਹਨ ਕਿ ਜਾਨਵਰਾਂ ਨਾਲ ਉਨ੍ਹਾਂ ਦਾ ਵਿਵਹਾਰ ਬਹੁਤ ਵਧੀਆ ਹੈ। ਕੁਝ ਲੋਕ



ਇਸ ਨੂੰ ਕੁਦਰਤ ਦੇ ਬਿਹਤਰ ਤਾਲਮੇਲ ਦੀ ਮਿਸਾਲ ਦੱਸ ਰਹੇ ਹਨ। ਜਾਪਾਨ ਵਿੱਚ ਜੰਗਲੀ ਜੀਵਾਂ ਦੇ ਲਿਹਾਜ਼ ਨਾਲ ਨਾਰਾ ਸ਼ਹਿਰ ਬਹੁਤ ਖਾਸ ਸ਼ਹਿਰ ਹੈ। ਇੱਥੇ ਵੱਡੀ ਗਿਣਤੀ ਵਿੱਚ ਦੁਰਲੱਭ ਪ੍ਰਜਾਤੀਆਂ ਦੇ ਹਿਰਨ ਪਾਏ ਜਾਂਦੇ ਹਨ। ਇਸ ਸਮੂਹ ਦੇ ਹਿਰਨ ਅਤੇ ਹੋਰ ਜਾਨਵਰਾਂ ਦੀ ਸੁਰੱਖਿਆ ਲਈ ਵੀ ਪ੍ਰਸ਼ਾਸਨ ਵੱਲੋਂ ਸ਼ਹਿਰ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਖੇਤਰ ਵਿੱਚ ਜਾਨਵਰਾਂ ਦੇ ਸ਼ਿਕਾਰ ਦੀ ਮਨਾਹੀ ਹੈ ਅਤੇ ਜੰਗਲੀ ਜੀਵਾਂ ਦੀਆਂ ਇਨ੍ਹਾਂ ਦੁਰਲੱਭ ਪ੍ਰਜਾਤੀਆਂ ਦੀ ਸੁਰੱਖਿਆ ਲਈ ਪਾਰਕ ਅਤੇ ਸੈਂਚੂਰੀ ਬਣਾਏ ਗਏ ਹਨ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਸ਼ਹਿਰੀ ਆਵਾਜਾਈ ਪਸ਼ੂਆਂ ਦੇ ਏਰੀਏ ਤੱਕ ਨਾ ਪਹੁੰਚੇ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035








# ਮਾਂ ਨੀ ਮਾਂ ਮੂੰਹ ਕਿੱਲਾਂ ਉੱਗੀਆਂ..

## ਬਰਸਾਤ ਦੇ ਮੌਸਮ 'ਚ ਚਿਹਰੇ ਦੇ ਮੁਹਾਸਿਆਂ ਤੋਂ ਪਾਓ ਛੁਟਕਾਰਾ

ਬਰਸਾਤ ਦੇ ਮੌਸਮ 'ਚ ਚਮੜੀ ਦਾ ਜ਼ਿਆਦਾ ਧਿਆਨ ਰੱਖਣਾ ਪੈਂਦਾ ਹੈ। ਇਸ ਮੌਸਮ 'ਚ ਵਾਤਾਵਰਨ 'ਚ ਨਮੀ ਅਤੇ ਬੈਕਟੀਰੀਆ ਜ਼ਿਆਦਾ ਹੁੰਦੇ ਹਨ, ਜਿਸ ਕਾਰਨ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਵਧਣ ਲੱਗਦੀਆਂ ਹਨ। ਮਾਨਸੂਨ 'ਚ ਚਮੜੀ ਤੇਲਯੁਕਤ ਅਤੇ ਚਿਪਚਿਪੀ ਹੋ ਜਾਂਦੀ ਹੈ ਜਿਸ ਨਾਲ ਚਿਹਰੇ 'ਤੇ ਮੁਹਾਸੇ, ਬਲੈਕਹੈੱਡਸ ਅਤੇ ਵ੍ਹਾਈਟਹੈੱਡਸ ਵਰਗੀਆਂ ਸਮੱਸਿਆਵਾਂ ਹੋ ਜਾਂਦੀਆਂ ਹਨ।

ਅਸੀਂ ਅਕਸਰ ਆਪਣੀ ਚਮੜੀ ਦੀ ਦੇਖਭਾਲ ਦੇ ਰੁਟੀਨ ਵਿੱਚ ਟੋਨਿੰਗ ਛੱਡ ਦਿੰਦੇ ਹਾਂ। ਪਰ ਸਿਹਤਮੰਦ ਚਮੜੀ ਲਈ ਟੋਨਿੰਗ ਬਹੁਤ ਜ਼ਰੂਰੀ ਹੈ। ਮਾਨਸੂਨ 'ਚ ਚਿਹਰੇ ਨੂੰ ਸਾਫ ਕਰਨ ਤੋਂ ਬਾਅਦ ਟੋਨਰ ਦੀ ਵਰਤੋਂ ਜ਼ਰੂਰ ਕਰੋ। ਇਸ ਨਾਲ ਚਮੜੀ 'ਤੇ ਜਮ੍ਹਾ ਗੰਦਗੀ ਅਤੇ ਮੇਕਅੱਪ ਨੂੰ ਦੂਰ ਕਰਨ 'ਚ ਮਦਦ ਮਿਲਦੀ ਹੈ। ਜੇਕਰ ਤੁਸੀਂ ਬਾਜ਼ਾਰ ਤੋਂ ਟੋਨਰ ਨਹੀਂ ਖਰੀਦਣਾ ਚਾਹੁੰਦੇ ਹੋ ਤਾਂ ਘਰ 'ਚ ਗੁਲਾਬ ਜਲ ਜਾਂ ਖੀਰੇ ਦੀ ਵਰਤੋਂ ਟੋਨਰ ਦੇ ਤੌਰ 'ਤੇ ਕਰ ਸਕਦੇ ਹੋ।

ਬਰਸਾਤ ਦੇ ਮੌਸਮ ਵਿੱਚ ਹਵਾ 'ਚ ਨਮੀ ਅਤੇ ਬੈਕਟੀਰੀਆ ਜ਼ਿਆਦਾ ਹੁੰਦੇ ਹਨ, ਜਿਸ ਕਾਰਨ ਚਮੜੀ ਦੇ ਰੋਮ 'ਚ ਗੰਦਗੀ ਜਮ੍ਹਾ ਹੋ ਜਾਂਦੀ ਹੈ। ਬਰਸਾਤ ਦੇ ਮੌਸਮ ਵਿੱਚ ਮੁਹਾਸੇ ਦੀ ਸਮੱਸਿਆ ਤੋਂ ਬਚਣ ਲਈ ਆਪਣੇ ਚਿਹਰੇ ਨੂੰ ਕਿਸੇ ਚੰਗੇ ਹਲਕੇ ਫੇਸ ਵਾਸ਼ ਨਾਲ ਧੋਵੋ।

ਕੁਝ ਲੋਕਾਂ ਨੂੰ ਲੱਗਦਾ ਹੈ ਕਿ ਬਰਸਾਤ ਦੇ ਮੌਸਮ 'ਚ ਉਨ੍ਹਾਂ ਦੀ ਚਮੜੀ ਤੇਲ ਵਾਲੀ ਹੋ ਜਾਂਦੀ ਹੈ, ਇਸ ਲਈ ਉਨ੍ਹਾਂ ਨੂੰ ਮਾਇਸਚਰਾਈਜ਼ਰ ਦੀ ਜ਼ਰੂਰਤ ਨਹੀਂ ਹੁੰਦੀ ਪਰ ਅਜਿਹਾ ਸੋਚਣਾ ਗਲਤ ਹੈ। ਮੌਸਮ ਭਾਵੇਂ ਕੋਈ ਵੀ ਹੋਵੇ, ਤੁਹਾਡੀ ਚਮੜੀ ਨੂੰ ਨਮੀ ਦੀ ਲੋੜ ਹੁੰਦੀ ਹੈ। ਇਸ ਨਾਲ ਤੁਹਾਡੀ ਚਮੜੀ ਦੀ ਨਮੀ ਬਰਕਰਾਰ ਰਹਿੰਦੀ ਹੈ। ਬਰਸਾਤ ਦੇ ਮੌਸਮ ਵਿੱਚ ਜੈੱਲ ਬੇਸਡ ਮਾਇਸਚਰਾਈਜ਼ਰ ਦੀ ਵਰਤੋਂ ਕਰੋ। ਮੁਹਾਸੇ ਦੀ ਸਮੱਸਿਆ ਨੂੰ ਦੂਰ ਕਰਨ ਲਈ ਵੀ ਨਿੰਮ ਨੂੰ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਨਿੰਮ ਵਿੱਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ ਜੋ ਮੁਹਾਸੇ ਨੂੰ ਘੱਟ ਕਰਨ ਵਿੱਚ ਮਦਦ ਕਰਦੇ ਹਨ। ਤੁਸੀਂ ਚਾਹੋ ਤਾਂ ਨਿੰਮ ਦੀਆਂ ਪੱਤੀਆਂ ਨੂੰ ਪੀਸ ਕੇ ਇਸ ਦਾ ਪੇਸਟ ਚਿਹਰੇ 'ਤੇ ਲਗਾ ਸਕਦੇ ਹੋ ਜਾਂ ਫਿਰ ਤੁਸੀਂ ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਕੇ ਆਪਣਾ ਚਿਹਰਾ ਸਾਫ਼ ਕਰ ਸਕਦੇ ਹੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਾਣੀ ਪੀਣਾ ਸਾਡੀ ਸਿਹਤ ਅਤੇ ਚਮੜੀ ਲਈ ਕਿੰਨਾ ਫਾਇਦੇਮੰਦ ਹੈ। ਪਾਣੀ ਪੀਣ ਨਾਲ ਸਰੀਰ 'ਚੋਂ ਜ਼ਹਿਰੀਲੇ ਤੱਤ ਬਾਹਰ ਨਿਕਲ ਜਾਂਦੇ ਹਨ। ਇਸ ਨਾਲ ਚਿਹਰੇ 'ਤੇ ਮੁਹਾਸੇ ਅਤੇ ਬਲੈਕ ਹੈੱਡਸ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ। ਦਿਨ ਵਿੱਚ ਘੱਟ ਤੋਂ ਘੱਟ 7-8 ਗਲਾਸ ਪਾਣੀ ਪੀਓ। ਇਸ ਤੋਂ ਇਲਾਵਾ ਤੁਸੀਂ ਨਾਰੀਅਲ ਪਾਣੀ, ਜੂਸ ਆਦਿ ਦਾ ਸੇਵਨ ਕਰ ਸਕਦੇ ਹੋ।

# ਬੰਦ ਹੋਣੀ ਚਾਹੀਦੀ ਹੈ ਖ਼ੂਬਸੂਰਤੀ ਦੀ ਪਰਖ



ਸੋਹਣੀ, ਖ਼ੂਬਸੂਰਤ ਦਿਖਣ ਵਾਲੀ ਹਰ ਸ਼ੈਅ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਨਿਰਜੀਵ ਹੋਵੇ ਜਾਂ ਸੰਜੀਵ ਖ਼ੂਬਸੂਰਤ ਚੀਜ਼ਾਂ ਦੀ ਚੋਣ ਮਨੁੱਖ ਦੀ ਪਹਿਲ ਰਹੀ ਹੈ। ਕੱਪੜੇ, ਮਕਾਨ, ਕਾਰਾਂ, ਇਨਸਾਨ ਹਰ ਇੱਕ ਵਿੱਚ ਮਨੁੱਖ ਸੁਹੱਪਣ ਲੋਚਦਾ ਹੈ।

ਵਸਤੂਆਂ ਨੂੰ ਇੱਕ ਪਾਸੇ ਰੱਖ ਜੇਕਰ ਇਨਸਾਨਾਂ ਦੀ ਗੱਲ ਕਰੀਏ ਤਾਂ ਸੋਹਣੇ ਇਨਸਾਨਾਂ ਦੀ ਸਾਡੇ ਸਮਾਜ ਵਿੱਚ ਪਰਿਭਾਸ਼ਾ ਬਹੁਤ ਸੌੜੀ ਅਤੇ ਤੰਗਦਿਲੀ ਵਾਲੀ ਹੈ। ਇਸੇ ਸੋਚ ਦੇ ਚੱਲਦਿਆਂ ਅਨੇਕਾਂ ਮਨੁੱਖ ਵਿਤਕਰੇ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੁੰਦੇ ਹਨ। ਇਹ ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਅਸੀਂ ਸਰੀਰਕ ਪੱਖੋਂ, ਰੰਗ ਰੂਪ ਪੱਖੋਂ ਗੋਰੇ ਚਿੱਟੇ, ਤਿੱਖੇ ਨੈਣ ਨਕਸ਼ਾਂ ਵਾਲੇ ਤੇ ਉੱਚੇ ਲੰਮੇ ਇਨਸਾਨ ਨੂੰ ਸੋਹਣਾ ਮੰਨਦੇ ਹਾਂ। ਮਨੁੱਖ ਨੂੰ ਉਸਦੇ ਗੁਣਾਂ ਕਰਕੇ ਘੱਟ ਉਸਦੀ ਬਾਹਰੀ ਸੁੰਦਰਤਾ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਸਮਾਜ ਵਿੱਚ ਵਿਚਰਦਿਆਂ ਅਨੇਕਾਂ ਹੀ ਲੋਕ ਦੂਸਰੇ ਲੋਕਾਂ ਦੀ ਸੁੰਦਰਤਾ ਦੀ ਪਾਰਖੂ ਅੱਖ ਦਾ ਸਾਮ੍ਹਣਾ ਕਰਦੇ ਹਨ। ਇਸੇ ਦੇ ਚੱਲਦਿਆਂ ਕੁਝ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਅਤੇ ਕੁਝ ਲਈ ਲੋਕ ਉਹਨਾਂ ਦੀ ਸ਼ਖਸੀਅਤ ਤੋਂ ਵਧੇਰੇ ਕਿਆਸ ਅਰਾਈਆਂ ਲਕਾਉਣ ਲੱਗ ਜਾਂਦੇ ਹਨ।

ਸਕੂਲ ਵਿੱਚ ਪੜ੍ਹਦੇ ਬੱਚਿਆਂ, ਨੌਜਵਾਨਾਂ ਵਿੱਚ ਇਸ ਪਰਖ ਦੇ ਬਹੁਤ ਬੁਰੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਜੇਕਰ ਸਕੂਲ, ਕਾਲਜ ਵਿੱਚ ਬੱਚੇ ਦੀ ਪ੍ਰਤਿਭਾ ਨੂੰ ਨਜ਼ਰਅੰਦਾਜ਼ ਕਰ ਕਿਸੇ ਦੂਸਰੇ ਬੱਚੇ ਦੀ ਬਾਹਰੀ ਸੁੰਦਰਤਾ ਨੂੰ ਜਿਆਦਾ ਸਰਾਹਿਆ ਜਾਂਦਾ ਹੈ ਤਾਂ ਬੱਚੇ ਵਿੱਚ ਆਤਮ ਵਿਸ਼ਵਾਸ ਦੀ ਘਾਟ ਆ ਜਾਂਦੀ ਹੈ। ਬਾਹਰੀ ਕਰੂਪਤਾ ਜਾਂ ਸਰੀਰਕ ਕਮੀ ਜਿਵੇਂ ਕਿ ਕੱਦ ਦਾ ਜਿਆਦਾ ਛੋਟਾ ਹੋਣਾ, ਭਾਰ ਦਾ ਜਿਆਦਾ ਵੱਧ ਹੋਣਾ, ਸਾਂਵਲਾ ਰੰਗ ਹੋਣਾ ਇਹ ਸਭ ਕੁਦਰਤੀ ਚੀਜ਼ਾਂ ਹਨ, ਜੇਕਰ ਇਹਨਾਂ ਵਿਚੋਂ ਕਿਸੇ ਵੀ ਕਰਕੇ ਬੱਚਿਆਂ ਨਾਲ ਵਿਤਕਰਾ ਹੁੰਦਾ ਹੈ ਜਾਂ ਉਹਨਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ ਤਾਂ ਇਸਦੇ ਨਤੀਜੇ ਵੱਜੋਂ ਬਹੁਤ ਬੱਚੇ ਆਪਣੇ ਆਪ ਤੋਂ ਨਫ਼ਰਤ ਕਰਨ ਲੱਗਦੇ ਹਨ। ਉਹ ਕਿਸੇ ਸਾਹਮਣੇ ਗੱਲ ਕਰਨ ਤੋਂ ਝਿਜਕਣ ਲੱਗਦੇ ਹਨ। ਅਜਿਹੇ ਵਿੱਚ ਬੱਚੇ ਮਨੋਰੋਗ, ਚਿੰਤਾ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਇਸਤੋਂ ਇਲਾਵਾ ਸੁੰਦਰਤਾ ਦੀ ਇਸ ਪਰਖ ਦਾ ਸਭ ਤੋਂ ਘਟੀਆ ਰੂਪ ਕਿਸੇ ਨੌਜਵਾਨ ਲੜਕੀ ਦਾ ਰਿਸ਼ਤਾ ਤੈਅ ਕਰਨ ਸਮੇਂ ਦੇਖਣ ਨੂੰ ਮਿਲਦਾ ਹੈ, ਜਦੋਂ ਲੜਕੇ ਦੇ ਪਰਿਵਾਰਿਕ ਮੈਂਬਰਾਂ ਦੀ ਟੀਮ ਕਿਸੇ ਦੀ ਨੌਜਵਾਨ ਧੀ ਦੀ ਸੁੰਦਰਤਾ ਦੀ ਪਰਖ ਆਪਣੀ ਸੋਚ ਅਤੇ ਮਿਥੇ ਹੋਏ ਪੈਮਾਨਿਆਂ ਦੇ ਆਧਾਰ 'ਤੇ ਕਰਦੀ ਹੈ। ਇਸ ਰਸਮ ਦੇ ਚੱਲਦਿਆਂ ਪਤਾ ਨਹੀਂ ਕਿੰਨੀਆਂ ਕੁ ਲਿਆਕਤ ਭਰਪੂਰ, ਸੁਹਜ ਤੇ ਸਿਆਣੀਆਂ ਲੜਕੀਆਂ ਨੂੰ ਲੋਕ ਇਹ ਕਹਿ ਠੁਕਰਾ ਜਾਂਦੇ ਹਨ ਕਿ ਲੜਕੀ ਦਾ ਰੰਗ ਸਾਂਵਲਾ ਹੈ ਜਾਂ ਕੱਦ ਛੋਟਾ ਹੈ ਜਾਂ ਲੜਕੀ ਖ਼ੂਬਸੂਰਤ ਨਹੀਂ ਹੈ। ਅਜਿਹੇ ਵਿੱਚ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਭਾਵਨਾਤਮਕ ਤੌਰ ਤੇ ਜ਼ਖਮੀ ਹੁੰਦੀਆਂ ਹਨ। ਪੜ੍ਹੀਆਂ ਲਿਖੀਆਂ ਧੀਆਂ ਨੂੰ ਅਨਪੜ੍ਹ ਲੋਕਾਂ ਦੀ ਮੰਡਲੀ ਨਿੰਦ ਕੇ ਰਾਹੇ ਪੈਂਦੀ ਹੈ ਅਤੇ ਆਪਣੀਆਂ ਔਖੀਆਂ ਪੜ੍ਹਾਈਆ ਦੇ ਇਮਤਿਹਾਨਾਂ ਤੋਂ ਨਾ ਡਰਨ ਵਾਲੀਆਂ ਲੜਕੀਆਂ ਨੂੰ ਇਸ ਕੋਝੀ ਰਸਮ ਤੇ ਪਰਖ ਤੋਂ ਡਰ ਲੱਗਣ ਲੱਗਦਾ ਹੈ।

ਇਹ ਪਰਖ ਨੌਜਵਾਨ ਧੀਆਂ ਦੇ ਦਿਲ ਉੱਪਰ ਬਹੁਤ ਗਹਿਰੀ ਸੱਟ ਮਾਰ ਜਾਂਦੀ ਹੈ। ਉਹਨਾਂ ਨੂੰ ਆਪਣੀ ਕਾਬਲੀਅਤ

(ਬਾਕੀ ਸਫ਼ਾ 31'ਤੇ)

# ਜਦੋਂ 40 ਸਾਲ ਦੀ ਉਮਰ 'ਚ ਹੀ ਬੱਚੇ ਕਹਿਣ ਲੱਗ ਜਾਣ 'ਆਂਟੀ'...

## ਚਿਹਰੇ ਨੂੰ ਝੁਰੜੀਆਂ ਤੋਂ ਬਚਾਉਣ ਲਈ ਦਿਓ ਵਿਸ਼ੇਸ਼ ਧਿਆਨ



ਸਿਰਫ਼ 40 ਸਾਲ ਦੀ ਉਮਰ ਵਿੱਚ ਹੀ ਬੱਚੇ ਤੁਹਾਨੂੰ ਦਾਦੀ ਕਹਿਣ ਲੱਗ ਪਏ ਹਨ, ਤਾਂ ਇਸ ਲਈ ਚਿਹਰੇ ਦੀਆਂ ਝੁਰੜੀਆਂ ਨੂੰ ਦੂਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਇਸ ਉਮਰ ਵਿੱਚ ਮਹਿਲਾਵਾਂ ਨੂੰ ਚਮੜੀ ਦੀ ਦੇਖਭਾਲ ਕਰਨ ਵਿੱਚ ਕਦੇ ਵੀ ਦੇਰ ਨਹੀਂ ਕਰਨੀ ਚਾਹੀਦੀ। ਹਾਰਮੋਨਲ ਤਬਦੀਲੀਆਂ ਅਤੇ ਹੋਰ ਕਾਰਕ ਬੁਢਾਪੇ ਦੇ ਸੰਕੇਤਾਂ ਨੂੰ ਵਧੇਰੇ ਪ੍ਰਮੁੱਖ ਬਣਾਉਂਦੇ ਹਨ, ਪਰ ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਕਈ ਸਾਲਾਂ ਤੋਂ ਤੇਜ਼ ਧੁੱਪ, ਪ੍ਰਦੂਸ਼ਣ, ਡੀਹਾਈਡਰੇਸ਼ਨ ਅਤੇ ਇੱਕ ਗੈਰ-ਸਿਹਤਮੰਦ ਖੁਰਾਕ ਵੀ ਚਮੜੀ 'ਤੇ ਪ੍ਰਭਾਵ ਪਾਉਂਦੇ ਹਨ।

ਸਿਹਤ ਮਾਹਿਰ ਕਹਿੰਦੇ ਹਨ ਕਿ ਵਧਦੀ ਉਮਰ ਦੇ ਨਾਲ ਚਮੜੀ 'ਤੇ ਖੁਸ਼ਕੀ ਵਧ ਜਾਂਦੀ ਹੈ ਅਤੇ ਇਹ ਆਪਣੀ ਲਚਕਤਾ ਗੁਆਉਣ ਲੱਗਦੀ ਹੈ, ਇਸ ਲਈ ਇਸ ਨੂੰ ਵਾਧੂ ਦੇਖਭਾਲ ਦੀ ਲੋੜ ਹੁੰਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਗੂੜ੍ਹੇ ਰੰਗ ਦੀ ਚਮੜੀ ਵਿੱਚ ਮੇਲਾਨਿਨ ਦੀ ਉੱਚ ਪੱਧਰ ਹੁੰਦੀ ਹੈ, ਜਿਸ ਕਾਰਨ ਸੁਰੱਖਿਆ ਦੀ ਇੱਕ ਪਰਤ ਆਪਣੇ ਆਪ ਹੀ ਭਾਰਤੀ ਔਰਤਾਂ ਵਿੱਚ ਚਮੜੀ ਨੂੰ ਢੱਕ ਲੈਂਦੀ ਹੈ। ਪਰ ਫਿਰ ਵੀ ਉਨ੍ਹਾਂ ਨੂੰ ਚਮੜੀ ਨੂੰ ਹਾਈਡਰੇਟ ਕਰਨ, ਸਨਸਕ੍ਰੀਨ ਲਗਾਉਣ ਅਤੇ ਚਿਹਰੇ ਨੂੰ ਧੁੱਪ ਤੋਂ ਢੱਕਣ ਵਰਗੇ ਬੁਨਿਆਦੀ ਨਿਯਮਾਂ ਨੂੰ ਅਪਣਾਉਣਾ ਚਾਹੀਦਾ ਹੈ।

**ਬਹੁਤ ਸਾਰਾ ਪਾਣੀ ਪੀਓ ਅਤੇ ਕਸਰਤ ਕਰੋ**

ਚਮਕਦਾਰ ਚਮੜੀ ਦਾ ਰਾਜ਼ ਰੋਜ਼ਾਨਾ 8-12 ਗਲਾਸ ਪਾਣੀ ਹੈ, ਕਿਉਂਕਿ ਪਾਣੀ ਸਰੀਰ ਵਿੱਚੋਂ ਜ਼ਹਿਰੀਲੇ ਅਤੇ ਹੋਰ ਨੁਕਸਾਨਦੇਹ ਰਸਾਇਣਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ। ਇਸ ਉਮਰ ਵਿੱਚ ਆਪਣੇ ਸਰੀਰ ਨੂੰ ਹਿਲਾਉਂਦੇ ਰਹੋ। ਆਪਣੀ ਰੁਟੀਨ ਵਿੱਚ ਸੈਰ, ਜਿਮ, ਐਰੋਬਿਕਸ, ਯੋਗਾ ਜਾਂ ਕੋਈ ਹੋਰ ਸਰੀਰਕ ਗਤੀਵਿਧੀ ਸ਼ਾਮਲ ਕਰੋ।

**ਪਿਗਮੈਂਟੇਸ਼ਨ ਨੂੰ ਦੂਰ ਕਰਨ ਲਈ ਸਨਸਕ੍ਰੀਨ ਲਗਾਓ**

ਯੂਵੀ ਕਿਰਨਾਂ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ ਸਭ ਤੋਂ ਵੱਧ

(ਬਾਕੀ ਸਫ਼ਾ 31'ਤੇ)

ਅਫ਼ਰੀਕੀ ਲੋਕ ਕਹਾਣੀ

ਅਨੁਵਾਦ: ਚਰਨ ਗਿੱਲ

# ਪਹਾੜੀ 'ਤੇ ਬਲ਼ਦੀ ਅੱਗ



ਕਹਿੰਦੇ ਹਨ ਕਿ ਪੁਰਾਣੇ ਜ਼ਮਾਨੇ ਵਿੱਚ ਅਦੀਸ ਅਬਾਬਾ ਦੇ ਸ਼ਹਿਰ ਵਿੱਚ ਅਰਹਾ ਨਾਮੀ ਇੱਕ ਨੌਜਵਾਨ ਰਿਹਾ ਕਰਦਾ ਸੀ। ਉਹ ਬਾਲਪਣ ਵਿੱਚ ਪਿੰਡ ਛੱਡ ਕੇ ਸ਼ਹਿਰ ਚਲਾ ਆਇਆ ਸੀ ਅਤੇ ਇੱਕ ਮਾਲਦਾਰ ਵਪਾਰੀ ਹਸਪਟਮ ਹਸਿਆਈ ਕੋਲ ਨੌਕਰ ਹੋ ਗਿਆ ਸੀ।

ਹਸਪਟਮ ਹਸਿਆਈ ਇੰਨਾ ਮਾਲਦਾਰ ਸੀ ਕਿ ਉਸਨੇ ਉਹ ਸਾਰੀਆਂ ਚੀਜਾਂ ਖ਼ਰੀਦ ਲਈਆਂ ਸਨ ਜੋ ਦੌਲਤ ਖ਼ਰੀਦ ਸਕਦੀ ਸੀ। ਉਸ ਦਾ ਦਿਲ ਜ਼ਿੰਦਗੀ ਦੀਆਂ ਅਯਾਸ਼ੀਆਂ ਨਾਲ ਭਰ ਚੁੱਕਿਆ ਸੀ ਇਸ ਲਈ ਕਦੇ-ਕਦਾਈ ਉਹ ਆਪਣੀ ਜਿੰਦਗੀ ਵਿੱਚ ਬੇਰੀਅਤ ਮਹਿਸੂਸ ਕਰਨ ਲੱਗਦਾ।

ਸਿਆਲ ਦੀ ਇੱਕ ਰਾਤ ਜਦੋਂ ਠੰਡੀ ਹਵਾ ਚੱਲ ਰਹੀ ਸੀ ਹਸਪਟਮ ਨੇ ਅਰਹਾ ਨੂੰ ਹੁਕਮ ਦਿੱਤਾ ਕਿ ਉਹ ਅੱਗ ਜਲਾਣ ਲਈ ਲਕੜੀਆਂ ਚੁਗ ਕੇ ਲਿਆਏ। ਜਦੋਂ ਅਰਹਾ ਅੱਗ ਬਾਲ ਚੁੱਕਿਆ ਤਾਂ ਹਸਪਟਮ ਕਹਿਣ ਲੱਗਾ, 'ਇਨਸਾਨ ਕਿੰਨੀ ਸਰਦੀ ਬਰਦਾਸ਼ਤ ਕਰ ਸਕਦਾ ਹੈ?'

ਉਹ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ। ਕੀ ਇਹ ਮੁਮਕਿਨ ਹੈ ਕਿ ਇੱਕ ਇਨਸਾਨ ਇੰਟੋਟੋ ਦੀ ਪਹਾੜੀ ਦੀ ਟੀਸੀ ਉੱਤੇ ਸਾਰੀ ਰਾਤ ਬਿਨਾਂ ਕੰਬਲ, ਕੱਪੜਿਆਂ ਅਤੇ ਅੱਗ ਦੇ ਗੁਜ਼ਾਰੇ ਅਤੇ ਨਾ ਮਰੇ?

ਮੈਨੂੰ ਪਤਾ ਨਹੀਂ, ਅਰਹਾ ਬੋਲਿਆ, ਪਰ ਕੀ ਇਹ ਬੇਵਕੂਫ਼ੀ ਵਾਲੀ ਗੱਲ ਨਹੀਂ ਹੋਵੇਗੀ। ਸ਼ਾਇਦ ਜੇਕਰ ਇਨਸਾਨ ਨੂੰ ਇਸ ਦਾ ਸਵਾਬ ਨਾ ਮਿਲੇ। ਲੇਕਿਨ ਮੈਂ ਸ਼ਰਤ ਲਗਾਉਣ ਲਈ ਤਿਆਰ ਹਾਂ। ਮੈਨੂੰ ਯਕੀਨ ਹੈ ਕਿ ਇੱਕ ਹਿੰਮਤ ਵਾਲਾ ਇਨਸਾਨ ਪਹਾੜੀ ਦੀ ਟੀਸੀ ਉੱਤੇ ਰਾਤ ਭਰ ਖੜਾ ਰਹਿ ਸਕਦਾ ਹੈ ਪਰ ਜਿੱਥੋਂ ਤੱਕ ਮੇਰੀ ਗੱਲ ਹੈ ਮੇਰੇ ਕੋਲ ਸ਼ਰਤ ਲਗਾਉਣ ਨੂੰ ਕੁੱਝ ਨਹੀਂ।

ਹਸਪਟਮ ਬੋਲਿਆ, ਜੇਕਰ ਤੈਨੂੰ ਯਕੀਨ ਹੈ ਕਿ ਇਨਸਾਨ ਅਜਿਹਾ ਕਰ ਸਕਦਾ ਹੈ ਤਾਂ ਮੈਂ ਤੇਰੇ ਨਾਲ ਸ਼ਰਤ ਲਗਾਉਣ ਨੂੰ ਤਿਆਰ ਹਾਂ। ਜੇਕਰ ਤੂੰ ਸਾਰੀ ਰਾਤ ਇੰਟੋਟੋ ਦੀ ਟੀਸੀ ਉੱਤੇ ਬਿਨਾਂ ਕੱਪੜਿਆਂ ਅਤੇ ਅੱਗ ਦੇ ਗੁਜ਼ਾਰ ਦੇਵੇਂ ਤਾਂ ਮੈਂ ਤੈਨੂੰ ਦਸ ਏਕੜ ਜ਼ਮੀਨ, ਇੱਕ ਘਰ ਅਤੇ ਮਾਲ ਡੰਗਰ ਇਨਾਮ ਦੇ ਤੌਰ ਉੱਤੇ ਦੇਵਾਂਗਾ।

ਕੀ ਤੁਸੀਂ ਮਜ਼ਾਕ ਕਰ ਰਹੇ ਹੋ ਜਾਂ ਗੰਭੀਰ ਹੋ? ਅਰਹਾ ਨੂੰ ਆਪਣੇ ਕੰਨਾਂ ਉੱਤੇ ਯਕੀਨ ਨਹੀਂ ਆ ਰਿਹਾ ਸੀ।

ਮੈਂ ਜੋ ਵਾਅਦਾ ਕਰਦਾ ਹਾਂ ਉਸਨੂੰ ਪੂਰਾ ਵੀ ਕਰਦਾ ਹਾਂ, ਹਸਪਟਮ ਬੋਲਿਆ।

ਜੇ ਇਹ ਗੱਲ ਹੈ ਤਾਂ ਮੈਂ ਕੱਲ ਰਾਤ ਕਿਸਮਤ ਅਜਮਾਊਂਗਾ ਅਤੇ ਫਿਰ ਸਾਰੀ ਉਮਰ ਆਰਾਮ ਨਾਲ ਰਹਾਂਗਾ। ਅਰਹਾ ਵਾਅਦਾ ਤਾਂ ਕਰ ਬੈਠਾ ਸੀ ਪਰ ਬਹੁਤ ਚਿੰਤਾਤੁਰ ਸੀ। ਉਸਨੂੰ ਆਪਣੀ ਜਾਨ ਦੇ ਲਾਲ੍ਹੇ ਪੈ ਗਏ ਸਨ। ਉਹ ਜਾਣਦਾ ਸੀ ਕਿ ਪਹਾੜੀ ਦੀ ਟੀਸੀ ਉੱਤੇ ਰਾਤ ਗੁਜ਼ਾਰਨਾ ਬੱਚਿਆਂ ਦਾ ਖੇਲ੍ਹ ਨਹੀਂ ਸੀ ਅਤੇ ਇਸ ਸਰਦੀ ਵਿੱਚ ਜ਼ਿੰਦਾ ਰਹਿਣਾ ਕਰਾਮਾਤ ਨਾਲੋਂ ਘੱਟ ਨਹੀਂ ਸੀ। ਅਰਹਾ ਇਸ ਸ਼ਹਿਰ ਵਿੱਚ ਇੱਕ ਬਜ਼ੁਰਗ ਨੂੰ ਜਾਣਦਾ ਸੀ, ਜਿਸਨੇ ਦੁਨੀਆਂ ਦੇਖੀ ਹੋਈ ਸੀ ਅਤੇ ਬਹੁਤ ਸਿਆਣਾ ਸੀ। ਉਹ ਉਸ ਨੂੰ ਮਿਲਣ ਗਿਆ।

ਬਜ਼ੁਰਗ ਨੇ ਅਰਹਾ ਦੀਆਂ ਗੱਲਾਂ ਅਤੇ ਸ਼ਰਤ ਸੁਣੀ ਅਤੇ ਕਹਿਣ ਲਗਾ, ਮੈਂ ਤੇਰੀ ਮਦਦ ਕਰਾਂਗਾ। ਇੰਟੋਟੋ ਦੀ ਪਹਾੜੀ ਤੋਂ ਕੁਝ ਮੀਲ ਦੂਰ ਇੱਕ ਉੱਚੀ ਚੱਟਾਨ ਹੈ ਜੋ ਇੰਟੋਟੋ ਦੀ ਪਹਾੜੀ ਦੀ ਟੀਸੀ ਤੋਂ ਨਜ਼ਰ ਆਉਂਦੀ ਹੈ। ਕੱਲ ਸ਼ਾਮ ਜਦੋਂ ਸੂਰਜ ਛਿਪੇਗਾ ਤਾਂ ਮੈਂ ਇਸ ਚੱਟਾਨ ਉੱਤੇ ਅੱਗ ਜਲਾਊਂਗਾ ਤਾਂ ਕਿ ਤੈਨੂੰ ਉਹ ਇੰਟੋਟੋ ਦੀ ਟੀਸੀ ਤੋਂ ਨਜ਼ਰ ਆਏ। ਤੂੰ ਸਾਰੀ ਰਾਤ ਇਸ ਅੱਗ ਨੂੰ ਵੇਖਦੇ ਰਹਿਣਾ ਅਤੇ ਇਸ ਦੀ ਗਰਮੀ, ਹਰਾਰਤ ਅਤੇ ਮੇਰੇ ਬਾਰੇ, ਜੋ ਤੁਹਾਡਾ ਦੋਸਤ ਹੈ, ਸੋਚਦੇ ਰਹਿਣਾ। ਮੈਂ ਤੇਰੀ ਖ਼ਾਤਰ ਸਾਰੀ ਰਾਤ ਅੱਗ ਕੋਲ ਬੈਠਾ ਰਹਾਗਾਂ। ਜੇਕਰ ਤੂੰ ਸਰਦੀ ਅਤੇ ਹਨੇਰੇ ਦੇ ਬਾਵਜੂਦ ਇਹ ਕੰਮ ਕਰ ਸਕਿਆ ਤਾਂ ਸਵੇਰੇ ਵੀ ਜ਼ਿੰਦਾ ਮਿਲੇਂਗਾ।

ਅਰਹਾ ਨੇ ਤਹਿਦਿਲੋਂ ਉਸ ਬਜ਼ੁਰਗ ਦਾ ਧੰਨਵਾਦ ਕੀਤਾ ਅਤੇ ਹਲਕੇ ਦਿਲ ਘਰ ਆ ਗਿਆ। ਅਗਲੇ ਦਿਨ ਹਸਪਟਮ ਨੇ ਤੀਜੇ ਪਹਿਰ ਅਰਹਾ ਨੂੰ ਆਪਣੇ ਨੌਕਰਾਂ ਦੇ ਨਾਲ ਇੰਟੋਟੋ ਦੀ ਟੀਸੀ ਉੱਤੇ ਭੇਜ ਦਿੱਤਾ। ਰਾਤ ਹੋਈ ਤਾਂ ਅਰਹਾ ਨੇ ਕੱਪੜੇ ਉਤਾਰ ਦਿੱਤੇ ਅਤੇ ਪਹਾੜੀ ਦੀ ਟੀਸੀ ਉੱਤੇ ਠੰਡੀ ਹਵਾ ਵਿੱਚ ਨੰਗਾ ਖੜਾ ਹੋ ਗਿਆ। ਵਾਦੀ ਦੇ ਦੂਜੇ ਪਾਸੇ ਤੋਂ ਅਰਹਾ ਨੂੰ ਉਹ ਅੱਗ ਨਜ਼ਰ ਆਈ ਜੋ ਉਸ ਦੇ ਬਜ਼ੁਰਗ ਦੋਸਤ ਨੇ ਉਸ ਖ਼ਾਤਰ ਜਲਾ ਰੱਖੀ ਸੀ। ਉਹ ਅੱਗ ਹਨੇਰੇ ਵਿੱਚ ਇੱਕ ਸਿਤਾਰੇ ਦੀ ਤਰ੍ਹਾਂ ਚਮਕ ਰਹੀ ਸੀ।

ਜਿਉਂ ਜਿਉਂ ਰਾਤ ਗਹਿਰੀ ਹੁੰਦੀ ਗਈ ਠੰਢਕ ਅਰਹਾ ਦੇ ਮਾਸ ਵਿੱਚੋਂ ਉਸ ਦੀਆਂ ਹੱਡੀਆਂ ਤੱਕ ਪਹੁੰਚ ਗਈ। ਪਹਾੜ ਦੀ ਟੀਸੀ ਬਰਫ਼ ਦੀ ਤਰ੍ਹਾਂ ਠੰਡੀ ਹੋ ਗਈ। ਹਰ ਪਲ ਉਹ ਸੁੰਨ ਹੁੰਦਾ ਗਿਆ। ਇੱਕ ਅਜਿਹਾ ਵਕਤ ਵੀ ਆਇਆ ਕਿ ਉਸਨੂੰ ਡਰ ਲੱਗਣ ਲਗਾ ਕਿ ਉਹ ਠੰਡ ਨਾਲ ਮਰ ਜਾਵੇਗਾ ਪਰ ਉਸਨੇ ਅੱਗ ਵੱਲੋਂ ਆਪਣਾ ਧਿਆਨ ਨਾ ਹਟਾਇਆ ਅਤੇ ਸੋਚਦਾ ਰਿਹਾ ਕਿ ਉਸ ਦਾ ਬਜ਼ੁਰਗ ਦੋਸਤ ਉਸ ਦੀ ਹਿੰਮਤ ਬੰਨ੍ਹ ਰਿਹਾ ਹੈ।

ਕਦੇ ਕਦੇ ਧੁੰਦ ਕੁਝ ਮਿੰਟਾਂ ਲਈ ਅੱਗ ਦੀਆਂ ਲਪਟਾਂ ਦੇ ਅੱਗੇ ਆ ਜਾਂਦੀ ਪਰ ਉਹ ਉਦੋਂ ਤੱਕ ਘੂਰਦਾ ਰਹਿੰਦਾ ਜਦੋਂ ਤੱਕ ਧੁੰਦ ਛਟ ਨਾ ਜਾਂਦੀ ਅਤੇ ਉਸਨੂੰ ਅੱਗ ਦੁਬਾਰਾ ਨਜ਼ਰ ਨਾ ਆਉਣ ਲੱਗ ਪੈਂਦੀ। ਸਾਰੀ ਰਾਤ ਉਹ ਕੰਬਦਾ, ਖੰਘਦਾ ਅਤੇ ਠੁਰ ਠੁਰ ਕਰਦਾ ਰਿਹਾ ਪਰ ਆਪਣੀ ਜਗ੍ਹਾ ਉੱਤੇ ਡੱਟਿਆ ਰਿਹਾ। ਜਦੋਂ ਸਵੇਰੇ ਪਹੁ ਫੁੱਟੀ ਤਾਂ ਉਹ ਕੱਪੜੇ ਪਹਿਨ ਕੇ ਪਹਾੜੀ ਦੀ ਟੀਸੀ ਤੋਂ ਹੇਠਾਂ ਉਤਰਿਆ।

ਹਸਪਟਮ ਅਰਹਾ ਨੂੰ ਜ਼ਿੰਦਾ ਵੇਖਕੇ ਬਹੁਤ ਹੈਰਾਨ ਹੋਇਆ। ਉਸਨੇ ਨੌਕਰਾਂ ਨੂੰ ਸਵਾਲ ਕੀਤਾ, ਕੀ ਅਰਹਾ ਸਾਰੀ ਰਾਤ ਕੱਪੜਿਆਂ ਅਤੇ ਅੱਗ ਦੇ ਬਿਨਾਂ ਖੜਾ ਰਿਹਾ?

ਹਾਂ, ਸਭ ਨੌਕਰਾਂ ਨੇ ਮਿਲਕੇ ਜਵਾਬ ਦਿੱਤਾ।

ਤੂੰ ਬਹੁਤ ਦਲੇਰ ਆਦਮੀ ਹੈਂ, ਹਸਪਟਮ ਨੇ ਅਰਹਾ ਦੀ ਵਡਿਆਈ ਦਾ ਇਕਰਾਰ ਕੀਤਾ।

ਪਰ ਇਹ ਦੱਸ ਕਿ ਤੂੰ ਇਹ ਸਭ ਕੁੱਝ ਕੀਤਾ ਕਿਵੇਂ?

ਮੈਂ ਸਾਰੀ ਰਾਤ ਇੱਕ ਚੱਟਾਨ ਉੱਤੇ ਬੱਲਦੀ ਅੱਗ ਉੱਤੇ ਆਪਣਾ ਧਿਆਨ ਇਕਾਗਰ ਕਰੀ ਰੱਖਿਆ।

ਕੀ ਕਿਹਾ ਤੂੰ। ਤੂੰ ਅੱਗ ਨੂੰ ਵੇਖਦਾ ਰਿਹਾ। ਤੂੰ ਸ਼ਰਤ ਹਾਰ ਗਿਆ। ਤੂੰ ਹੁਣ ਮੇਰਾ ਨੌਕਰ ਹੀ ਰਹੇਂਗਾ। ਤੈਨੂੰ ਕੋਈ ਇਨਾਮ ਨਹੀਂ ਮਿਲੇਗਾ।

ਪਰ ਉਹ ਅੱਗ ਤਾਂ ਬਹੁਤ ਦੂਰ ਸੀ। ਉਹ ਵਾਦੀ ਦੇ ਦੂਜੇ ਪਾਸੇ ਸੀ। ਮੇਰੇ ਤੱਕ ਉਸ ਦਾ ਸੇਕ ਬਿਲਕੁਲ ਨਹੀਂ ਆਇਆ।

ਨਹੀਂ ਮੈਂ ਕੁੱਝ ਨਹੀਂ ਮੰਨਦਾ, ਤੂੰ ਸ਼ਰਤ ਹਾਰ ਗਿਆ। ਤੈਨੂੰ ਉਸ ਅੱਗ ਨੇ ਜ਼ਿੰਦਾ ਰੱਖਿਆ।

ਅਰਹਾ ਬਹੁਤ ਦੁਖੀ ਹੋਇਆ। ਉਹ ਆਪਣੇ ਬੁੱਢੇ ਦੋਸਤ ਦੇ ਕੋਲ ਗਿਆ ਅਤੇ ਉਸਨੂੰ ਸਾਰੀ ਕਹਾਣੀ ਸੁਣਾਈ।

ਤੂੰ ਇਹ ਮਾਮਲਾ ਸ਼ਹਿਰ ਦੇ ਕਾਜ਼ੀ ਦੇ ਕੋਲ ਲੈ ਜਾ, ਬਜ਼ੁਰਗ ਨੇ ਮਸ਼ਵਰਾ ਦਿੱਤਾ।

ਅਰਹਾ ਸ਼ਹਿਰ ਦੇ ਕਾਜ਼ੀ ਦੇ ਕੋਲ ਗਿਆ ਅਤੇ ਸ਼ਿਕਾਇਤ ਕੀਤੀ। ਕਾਜ਼ੀ ਨੇ ਹਸਪਟਮ ਅਤੇ ਇਸ ਦੇ ਨੌਕਰਾਂ ਨੂੰ ਅਦਾਲਤ ਵਿੱਚ ਤਲਬ ਕੀਤਾ। ਜਦੋਂ ਹਸਪਟਮ ਨੇ ਆਪਣੀ ਕਹਾਣੀ ਸੁਣਾਈ ਅਤੇ ਨੌਕਰਾਂ ਨੇ ਕਿਹਾ ਕਿ ਅਰਹਾ ਦੂਰ ਚੱਟਾਨ ਉੱਤੇ ਬਲਦੀ ਅੱਗ ਨੂੰ ਸਾਰੀ ਰਾਤ ਵੇਖਦਾ ਰਿਹਾ ਤਾਂ ਕਾਜ਼ੀ ਬੋਲਿਆ: ਅਰਹਾ ਤੂੰ ਸ਼ਰਤ ਹਾਰ ਗਿਆ। ਹਸਪਟਮ ਨੇ ਇਹ ਸ਼ਰਤ ਲਗਾਈ ਸੀ ਕਿ ਤੂੰ ਅੱਗ ਦੇ ਬਿਨਾਂ ਰਾਤ ਗੁਜ਼ਾਰੇਂਗਾ।

ਅਰਹਾ ਇੱਕ ਵਾਰ ਫਿਰ ਮਾਯੂਸ ਹੋਇਆ ਅਤੇ ਆਪਣੇ ਬੁੱਢੇ ਦੋਸਤ ਦੇ ਕੋਲ ਮਸ਼ਵਰਾ ਲੈਣ ਗਿਆ ਅਤੇ ਕਹਿਣ ਲਗਾ ਕਿ ਉਸ ਦੀ ਸਾਰੀ ਮਿਹਨਤ ਅਕਾਰਥ ਗਈ। ਉਸ ਦੀ ਕਿਸਮਤ ਵਿੱਚ ਹੀ ਨੌਕਰਾਂ ਦੀ ਜ਼ਿੰਦਗੀ ਗੁਜ਼ਾਰਨਾ ਹੈ।

ਉਮੀਦ ਦਾ ਸਹਾਰਾ ਨਾ ਛੱਡ, ਬਜ਼ੁਰਗ ਦੋਸਤ ਨੇ ਕਿਹਾ, ਸ਼ਹਿਰ ਦੀਆਂ ਅਦਾਲਤਾਂ ਨਾਲੋਂ ਜ਼ਿਆਦਾ ਤਾਂ ਜੰਗਲਾਂ ਵਿੱਚ ਇਨਸਾਫ਼ ਮਿਲ ਜਾਂਦਾ ਹੈ।

ਬੁੱਢਾ ਸ਼ਖ਼ਸ ਉਠਿਆ ਅਤੇ ਹਾਇਲੋ ਨਾਮੀ ਸ਼ਖ਼ਸ ਦੇ ਕੋਲ ਪਹੁੰਚ ਗਿਆ। ਇਹ ਉਹ ਆਦਮੀ ਸੀ ਜਿਸਦੇ ਘਰ ਵਿੱਚ ਉਹ ਬਾਲਪਣ ਵਿੱਚ ਨੌਕਰ ਵਜੋਂ ਕੰਮ ਕਰਦਾ ਸੀ। ਉਸਨੇ ਹਾਇਲੋ ਨੂੰ ਅਰਹਾ ਦੀ ਦਰਦ-ਭਰੀ ਕਹਾਣੀ ਸੁਣਾਈ ਅਤੇ ਮਦਦ ਚਾਹੀ।

ਹਾਇਲੋ ਵੀ ਬੜਾ ਸਿਆਣਾ ਬੰਦਾ ਸੀ। ਉਸਨੇ ਕੁੱਝ ਦੇਰ ਸੋਚਣ ਦੇ ਬਾਅਦ ਕਿਹਾ: ਤੁਸੀਂ ਫ਼ਿਕਰ ਨਾ ਕਰੋ। ਮੈਂ ਇਸ ਮਸਲੇ ਦਾ ਹੱਲ ਲਭਾਂਗਾ।

ਕੁਝ ਦਿਨ ਦੇ ਬਾਅਦ ਹਾਇਲੋ ਨੇ ਇੱਕ ਸ਼ਾਨਦਾਰ ਦਾਅਵਤ ਦਾ ਇੰਤਜ਼ਾਮ ਕੀਤਾ ਅਤੇ ਸ਼ਹਿਰ ਦੇ ਸਭ ਪਤਵੰਤਿਆਂ ਨੂੰ ਸੱਦਾ ਦਿੱਤਾ। ਇਸ ਦਾਅਵਤ ਵਿੱਚ ਹਸਪਟਮ ਅਤੇ ਕਾਜ਼ੀ ਵੀ ਮਹਿਮਾਨ ਸਨ।

ਦਾਅਵਤ ਦੇ ਦਿਨ ਸਭ ਪਤਵੰਤੇ ਸਜਧਜ ਕੇ ਆਪਣੇ ਘੋੜਿਆਂ ਅਤੇ ਖੱਚਰਾਂ ਉੱਤੇ ਸਵਾਰ ਹੋ ਕੇ ਆਏ ਜਦੋਂ ਕਿ ਉਨ੍ਹਾਂ ਦੇ ਨੌਕਰ ਉਨ੍ਹਾਂ ਦੇ ਪਿੱਛੇ ਪਿੱਛੇ ਪੈਦਲ ਚੱਲ ਰਹੇ ਸਨ। ਹਸਪਟਮ ਵੀ ਵੀਹ ਨੌਕਰਾਂ ਦੇ ਨਾਲ ਆਇਆ। ਉਨ੍ਹਾਂ ਨੇ ਹਸਪਟਮ ਦੇ ਸਿਰ ਉੱਪਰ ਰੇਸ਼ਮੀ ਛਤਰੀ ਤਾਣੀ ਹੋਈ ਸੀ ਤਾਂ ਕਿ ਉਸਨੂੰ ਧੁੱਪ ਦੀ ਸ਼ਿੱਦਤ ਦਾ ਅਹਿਸਾਸ ਨਾ ਹੋਵੇ। ਉਸ ਦੀ ਸਵਾਰੀ ਦੇ ਅੱਗੇ ਚਾਰ ਨੌਕਰ ਢੋਲ ਵਜਾਉਂਦੇ ਉਸ ਦੀ ਆਮਦ ਦੀ ਖ਼ਬਰ ਦੇ ਰਹੇ ਸਨ।

ਸਭ ਮਹਿਮਾਨ ਰੇਸ਼ਮੀ ਕਾਲੀਨਾਂ ਉੱਤੇ ਬੈਠ ਕੇ ਗੱਲਾਂ ਕਰਨ ਲੱਗੇ। ਬਾਵਰਚੀਖ਼ਾਨੇ ਵੱਲੋਂ ਸੁਆਦੀ ਪਕਵਾਨਾਂ ਦੀਆਂ ਖ਼ੁਸ਼ਬੂਆਂ ਆਉਣ ਲੱਗੀਆਂ। ਇਨ੍ਹਾਂ ਖ਼ੁਸ਼ਬੂਆਂ ਨੇ ਮਹਿਮਾਨਾਂ ਦੀ ਭੁੱਖ ਨੂੰ ਹੋਰ ਤੇਜ਼ ਕਰ ਦਿੱਤੀ। ਵਕਤ ਬੀਤਦਾ ਗਿਆ ਪਰ ਖਾਣਾ ਨਾ ਆਉਣਾ ਸੀ ਨਾ ਆਇਆ। ਸਿਰਫ਼ ਪਕਵਾਨਾਂ ਦੀਆਂ ਖ਼ੁਸ਼ਬੂਆਂ ਆਉਂਦੀਆਂ ਰਹੀਆਂ। ਜਦੋਂ ਸ਼ਾਮ ਹੋ ਗਈ ਤਾਂ ਮਹਿਮਾਨਾਂ ਵਿੱਚ ਆਪਸ ਵਿੱਚ ਘੁਸਰ ਮੁਸਰ ਹੋਣ ਲੱਗੀ। ਉਹ ਹੈਰਾਨ ਸਨ ਕਿ ਉਨ੍ਹਾਂ ਦਾ ਮੁਅੱਜ਼ਿਜ਼ ਮੇਜ਼ਬਾਨ ਇੰਨੀ ਦੇਰ ਕਿਉਂ ਕਰ ਰਿਹਾ ਸੀ।

ਆਖ਼ਰ ਇੱਕ ਮਹਿਮਾਨ ਨੇ ਸਭਨਾਂ ਦੇ ਨੁਮਾਇੰਦੇ ਵਜੋਂ ਹਾਇਲੋ ਨੂੰ ਪੁੱਛਿਆ: ਐ ਮੇਜ਼ਬਾਨ ਤੁਸੀਂ ਇਹ ਕਿਉਂ ਕਰ ਰਹੇ ਹੋ। ਸਾਨੂੰ ਘਰ ਸੱਦ ਕੇ ਭੁੱਖਾ ਰੱਖ ਰਹੇ ਹੋ?

ਕੀ ਤੁਹਾਨੂੰ ਪਕਵਾਨਾਂ ਦੀਆਂ ਖ਼ੁਸ਼ਬੂਆਂ ਨਹੀਂ ਆ ਰਹੀਆਂ? ਹਾਇਲੋ ਨੇ ਹੈਰਾਨੀ ਨਾਲ ਪੁੱਛਿਆ।

ਐਪਰ ਖ਼ੁਸ਼ਬੂਆਂ ਦਾ ਖਾਣ ਨਾਲ ਕੀ ਸੰਬੰਧ। ਖ਼ੁਸ਼ਬੂਆਂ ਨਾਲ ਭੁੱਖ ਤਾਂ ਤ੍ਰਿਪਤ ਨਹੀਂ ਹੁੰਦੀ।

ਤਾਂ ਕੀ ਅਜਿਹੀ ਅੱਗ ਵਿੱਚ ਤਪਿਸ਼ ਹੁੰਦੀ ਹੈ ਜੋ ਮੀਲਾਂ ਦੂਰ ਬਲ ਰਹੀ ਹੋਵੇ। ਜੇਕਰ ਅਰਹਾ ਦੂਰੋਂ ਅੱਗ ਨੂੰ ਵੇਖਕੇ ਗਰਮ ਰਹਿ ਸਕਦਾ ਹੈ ਤਾਂ ਤੁਸੀਂ ਲੋਕ ਵੀ ਬਾਵਰਚੀਖ਼ਾਨੇ ਵੱਲੋਂ ਆਉਣ ਵਾਲੀਆਂ ਖ਼ੁਸ਼ਬੂਆਂ ਨਾਲ ਭੁੱਖ ਤ੍ਰਿਪਤ ਕਰ ਸਕਦੇ ਹੋ।

ਲੋਕਾਂ ਨੂੰ ਹਾਇਲੋ ਦਾ ਇਸ਼ਾਰਾ ਸਮਝ ਵਿੱਚ ਆ ਗਿਆ। ਕਾਜ਼ੀ ਨੂੰ ਆਪਣੇ ਫੈਸਲੇ ਉੱਤੇ ਸ਼ਰਮਿੰਦਗੀ ਹੋਈ ਅਤੇ ਹਸਪਟਮ ਵੀ ਆਪਣੇ ਕੀਤੇ ਉੱਤੇ ਸ਼ਰਮਸਾਰ ਹੋਇਆ। ਉਸਨੇ ਹਾਇਲੋ ਦਾ ਧੰਨਵਾਦ ਅਦਾ ਕੀਤਾ ਅਤੇ ਐਲਾਨ ਕੀਤਾ ਕਿ ਅਰਹਾ ਨੂੰ ਜ਼ਮੀਨ, ਘਰ ਅਤੇ ਮਾਲ-ਡੰਗਰ ਮਿਲ ਜਾਣਗੇ।

ਇਸ ਫੈਸਲੇ ਦੇ ਬਾਅਦ ਹਾਇਲੋ ਨੇ ਨੌਕਰਾਂ ਨੂੰ ਹੁਕਮ ਦਿੱਤਾ ਅਤੇ ਮਹਿਮਾਨਾਂ ਦੇ ਅੱਗੇ ਲਜੀਜ ਖਾਣਾ ਪੇਸ਼ ਕੀਤਾ ਗਿਆ।

ਮਿੰਨੀ ਕਹਾਣੀਆਂ

# ਚੰਨ ਦਾ ਬੁੱਢਾ

ਜਪਾਨੀ ਲੋਕ ਕਥਾ

## ਬਦਲਾ

ਸਵਾਰੀਆਂ ਦਾ ਭਰਿਆ ਹੋਇਆ ਤਾਂਗਾ ਚੜ੍ਹਾਈ ਚੜ੍ਹ ਰਿਹਾ ਸੀ। ਘੋੜਾ ਪੂਰਾ ਜ਼ੋਰ ਲਾ ਕੇ ਤਾਂਗਾ ਖਿੱਚ ਰਿਹਾ ਸੀ। ਤਾਂਗੇ ਦੇ ਬੰਬ ਤੋਂ ਕੋਚਵਾਨ ਹੇਠਾਂ ਉੱਤਰ ਆਇਆ ਹੈ। ਉਸ ਨੇ ਸਵਾਰੀਆਂ ਨੂੰ ਭਾਰ ਅੱਗੇ ਕਰਕੇ ਬੈਠਣ ਦਾ ਇਸ਼ਾਰਾ ਕੀਤਾ ਹੈ। ਤੇ ਘੋੜੇ ਦੇ ਛਮਕ ਮਾਰਕੇ ਬੋਲਿਆ ਹੈ, ਸ਼ਾਬਾਸ਼! ਮੇਰੇ ਸ਼ੇਰ ਦੇ ਸ਼ਾਬਾਸ਼। ਛਮਕ ਦੀ ਮਾਰ ਤੇ ਮਾਲਕ ਦੀ ਹੱਲਾਸ਼ੇਰੀ ਕਰਕੇ ਘੋੜੇ ਨੇ ਆਪਣਾ ਰਹਿੰਦਾ ਜ਼ੋਰ ਵੀ ਤਾਂਗਾ ਖਿੱਚਣ 'ਤੇ ਲਾ ਦਿੱਤਾ ਹੈ। ਕੋਚਵਾਨ ਤਾਂਗੇ ਦੇ ਨਾਲ ਨਾਲ ਤੁਰਨ ਲੱਗਦਾ ਹੈ।

ਘੋੜੇ ਦੀ ਟੰਗ ਖਰਾਬ ਹੈ? ਇੱਕ ਸਵਾਰੀ ਨੇ ਅੱਗੇ ਨੂੰ ਝੁਕਦਿਆਂ ਘੋੜੇ ਨੂੰ ਲੰਗੜਾਉਂਦੇ ਹੋਏ ਦੇਖ ਕੇ ਪੁੱਛਿਆ।

ਹਾਂ।

ਫੇਰ ਅਰਾਮ ਕਰਵਾਉਣਾ ਸੀ, ਇਸ ਨੂੰ ਡੇਢ ਮਹੀਨੇ ਮਗਰੋਂ ਅੱਜ ਹੀ ਜੋੜਿਐ

ਸਵਾਰੀਆਂ ਘੱਟ ਬਠਾ ਲਿਆ ਕਰ

ਕਿਵੇਂ ਬਠਾ ਲਿਆ ਕਰਾਂ, ਅੱਠ ਰੁਪੈ ਕਿਲੋ ਦੇ ਹਿਸਾਬ ਨਾਲ ਦੋ ਕਿੱਲੋ ਛੋਲੇ ਚਾਰ ਰੁਪਈਆਂ ਦਾ ਦਸ ਕਿਲੋ ਚਾਰਾ। ਚਾਰ ਰੁਪੈ ਦੀ ਦਸ ਕਿਲੋ ਤੂੜੀ ਪੰਜ ਰੁਪੈ ਦਾ ਮਸਾਲਾ। ਉਨੱਤੀ-ਤੀਹ ਰੁਪਏ ਘੋੜੇ ਨੂੰ ਚਾਰ ਕੇ, ਦਸ ਰੁਪਈਏ ਮੈਨੂੰ ਵੀ ਘਰ ਦਾ ਖਰਚ ਚਲਾਉਣ ਲਈ ਚਾਹੀਦੇ ਨੇ।

ਉਹ ਤਾਂ ਠੀਕ ਹੈ, ਪਰ ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਜੋ ਆਦਮੀ ਕਿਸੇ ਨੂੰ ਇਸ ਜਨਮ ਵਿੱਚ ਤੰਗ ਕਰਦਾ ਹੈ, ਉਸ ਦਾ ਬਦਲਾ ਉਸ ਨੂੰ ਅਗਲੇ ਜਨਮ ਵਿੱਚ ਦੇਣਾ ਪੈਂਦਾ ਹੈ ਇਕ ਸਵਾਰੀ ਬੋਲੀ।

ਪਹਿਲਾਂ ਇਸ ਜਨਮ ਦੇ ਬਾਰੇ ਸੋਚ ਲਈਏ। ਦੂਸਰੇ ਜਨਮ ਬਾਰੇ ਦੂਸਰੇ ਜਨਮ ਵਿੱਚ ਦੇਖੀ ਜਾਊਗੀ। ਕਹਿਕੇ ਕੋਚਵਾਨ ਨੇ ਘੋੜੇ ਨੂੰ ਚਾਬੁਕ ਮਾਰ ਦਿੱਤੀ।

***

## ਬੇਵਕੂਫ਼ ਤੋਤਾ



ਇੱਕ ਵਪਾਰੀ ਦੇ ਕੋਲ ਬਹੁਤ ਹੀ ਪਿਆਰਾ ਤੋਤਾ ਸੀ। ਉਹ ਤਾਂ ਜੋ ਕੁਝ ਵੀ ਵੇਖਦਾ ਅਤੇ ਸੁਣਦਾ ਉਸ ਨੂੰ ਯਾਦ ਰੱਖਦਾ ਸੀ। ਵਪਾਰੀ ਦੇ ਘਰ ਬਾਨੂ ਨਾਮ ਦੀ ਇੱਕ ਨੌਕਰਾਨੀ ਸੀ।

ਇੱਕ ਦਿਨ ਉਸ ਨੌਕਰਾਨੀ ਨੇ ਇੱਕ ਕੀਮਤੀ ਥਾਲ ਚੁਰਾਈ। ਜਦੋਂ ਵਪਾਰੀ ਘਰ ਆਇਆ ਤਾਂ ਉਸਨੇ ਦੇਖਿਆ ਕਿ ਉਹ ਕੀਮਤੀ ਥਾਲੀ ਉੱਥੇ ਨਹੀਂ ਸੀ। ਵਪਾਰੀ ਨੇ ਬਾਨੂ ਨੂੰ ਪੁੱਛਿਆ, ਕੀ ਤੂੰ ਕੀਤੇ ਉਹ ਥਾਲੀ ਦੇਖੀ? ਤਾਂ ਉਸਨੇ ਕਿਹਾ ਜੀ ਨਹੀਂ ਮਾਲਕ ਮੈਂ ਤਾਂ ਨਹੀਂ ਦੇਖੀ।

ਪਰ ਤੋਤੇ ਨੇ ਬਾਨੂ ਨੂੰ ਥਾਲ ਚੋਰੀ ਕਰਦਿਆਂ ਦੇਖਿਆ ਸੀ। ਤੋਤੇ ਨੇ ਇਹ ਗੱਲ ਮਾਲਕ ਨੂੰ ਦੱਸੀ। ਮਾਲਕ ਨੇ ਬਾਨੋ ਨੂੰ ਪੁੱਛਿਆ ਤਾਂ ਉਸ ਨੇ ਕਿਹਾ, ਨਹੀਂ, ਮੈਂ ਥਾਲੀ ਨਹੀਂ ਚੋਰੀ ਕੀਤੀ, ਇਹ ਤੋਤਾ ਝੂਠ ਬੋਲ ਰਿਹਾ ਹੈ, ਮੈਂ ਸਾਬਤ ਕਰ ਸਕਦੀ ਹਾਂ।

ਅਗਲੇ ਦਿਨ ਬਾਨੋ ਨੇ ਪਿੰਜਰਾ ਦੇ ਉੱਤੇ ਢੋਲਕ ਵਜਾ ਕੇ ਤੋਤੇ ਨੂੰ ਯਕੀਨ ਦੁਆ ਦਿੱਤਾ ਜਿਵੇਂ ਬੱਦਲ ਗਰਜ ਰਹੇ ਹੋਣ। ਉਸ 'ਤੇ ਪਾਣੀ ਦੇ ਛਿੱਟੇ ਮਾਰੇ ਅਤੇ ਸ਼ੀਸ਼ਾ ਲੈ ਕੇ ਇਸ ਤਰ੍ਹਾਂ ਪ੍ਰਗਟ ਕੀਤਾ ਜਿਵੇਂ ਬਿਜਲੀ ਚੱਲ ਰਹੀ ਹੋਵੇ।

ਜਦੋਂ ਵਪਾਰੀ ਸ਼ਾਮ ਨੂੰ ਘਰ ਆਇਆ ਤਾਂ ਉਸਨੇ ਤੋਤੇ ਨੂੰ ਪੁੱਛਿਆ, ਮੇਰੇ ਪਿਆਰੇ ਤੋਤੇ, ਅੱਜ ਕੀ ਹੋਇਆ? ਅੱਜ ਬੱਦਲ ਛਾਏ ਹੋਏ ਸਨ। ਬਿਜਲੀ ਚੱਲ ਰਹੀ ਸੀ। ਅਤੇ ਭਾਰੀ ਮੀਂਹ ਪਿਆ।

ਇਸੇ ਕਰਕੇ ਅੱਜ ਮੈਂ ਕੁਝ ਵੀ ਨਹੀਂ ਦੇਖ ਸਕਿਆ। ਫਿਰ ਵਪਾਰੀ ਨੇ ਕਿਹਾ ਪਰ ਅੱਜ ਮੀਂਹ ਨਹੀਂ ਪਿਆ। ਇਸ ਤਰ੍ਹਾਂ ਬਾਨੋ ਨੇ ਤੋਤੇ ਨੂੰ ਮੂਰਖ ਬਣਾਇਆ ਅਤੇ ਫਿਰ ਵਪਾਰੀ ਨੇ ਬਿਨਾਂ ਕੁਝ ਸੋਚੇ ਤੋਤੇ ਨੂੰ ਘਰੋਂ ਬਾਹਰ ਕੱਢ ਦਿੱਤਾ।

# ਮੇਰੀ ਕਲਮ

## ਯਾਦ ਕਰਾਂ ਮੈਂ ਬਾਤਾਂ ਤੇਰੇ ਸ਼ਹਿਰ ਦੀਆਂ

ਪ੍ਰੀਤਮ ਸਿੰਘ ਦਰਦੀ

ਯਾਦ ਕਰਾਂ ਮੈਂ ਬਾਤਾਂ ਤੇਰੇ ਸ਼ਹਿਰ ਦੀਆਂ।
ਵੇਖ ਲਈਆਂ ਪ੍ਰਭਾਤਾਂ ਤੇਰੇ ਸ਼ਹਿਰ ਦੀਆਂ।
ਨਫਰਤ, ਕੀਨਾ, ਹੱਸਦ,ਤੁਅਸਬ,ਫਿਰਕੂ- ਪਨ,
ਭੰਗੜੇ ਪਾਉਣ ਬਰਾਤਾਂ ਤੇਰੇ ਸ਼ਹਿਰ ਦੀਆਂ।
ਦਿਨੇ ਦੁਪਹਿਰੇ ਨੱਚਦੀ ਮੌਤ ਬਜ਼ਾਰਾਂ ਵਿੱਚ,
ਲਹੂ ਰੰਗੀਆਂ ਸੌਗਾਤਾਂ ਤੇਰੇ ਸ਼ਹਿਰ ਦੀਆਂ।
ਅੱਗ ਵਰ੍ਹਦੀ ਹੈ ਵੇਖ ਕਿਵੇਂ ਆਕਾਸ਼ਾਂ ਵਿੱਚ,
ਕਿਹੋ ਜਿਹੀਆਂ ਬਰਸਾਤਾਂ ਤੇਰੇ ਸ਼ਹਿਰ ਦੀਆਂ।
ਫੁੱਲਾਂ ਵਰਗੇ ਜੋਬਨ ਰੁਲਦੇ ਕਈ ਤੱਕੇ ਮੈਂ ਜਦ,
ਕੰਡਿਆਂ ਵਰਗੀਆਂ ਰਾਤਾਂ ਤੇਰੇ ਸ਼ਹਿਰ ਦੀਆਂ।
'ਦਰਦੀ' ਏਥੇ ਲੋਕ ਨਿਕੇ ਨਿਕੇ ਕੱਦ ਵਾਲੇ,
ਔਰ ਉੱਚੀਆਂ ਉੱਚੀਆਂ ਜਾਤਾਂ ਤੇਰੇ ਸ਼ਹਿਰ ਦੀਆਂ।

## ਵਾਵਰੋਲਿਆਂ ਦੀ ਰਣਭੂਮੀ

ਹਰਭਜਨ ਹਲਵਾਰਵੀ

ਇਹ ਵਿਸ਼ਾਲ ਮੈਦਾਨ
ਜੋ ਅੱਜ ਕੱਲ੍ਹ ਫੈਲਿਆ ਹੋਇਆ ਹੈ
ਸਾਡੀ ਸੋਚ ਦੇ ਦਿਸਹੱਦਿਆਂ ਤਕ
ਤੇ ਸਿਮਟਿਆ ਹੋਇਆ ਹੈ
ਸਾਡੀ ਜਿਸਮਾਂ ਦੀ ਮਿੱਟੀ ਦੀਆਂ ਹੱਦਾਂ ਤਕ
ਸਾਡਾ ਪੰਜਾਬ ਹੀ ਤਾਂ ਹੈ

ਇਹ ਵਿਸ਼ਾਲ ਮੈਦਾਨ
ਕਿਸੇ ਕਿਰਤੀ ਦੇ ਹੱਥ ਦੀ ਤਲੀ ਵਰਗਾ
ਸਿੱਧ ਪੱਧਰਾ ਤੇ ਕੁਝ ਖਰ੍ਹਵਾ ਜਿਹਾ
ਸਦਾ ਜਵਾਨ ਉਮਰ ਦੀ ਅਸੀਸ ਦੇਣ ਵਾਲਾ

ਅੱਜ ਇਸ ਦੀ ਮਿੱਟੀ 'ਤੇ
ਮਾਸੂਮ ਲਹੂ ਦੇ ਏਨੇ ਦਾਗ਼ ਕਿਉਂ ਨੇ
ਸਾਨੂੰ ਪੁੱਛਦੀਆਂ ਹਰੀਆਂ ਕਚੂਰ ਕਣਕਾਂ
ਸਾਨੂੰ ਪੁੱਛਦੇ ਸਰ੍ਹੋਂ ਦੇ ਸੋਨ ਰੰਗੇ ਫੁੱਲ
ਸਾਨੂੰ ਪੁੱਛਦੀਆਂ ਕਿੱਕਰਾਂ, ਧਰੇਕਾਂ ਤੇ ਟਾਹਲੀਆਂ
ਸਾਨੂੰ ਪੁੱਛਦੇ ਗੋਲੇ ਕਬੂਤਰ ਤੇ ਕਾਂ
ਹੁਣ ਕਿਸੇ ਦਿਲਬਰ ਦੇ ਆਉਣ ਦੀ
ਖ਼ਬਰ ਕਿਉਂ ਨਹੀਂ ਆਉਂਦੀ
ਸਿਰਫ਼ ਮਾਰੇ ਗਿਆਂ ਦੀ ਗਿਣਤੀ ਦਾ ਹੀ ਜ਼ਿਕਰ ਹੁੰਦਾ ਹੈ

ਇਹ ਵਿਸ਼ਾਲ ਮੈਦਾਨ
ਸੋਚਾਂ ਦੇ ਦਿਸਹੱਦਿਆਂ ਤਕ ਫੈਲਿਆ
ਜਿਸਮਾਂ ਦੀਆਂ ਹੱਦਾਂ ਤਕ ਸਿਮਟਿਆ
ਕਿਉਂ ਹੰਢਾ ਰਿਹਾ ਹੈ ਅੱਜ ਕੱਲ੍ਹ
ਟੁਕੜਿਆਂ 'ਚ ਵੰਡੀ ਮਹਾਂਭਾਰਤ ਦਾ ਸਰਾਪ
ਆਏ ਦਿਨ ਜਾਨਾਂ ਦੀਆਂ ਖ਼ੂਹਣੀਆਂ ਖਪਦੀਆਂ
ਰਾਹਾਂ 'ਪੁੱਟੇ ਹੋਏ
ਅਣਦਿੱਸਦੇ ਖ਼ੂਹ ਫੇਰ ਵੀ ਨਹੀਂ ਭਰਦੇ
ਜ਼ਿਕਰ ਮੱਲ੍ਹਮ ਦਾ ਜ਼ਰੂਰ ਹੁੰਦਾ ਹੈ
ਜੇ ਮਿਲਦੇ ਹਨ ਤਾਂ ਸਿਰਫ਼ ਸੱਜਰੇ ਜ਼ਖ਼ਮ

ਇਹ ਵਿਸ਼ਾਲ ਮੈਦਾਨ
ਘੁੱਗ ਵਸਦਾ ਸਾਡਾ ਪੰਜਾਬ
ਘੁੱਗ ਵਸਦਾ ਤਾਂ ਹੈ ਹੁਣ ਵੀ
ਫ਼ਰਕ ਏਨਾ ਹੈ
ਕਿ ਜਿਸਮਾਂ ਤੇ ਮਨਾਂ ਨਾਲੋਂ
ਇਨ੍ਹਾਂ ਉੱਤੇ ਲੱਗੇ ਜ਼ਖ਼ਮਾਂ ਦੀ
ਸੰਸਿਆਂ ਦੀ, ਸ਼ੰਕਿਆਂ ਦੀ
ਗਿਣਤੀ ਕਿਤੇ ਜ਼ਿਆਦਾ ਹੈ

ਇਹ ਵਿਸ਼ਾਲ ਮੈਦਾਨ
ਬੇਰਹਿਮੀ ਦੇ ਸ਼ੌਕ ਦਾ ਸ਼ਿਕਾਰ
ਵਾਵਰੋਲਿਆਂ ਦੀ ਰਣਭੂਮੀ ਬਣਿਆ
ਸਾਡਾ ਪੰਜਾਬ ਹੀ ਤਾਂ ਹੈ।

## ਯਕੀਨ ਰੱਖ

ਹਰਪ੍ਰੀਤ ਕੌਰ ਸੰਧੂ

ਮੇਰਾ ਬੋਲਣਾ
ਚਹਿਕਣਾ ਲਗਦਾ ਸੀ ਕਦੇ
ਮੈਂ ਅਕਸਰ ਪੁੱਛਦੀ
ਮੈਂ ਜ਼ਿਆਦਾ ਬੋਲਦੀ ਹਾਂ?
ਨਹੀਂ! ਮੈਨੂੰ ਤਾਂ
ਬਹੁਤ ਚੰਗਾ ਲਗਦਾ ਹੈ।
ਤੇਰਾ ਜਵਾਬ ਹੁੰਦਾ
ਚਹਿਕਣ ਨੂੰ ਤੂੰ ਫਿਰ
ਚਿੜਚਿੜੇਪਣ ਵਿੱਚ
ਬਦਲ ਦਿੱਤਾ ਅਚਨਚੇਤ
ਮੇਰਾ ਬੋਲਣਾ ਨਹੀਂ
ਤੂੰ ਬਦਲ ਗਿਆ ਸੀ।
ਯਕੀਨ ਰੱਖ
ਹੁਣ
ਮੇਰੀ ਚੁੱਪ ਦੀ ਗਹਿਰਾਈ
ਤੇਰੀ
ਰੂਹ ਦੀਆਂ ਚੀਕਾਂ
ਬਣ ਕੇ ਨਿਕਲੇਗੀ।

## ਇੱਕ ਦਿਨ

ਸੁਖਵਿੰਦਰ ਅੰਮ੍ਰਿਤ



ਤੂੰ ਮੇਰੀ ਛਾਂ 'ਚ ਬਹਿ ਕੇ ਆਖਿਆ ਸੀ ਇਸ ਤਰਾਂ ਇੱਕ ਦਿਨ
ਮੈਂ ਤੇਰੇ ਪੱਤੇ ਪੱਤੇ ਦਾ ਉਤਾਰੂੰ ਕਰਜ਼ ਮਾਂ ਇੱਕ ਦਿਨ
ਉਹ ਮੇਰੀ ਰੱਤ ਦੇ ਜਾਏ ਜਦੋਂ ਖੁਦ ਖਿੜਨ 'ਤੇ ਆਏ
ਤਾਂ ਮੈਨੂੰ ਦੇ ਗਏ ਸੌਗਾਤ ਵਿੱਚ ਬੈਸਾਖੀਆਂ ਇੱਕ ਦਿਨ
ਜਦੋਂ ਮਨ ਦੇ ਖਲਾਅ ਦਾ ਹੋਰ ਕੋਈ ਚਾਰਾ ਨ ਹੋ ਸਕਿਆ
ਮੈਂ ਆਪਣੇ ਹੀ ਪਤੇ 'ਤੇ ਆਏ ਲਿਖੀਆਂ ਚਿੱਠੀਆਂ ਇੱਕ ਦਿਨ
ਨ ਲੋਰੀ ਮੁੱਲ ਮੰਗਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ
ਸਮਝ ਜਾਏਂਗੀ ਧੀਏ ! ਜਦੋਂ ਬਣੇਂਗੀ ਖੁਦ ਤੂੰ ਮਾਂ ਇੱਕ ਦਿਨ
ਮੁਹੱਬਤ ਪਕੜ ਕੇ ਨਾ ਰੱਖ ਸਕੀ ਜਦ ਉਸ ਦੀ ਵੀਣੀ ਨੂੰ
ਤਾਂ ਉਸ ਨੇ ਪਹਿਨ ਲਈਆਂ ਬਾਂਹ 'ਚ ਰੱਤੀਆਂ ਚੂੜੀਆਂ ਇੱਕ ਦਿਨ
ਇਹ ਵਿਰਸਾ ਕਿਸ ਨੂੰ ਕਹਿੰਦੇ ਨੇ ਤੇ ਇਹ ਤਹਿਜ਼ੀਬ ਕੀ ਹੁੰਦੀ
ਅਜਾਇਬ ਘਰ 'ਚ ਚਰਚਾ ਕਰਦੀਆਂ ਸੀ ਚੁੰਨੀਆਂ ਇੱਕ ਦਿਨ
ਇਨਾਂ ਸੁੱਤਿਆਂ ਮਲਾਹਾਂ ਨੂੰ ਉਦੋਂ ਹੀ ਜਾਗ ਆਉਣੀ ਹੈ
ਜਦੋਂ ਵੱਜੀਆਂ ਚੱਟਾਨਾਂ ਵਿੱਚ ਜਾ ਕੇ ਕਿਸ਼ਤੀਆਂ ਇੱਕ ਦਿਨ
ਸ਼ਗੂਫੇ ਸਾਂਭ ਲੈ ਸਾਰੇ ਤੂੰ ਯਾਦਾਂ ਦੀ ਕਿਤਾਬ ਅੰਦਰ
ਕਿ ਆਖਰ ਜ਼ਿੰਦਗੀ ਵਿਚ ਆਉਣੀਆਂ ਨੇ ਪਤਝੜਾਂ ਇੱਕ ਦਿਨ
ਜਾਂ ਮੁਨਕਰ ਹੋ ਗਏ ਮੈਥੋਂ ਮੇਰੇ ਪਾਲੇ ਹੋਏ ਬੂਟੇ
ਮੈਂ ਅਪਣੇ ਪਾਣੀਆਂ ਵਿੱਚ ਪਾਲ ਲਈਆਂ ਮੱਛਲੀਆਂ ਇੱਕ ਦਿਨ

## ਦਾਗ਼ਿਸਤਾਨ

ਰਸੂਲ ਹਮਜ਼ਾਤੋਵ



ਜਿੱਥੇ ਵਾਦੀਆਂ ਧੁੰਦ-ਧੁੰਦਲੀਆਂ,
ਰੁੱਖ ਸਿੰਗ ਜਿਹੇ ਬਿਨ ਫਲਾਂ,
ਉੱਠ ਦੀ ਪਿੱਠ ਤੋਂ ਉੱਚੇ ਪਰਬਤ,
ਝਰ ਝਰ ਝਰਨੇ ਵਹਿਣ ਤਹਾਂ,
ਏਦਾਂ ਜਿਦਾਂ ਸ਼ੇਰ ਦਹਾੜਨ,
ਪਹਾੜੀ ਨਦੀਆਂ ਗਰਜਦੀਆਂ,
ਜਲ-ਝਰਨੇ ਨੇ ਵਾਂਗ ਅਯਾਲਾਂ,
ਪੰਖੀ-ਨੈਣ ਜਿਹੇ ਸੋਤ ਤਹਾਂ।
ਸਿੱਧੀਆਂ ਸੁੱਖੜ ਚਟਾਨਾਂ ਵਿੱਚੋਂ,
ਜਿਉਂ ਰਾਹ ਪੱਥਰਾਂ 'ਚੋਂ ਨਿਕਲਣ
ਗੀਤ ਗੂੰਜਦੇ ਟਿੱਲਿਆਂ ਵਿਚੋਂ
ਧੂਹ ਲੈਂਦੇ ਦਿਲ ਇਨਸਾਨਾਂ ਦੇ।

## ਸ਼ਰੀਂਹ ਦੇ ਫੁੱਲ

ਸ਼ਿਵ ਕੁਮਾਰ ਬਟਾਲਵੀ

ਦਿਲ ਦੇ ਝੱਲੇ ਮਿਰਗ ਨੂੰ ਲੱਗੀ ਹੈ ਤੇਹ,
ਪਰ ਨੇ ਦਿਸਦੇ ਹਰ ਤਰਫ਼ ਵੀਰਾਨ ਥੇਹ।
ਕੀ ਕਰਾਂ ? ਕਿਥੋਂ ਬੁਝਾਵਾਂ ਮੈਂ ਪਿਆਸ,
ਹੋ ਗਏ ਬੰਜਰ ਜਿਹੇ ਦੋ ਨੈਣ ਇਹ।
ਥਲ ਹੋਏ ਦਿਲ 'ਚੋਂ ਗ਼ਮਾਂ ਦੇ ਕਾਫ਼ਲੇ,
ਰੋਜ਼ ਲੰਘਦੇ ਨੇ ਉਡਾ ਜਾਂਦੇ ਨੇ ਖੇਹ।
ਦੁਆਰ ਦਿਲ ਦੇ ਖਾ ਗਈ ਹਠ ਦੀ ਸਿਉਂਕ,
ਖਾ ਗਈ ਚੰਦਨ ਦੀ ਦੇਹ ਬਿਰਹੋਂ ਦੀ ਲੇਹ।
ਰਤਨ ਖ਼ੁਸ਼ੀਆਂ ਦੇ ਮਣਾਂ ਮੂੰਹ ਪੀਹ ਲਏ,
ਇਕ ਪਰਾਗਾ ਰੋੜ ਪਰ ਹੋਏ ਨਾ ਪੀਹ।
ਮਨ ਮੋਏ ਦਾ ਗਾਹਕ ਨਾ ਮਿਲਿਆ ਕੋਈ,
ਤਨ ਦੀ ਡੋਲੀ ਦੇ ਮਿਲੇ ਪਰ ਰੋਜ਼ ਵੀਹ।
ਚਿਰ ਹੋਇਆ ਮੇਰੇ ਮੁਹਾਣੇ ਡੁੱਬ ਗਏ,
ਹੁਣ ਸਹਾਰੇ ਖ਼ਿਜ਼ਰ ਦੇ ਦੀ ਲੋੜ ਕੀਹ?
ਜਾਣਦੇ ਬੁਝਦੇ ਯਸੂ ਦੇ ਰਹਿਨੁਮਾ,
ਚਾੜ੍ਹ ਆਏ ਬੇ-ਗੁਨਾਹ ਸੂਲੀ ਮਸੀਹ।
ਮੇਰਿਆਂ ਗੀਤਾਂ ਦੀ ਮੈਨਾਂ ਮਰ ਗਈ,
ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ।
ਆਖ਼ਰੀ ਫੁੱਲ ਵੀ ਸ਼ਰੀਂਹ ਦਾ ਡਿੱਗ ਪਿਆ,
ਖਾ ਗਿਆ ਸਰਸਬਜ਼ ਜੂਹਾਂ ਸਰਦ ਪੋਹ।
ਚੰਨ ਦੀ ਰੋਟੀ ਪਕਾਈ ਤਾਰਿਆਂ,
ਬਦਲੀਆਂ ਮਰ ਜਾਣੀਆਂ ਗਈਆਂ ਲੈ ਖੋਹ।
ਗੋਂਦਵੀਂ ਆਸਾਂ ਦੀ ਡੋਰੀ ਟੁੱਟ ਗਈ,
ਧਾਣ ਚਿੜੀਆਂ ਠੂੰਗ ਲਏ ਥੇਥੇ ਨੇ ਤੋਹ।
ਪੈ ਗਈਆਂ ਫੁੱਲਾਂ ਦੇ ਮੂੰਹ 'ਤੇ ਝੁਰੜੀਆਂ,
ਤਿਤਲੀਆਂ ਦੀ ਹੋ ਗਈ ਧੁੰਦਲੀ ਨਿਗਾਹ।
ਫੂਕ ਘੱਤੇ ਪਰ ਕਿਸੇ ਅੱਜ ਮੋਰ ਦੇ,
ਹਫ਼ ਗਏ ਕਿਸੇ ਭੌਰ ਦੇ ਉੱਡ-ਉੱਡ ਕੇ ਸਾਹ।
ਵਗ ਰਹੀ ਹੈ ਓਪਰੀ ਜਿਹੀ ਅੱਜ ਹਵਾ,
ਲੌਂਗ ਊਸ਼ਾ ਦੇ, ਦੀ ਹੈ ਕੁਝ ਹੋਰ ਭਾਹ।
ਫੂਕ ਲੈਣੇ ਨੇ ਮੈਂ ਢਾਰੇ ਆਪਣੇ,
ਭੁੱਲ ਜਾਣੇ ਨੇ ਮੈਂ ਆਪਣੇ ਆਪ ਰਾਹ।
ਦੂਰ ਹੋ ਕੇ ਬਹਿ ਦਿਲ ਦੀਏ ਹਸਰਤੇ,
ਛੂਹ ਨਾ ਪੀੜਾਂ ਮਾਰੀਏ ਮੈਨੂੰ ਨਾ ਛੂਹ।
ਖਾਣ ਦੇ ਜਿੰਦੂ ਨੂੰ ਕੱਲਰ ਸੋਗ ਦੇ,
ਮਹਿਕੀਆਂ ਰੁੱਤੀਆਂ ਦੇ ਵੱਲ ਇਹਨੂੰ ਨਾ ਧੂਹ।
ਥੱਕ ਗਈ ਮੂੰਹ-ਜ਼ੋਰ ਜਿੰਦ ਲਾਹ ਲੈ ਲਗਾਮ,
ਨਰੜ ਕੇ ਬੰਨ੍ਹ ਲੈ ਮੇਰੀ ਬੇਚੈਨ ਰੂਹ।
ਪੀਣ ਦੇ ਆਡਾਂ ਨੂੰ ਪਾਣੀ ਪੀਣ ਦੇ,
ਭਰ ਨਸਾਰਾਂ ਵਹਿਣ ਦੇ ਨੈਣਾਂ ਦੇ ਖੂਹ।

## ਮਾਂ ਦਾ ਇੱਕ ਸਿਰਨਾਵਾਂ

ਰਵਿੰਦਰ ਰਵੀ



ਅੱਕ ਕੱਕੜੀ ਦੇ ਫੰਬੇ ਖਿੰਡੇ,
ਬਿਖਰੇ ਵਿਚ ਹਵਾਵਾਂ!
ਸਵੈ-ਪਹਿਚਾਣ 'ਚ ਉੱਡੇ, ਭਟਕੇ -
ਦੇਸ਼, ਦੀਪ, ਦਿਸ਼ਾਵਾਂ!
ਬਾਹਰੋਂ ਅੰਦਰ, ਅੰਦਰੋਂ ਬਾਹਰ -
ਭਟਕੇ ਚਾਨਣ, ਚਾਨਣ ਦਾ ਪਰਛਾਵਾਂ!
ਮਾਂ-ਬੋਲੀ 'ਚੋਂ ਮਮਤਾ ਢੂੰਡਣ,
ਤੜਪ ਰਹੇ ਬਿਨ ਮਾਵਾਂ!
ਮੰਗਦੀ ਹੈ ਪਹਿਚਾਣ ਇਨ੍ਹਾਂ ਦੀ,
ਅੱਜ ਜੜ੍ਹ ਦਾ ਸਿਰਨਾਵਾਂ!
ਜੜ੍ਹਾਂ ਵਾਲਿਓ! ਜੜ੍ਹ ਦੇ ਸੁਫਨੇ,
ਲੱਥੇ ਵਿੱਚ ਖਲਾਵਾਂ!
ਮਾਂ-ਭੋਂ ਬਾਝੋਂ, ਕਿੱਥੇ ਪੱਲ੍ਹਰਣ ?
ਸਭ ਬੇਗਾਨੀਆਂ ਥਾਵਾਂ!
ਮੋਹ-ਮਾਇਆ ਦੇ ਕਈ ਸਿਰਨਾਵੇਂ,
ਮਾਂ ਦਾ ਇੱਕ ਸਿਰਨਾਵਾਂ!!!



# 90 ਦੇ ਦਹਾਕੇ ਦੀਆਂ 13 ਸਦਾਬਹਾਰ ਫ਼ਿਲਮਾਂ

## ਅਜੇ ਵੀ ਪਸੰਦ ਨੇ ਦਰਸ਼ਕਾਂ ਨੂੰ



ਅੱਜ-ਕੱਲ੍ਹ ਲੋਕ ਪੈਦਲ, ਮੈਟਰੋ, ਬੱਸਾਂ, ਰੇਲ ਅਤੇ ਦਫ਼ਤਰ ਵਿੱਚ ਵੀ ਮੋਬਾਈਲ 'ਤੇ ਫ਼ਿਲਮਾਂ ਦੇਖਦੇ ਹਨ। ਫਿਲਮਾਂ ਦੀ ਵੀ ਕੋਈ ਕਮੀ ਨਹੀਂ ਹੈ।ਅਜਿਹੇ ਪਲੇਟਫਾਰਮ ਹਨ ਜਿੱਥੇ ਤੁਹਾਨੂੰ ਫਿਲਮਾਂ ਦੇਖਣ ਲਈ ਪੈਸੇ ਵੀ ਨਹੀਂ ਦੇਣੇ ਪੈਂਦੇ, ਪਰ ਉਹ ਵੀ ਉਹ ਸਮਾਂ ਸੀ ਜਦੋਂ ਫਿਲਮਾਂ ਦੇਖਣਾ ਮਨੋਰੰਜਨ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਜਾਂਦਾ ਸੀ।

90 ਦੇ ਦਹਾਕੇ ਦੇ ਬੱਚਿਆਂ ਨੂੰ ਫਿਲਮਾਂ ਇਸ ਤਰ੍ਹਾਂ ਪਸੰਦ ਸਨ ਕਿ ਉਨ੍ਹਾਂ ਨੂੰ ਆਪਣੇ ਦੌਰ ਦੀਆਂ ਬਿਹਤਰੀਨ ਫਿਲਮਾਂ ਦੇ ਹਰ ਗੀਤ ਦੇ ਹਰ ਡਾਇਲਾਗ ਅਤੇ ਬੋਲ ਯਾਦ ਸਨ। 90 ਦੇ ਦਹਾਕੇ ਦੀਆਂ ਇਹ ਸਦਾਬਹਾਰ ਫਿਲਮਾਂ ਲਾਕਡਾਊਨ ਦੌਰਾਨ ਵੀ ਬਹੁਤ ਦੇਖੀਆਂ ਗਈਆਂ ਸਨ। ਤਾਂ ਆਓ ਤੁਹਾਨੂੰ ਦੱਸਦੇ ਹਾਂ 90 ਦੇ ਦਹਾਕੇ ਦੀਆਂ ਉਨ੍ਹਾਂ 13 ਫਿਲਮਾਂ ਬਾਰੇ, ਜਿਨ੍ਹਾਂ ਨੂੰ ਅਸੀਂ ਅੱਜ ਵੀ ਬਹੁਤ ਦਿਲਚਸਪੀ ਨਾਲ ਦੇਖਣਾ ਪਸੰਦ ਕਰਦੇ ਹਾਂ।

1. ਹਮ ਆਪਕੇ ਹੈ ਕੌਣ
2. ਰੰਗੀਲਾ
3. ਦਿਲ
4. ਇਸ਼ਕ
5. ਹਮ
6. ਜੋ ਜੀਤਾ ਵਹੀ ਸਿਕੰਦਰ
7. ਹਮ ਹੈ ਰਾਹੀ ਪਿਆਰ ਕੇ
8. ਅਨਾੜੀ
9. ਦਾਮਿਨੀ
10. ਕੁਛ ਕੁਛ ਹੋਤਾ ਹੈ
11. ਹਮ ਸਾਥ ਸਾਥ ਹੈ
12. ਜਬ ਪਿਆਰ ਕਿਸੀ ਸੇ ਹੋਤਾ ਹੈ
13. ਅੰਦਾਜ਼ ਅਪਨਾ ਅਪਨਾ

**1. ਹਮ ਆਪਕੇ ਹੈ ਕੌਣ**

ਜੇਕਰ ਪਰਿਵਾਰਕ ਫ਼ਿਲਮਾਂ ਦੀ ਗੱਲ ਕਰੀਏ ਤਾਂ ਹਿੰਦੀ ਸਿਨੇਮਾ ਵਿੱਚ ਸ਼ਾਇਦ ਹੀ ਕੋਈ ਅਜਿਹੀ ਫ਼ਿਲਮ ਬਣੀ ਹੋਵੇ ਜੋ ਹਮ ਆਪਕੇ ਹੈ ਕੌਣ ਦਾ ਮੁਕਾਬਲਾ ਕਰ ਸਕੇ। ਹਮ ਆਪਕੇ ਹੈ ਕੌਣ, ਜਿਸ ਨੂੰ ਸਲਮਾਨ ਖਾਨ ਦੀ ਸਭ ਤੋਂ ਵਧੀਆ ਫਿਲਮਾਂ ਵਿੱਚੋਂ ਇੱਕ ਕਿਹਾ ਜਾਂਦਾ ਹੈ, 1994 ਵਿੱਚ ਰਿਲੀਜ਼ ਹੋਈ ਸੀ। ਫਿਲਮ 'ਚ ਸਲਮਾਨ ਅਤੇ ਮਾਧੁਰੀ ਦੀਕਸ਼ਿਤ ਦੀ ਜੋੜੀ ਨੂੰ ਖੂਬ ਪਸੰਦ ਕੀਤਾ ਗਿਆ ਸੀ। ਇੱਕ ਪਰਿਵਾਰ ਦੇ ਪਿਆਰ ਅਤੇ ਭਰੋਸੇ ਦੀ ਕਹਾਣੀ ਦੱਸਦੇ ਹੋਏ ਇਸ ਫਿਲਮ ਨੇ ਲੋਕਾਂ ਦੇ ਦਿਲਾਂ ਵਿੱਚ ਇੱਕ ਖਾਸ ਜਗ੍ਹਾ ਬਣਾਈ ਹੈ। ਫਿਲਮ ਦੇ ਲਗਭਗ ਸਾਰੇ ਗੀਤ ਅਜਿਹੇ ਹਿੱਟ ਹੋਏ ਸਨ ਕਿ ਅੱਜ ਵੀ ਤੁਸੀਂ ਉਨ੍ਹਾਂ ਨੂੰ ਵਿਆਹਾਂ ਅਤੇ ਲੇਡੀ ਸੰਗੀਤਾਂ ਵਿੱਚ ਸੁਣਨ ਨੂੰ ਮਿਲਣਗੇ।



**2. ਰੰਗੀਲਾ**

ਇਸ ਫਿਲਮ ਨੂੰ ਆਪਣੇ ਦੌਰ ਦੀ ਸਭ ਤੋਂ ਸੈਕਸੀ ਫਿਲਮ ਮੰਨਿਆ ਗਿਆ ਹੈ। ਯਕੀਨ ਨਾ ਹੋਵੇ ਤਾਂ ਤੁਸੀਂ ਇਸ ਫਿਲਮ ਦਾ ਗੀਤ 'ਤਨਹਾ ਤਨਹਾ ਯਹਾਂ ਪੇ ਜੀਨਾ' ਦੇਖ ਸਕਦੇ ਹੋ, ਜਿਸ 'ਚ ਜੈਕੀ ਸ਼ਰਾਫ ਵਰਗੇ ਕਲਾਕਾਰ ਵੀ ਹੌਟ ਨਜ਼ਰ ਆ ਰਹੇ ਹਨ। ਰਾਮ ਗੋਪਾਲ ਵਰਮਾ ਨੇ ਅਜਿਹੀ ਸ਼ਾਨਦਾਰ ਸੰਗੀਤਕ ਡਰਾਮਾ ਫਿਲਮ ਬਣਾ ਕੇ ਬਾਲੀਵੁੱਡ ਵਿੱਚ ਇਤਿਹਾਸ ਰਚਿਆ ਸੀ। 1995 ਵਿੱਚ ਰਿਲੀਜ਼ ਹੋਈ ਇਸ ਫਿਲਮ ਵਿੱਚ ਆਮਿਰ ਖਾਨ ਨੇ ਮੁੰਨਾ ਦਾ ਕਿਰਦਾਰ ਨਿਭਾਇਆ ਸੀ ਜੋ ਇੱਕ ਟਾਪੋਰੀ ਹੈ। ਦੂਜੇ ਪਾਸੇ ਉਸ ਦੌਰ ਦੀ ਮਸ਼ਹੂਰ ਅਦਾਕਾਰਾ ਉਰਮਿਲਾ ਮਾਤੋਂਡਕਰ ਨਜ਼ਰ ਆ ਰਹੀ ਹੈ। ਫਿਲਮ 'ਚ ਉਰਮਿਲਾ ਨੇ ਪ੍ਰਿਆ ਦਾ ਕਿਰਦਾਰ ਨਿਭਾਇਆ ਸੀ। ਇੱਕ ਮੱਧ ਵਰਗੀ ਪਰਿਵਾਰ ਵਿੱਚ ਵੱਡੀ ਹੋਈ ਪ੍ਰਿਆ ਇੱਕ ਵੱਡੀ ਅਦਾਕਾਰਾ ਬਣਨਾ ਚਾਹੁੰਦੀ ਹੈ। ਫਿਲਮ 'ਚ ਜੈਕੀ ਸ਼ਰਾਫ ਇਕ ਮਸ਼ਹੂਰ ਹੀਰੋ ਦੀ ਭੂਮਿਕਾ 'ਚ ਨਜ਼ਰ ਆ ਰਹੇ ਹਨ। ਇਕ ਪਾਸੇ ਮੁੰਨਾ



ਆਪਣੀ ਬਚਪਨ ਦੀ ਦੋਸਤ ਪ੍ਰਿਆ ਦੇ ਪਿਆਰ 'ਚ ਹੈ, ਉਥੇ ਹੀ ਜੈਕੀ ਸ਼ਰਾਫ ਵੀ ਪ੍ਰਿਆ ਦੇ ਪਿਆਰ 'ਚ ਪਾਗਲ ਹੈ। ਏ ਆਰ ਰਹਿਮਾਨ ਨੇ ਆਪਣੇ ਸੰਗੀਤ ਨਾਲ ਫਿਲਮ ਦੇ ਗੀਤਾਂ ਵਿੱਚ ਜਾਨ ਪਾ ਦਿੱਤੀ ਹੈ।

3. ਦਿਲ

1990 ਵਿੱਚ ਰਿਲੀਜ਼ ਹੋਈ ਫਿਲਮ ਦਿਲ ਆਪਣੇ ਸਮੇਂ ਦੀ ਸਭ ਤੋਂ ਵਧੀਆ ਫਿਲਮਾਂ ਵਿੱਚੋਂ ਇੱਕ ਸੀ। ਫਿਲਮ ਦੀ ਕਹਾਣੀ ਰਾਜਾ (ਆਮਿਰ ਖਾਨ) ਅਤੇ ਮਧੂ (ਮਾਧੁਰੀ ਦੀਕਸ਼ਿਤ) ਦੀ ਹੈ। ਦੋਵੇਂ ਇੱਕੋ ਕਾਲਜ ਵਿੱਚ ਪੜ੍ਹਦੇ ਹਨ।ਸ਼ੁਰੂ ਵਿੱਚ, ਦੋਵੇਂ ਇੱਕ ਦੂਜੇ ਨਾਲ ਨਹੀਂ ਮਿਲਦੇ, ਇੱਥੋਂ ਤੱਕ ਕਿ ਮਧੂ ਨੇ ਰਾਜੇ ਉੱਤੇ ਵਧੀਕੀਆਂ ਦਾ ਝੂਠਾ ਇਲਜ਼ਾਮ ਲਗਾਇਆ, ਪਰ ਬਾਅਦ ਵਿੱਚ ਉਹ ਪਿਆਰ ਵਿੱਚ ਪੈ ਜਾਂਦੇ ਹਨ ਅਤੇ ਦੋਵੇਂ ਵਿਆਹ ਕਰਨਾ ਚਾਹੁੰਦੇ ਹਨ। ਦੂਜੇ ਪਾਸੇ, ਰਾਜਾ ਦਾ ਪਿਤਾ ਹਜ਼ਾਰੀ ਪ੍ਰਸਾਦ (ਅਨੁਪਮ ਖੇਰ) ਇੱਕ ਆਮ ਆਦਮੀ ਹੈ ਪਰ ਉਹ ਅਮੀਰ ਹੋਣ ਦਾ ਦਿਖਾਵਾ ਕਰਦਾ ਹੈ ਤਾਂ ਜੋ ਉਹ ਆਪਣੇ ਇਕਲੌਤੇ ਪੁੱਤਰ ਦਾ ਇੱਕ ਅਮੀਰ ਪਿਤਾ ਦੀ ਧੀ ਨਾਲ ਵਿਆਹ ਕਰਵਾ ਸਕੇ ਅਤੇ ਮੋਟਾ ਦਾਜ ਲੈ ਸਕੇ। ਹਜ਼ਾਰੀ ਪ੍ਰਸਾਦ ਦਾ ਲਾਲਚ ਮਧੂ ਅਤੇ ਰਾਜੇ ਦੇ ਪਿਆਰ ਵਿੱਚ ਪਰੇਸ਼ਾਨੀ ਪੈਦਾ ਕਰਦਾ ਹੈ। ਫਿਲਮ ਵਿੱਚ ਖੰਬੇ ਜੈਸੀ ਖੜੀ ਹੈ, ਮੁਝੇ ਨੀਂਦ ਨਾ ਆਏ, ਹਮ ਨੇ ਘਰ ਛੋੜਾ ਹੈ ਵਰਗੇ ਸ਼ਾਨਦਾਰ ਗੀਤ ਹਨ ਜਿਨ੍ਹਾਂ ਦੇ ਬੋਲ ਅੱਜ ਵੀ 90 ਦੇ ਦਹਾਕੇ ਦੇ ਬੱਚੇ ਯਾਦ ਕਰਨਗੇ।

**4. ਇਸ਼ਕ**

ਇਸ਼ਕ ਆਪਣੇ ਦੌਰ ਦੀਆਂ ਮਸ਼ਹੂਰ ਫਿਲਮਾਂ ਵਿੱਚੋਂ ਇੱਕ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਫਿਲਮ 'ਚ ਆਮਿਰ ਖਾਨ, ਅਜੇ ਦੇਵਗਨ, ਜੂਹੀ ਚਾਵਲਾ ਅਤੇ ਕਾਜੋਲ ਵਰਗੇ ਵੱਡੇ ਸਿਤਾਰੇ ਇਕੱਠੇ ਨਜ਼ਰ ਆਏ ਸਨ। ਫਿਲਮ ਵਿੱਚ ਦੋ ਵੱਡੇ ਕਾਰੋਬਾਰੀਆਂ ਦੇ ਬੱਚੇ ਅਜੇ (ਅਜੇ ਦੇਵਗਨ) ਅਤੇ ਮਧੂ (ਜੂਹੀ ਚਾਵਲਾ) ਇੱਕ ਗਰੀਬ ਕੁੜੀ ਕਾਜਲ (ਕਾਜੋਲ) ਅਤੇ ਇੱਕ ਮਕੈਨਿਕ ਰਾਜਾ (ਆਮਿਰ ਖਾਨ) ਦੇ ਪਿਆਰ ਵਿੱਚ ਪੈ ਜਾਂਦੇ ਹਨ। ਫਿਲਮ 'ਚ ਜਿੱਥੇ ਆਮਿਰ ਅਤੇ ਜੂਹੀ ਹਮੇਸ਼ਾ ਮਜ਼ਾਕ ਕਰਦੇ ਨਜ਼ਰ ਆਉਂਦੇ ਹਨ, ਉੱਥੇ ਹੀ ਕਾਜੋਲ ਅਤੇ ਅਜੇ ਦੇਵਗਨ ਇਕ ਦੂਜੇ ਦੇ ਸੱਚੇ ਪਿਆਰ 'ਚ ਪੈ ਜਾਂਦੇ ਹਨ।

**5. ਹਮ**

ਲੜਾਈ, ਡਰਾਮਾ, ਥ੍ਰਿਲਰ, ਸਸਪੈਂਸ, ਪਰਿਵਾਰਕ ਅਤੇ ਕਾਮੇਡੀ ਨਾਲ ਭਰਪੂਰ ਇਹ ਫਿਲਮ 1991 ਵਿੱਚ ਰਿਲੀਜ਼ ਹੋਈ ਸੀ। ਅਮਿਤਾਭ ਬੱਚਨ ਨੇ ਫਿਲਮ 'ਚ ਟਾਈਗਰ ਦਾ ਕਿਰਦਾਰ ਨਿਭਾਅ ਕੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਉਹ ਸੱਚੇ ਸੁਪਰਸਟਾਰ ਹਨ। ਫਿਲਮ 'ਚ ਅਮਿਤਾਭ ਤੋਂ ਇਲਾਵਾ ਗੋਵਿੰਦਾ, ਰਜਨੀਕਾਂਤ, ਅਨੁਪਮ ਖੇਰ ਅਤੇ ਡੈਨੀ ਵਰਗੇ ਮਸ਼ਹੂਰ ਕਲਾਕਾਰ ਐਕਟਿੰਗ ਕਰਦੇ ਨਜ਼ਰ ਆ ਰਹੇ ਹਨ।

**6. ਜੋ ਜੀਤਾ ਵਹੀ ਸਿਕੰਦਰ**

ਅੱਜ ਸਾਡੇ ਕੋਲ ਕਾਲਜ ਦੇ ਰੋਮਾਂਸ ਅਤੇ ਖੇਡਾਂ 'ਤੇ ਬਣੀਆਂ ਫਿਲਮਾਂ ਦੀ ਭਾਵੇਂ ਕੋਈ ਕਮੀ ਨਾ ਹੋਵੇ ਪਰ 1992 'ਚ ਜਦੋਂ 'ਜੋ ਜੀਤਾ ਵਹੀ ਸਿਕੰਦਰ' ਆਈ ਤਾਂ ਇਹ ਆਪਣੀ ਕਿਸਮ ਦੀਆਂ ਕੁਝ ਫਿਲਮਾਂ 'ਚੋਂ ਇਕ ਸੀ। ਫਿਲਮ 'ਚ ਆਮਿਰ ਖਾਨ ਨੇ ਸੰਜੇ ਦੀ ਭੂਮਿਕਾ ਨਿਭਾਈ ਹੈ, ਜੋ ਇਕ ਲਾਪਰਵਾਹ ਨੌਜਵਾਨ ਹੈ, ਜੋ ਹਮੇਸ਼ਾ ਆਪਣੇ ਰੁਤਬੇ 'ਤੇ ਸ਼ਰਮਿੰਦਾ ਰਹਿੰਦਾ ਹੈ, ਪਰ ਇਕ ਦੁਰਘਟਨਾ ਉਸ ਦੀ ਜ਼ਿੰਦਗੀ ਦਾ ਰੁਖ ਬਦਲ ਦਿੰਦੀ ਹੈ ਅਤੇ ਉਸ ਦਾ ਵਿਵਹਾਰ ਵੀ ਬਹੁਤ ਬਦਲ ਜਾਂਦਾ ਹੈ। ਦਰਅਸਲ, ਸੰਜੇ ਦਾ ਭਰਾ ਅੰਤਰ-ਕਾਲਜ ਸਾਈਕਲ ਰੇਸ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਹੁੰਦਾ, ਤਾਂ ਸੰਜੇ ਆਪਣੇ ਭਰਾ ਦੀ ਬਜਾਏ ਇਸ ਦੌੜ ਵਿੱਚ ਹਿੱਸਾ ਲੈਂਦਾ ਹੈ।

**7. ਹਮ ਹੈ ਰਾਹੀ ਪਿਆਰ ਕੇ**

1993 ਵਿੱਚ ਰਿਲੀਜ਼ ਹੋਈ ਇਹ ਰੋਮਾਂਸ, ਕਾਮੇਡੀ, ਡਰਾਮਾ ਫ਼ਿਲਮ ਸਦਾਬਹਾਰ ਫ਼ਿਲਮਾਂ ਵਿੱਚ ਗਿਣੀ ਜਾਂਦੀ ਹੈ। ਫਿਲਮ 'ਚ ਆਮਿਰ ਖਾਨ ਰਾਹੁਲ ਨਾਂ ਦੇ ਨੌਜਵਾਨ ਦੀ ਭੂਮਿਕਾ 'ਚ ਨਜ਼ਰ ਆ ਰਹੇ ਹਨ। ਰਾਹੁਲ ਇੱਕ ਕੱਪੜਾ ਫੈਕਟਰੀ ਵਿੱਚ ਮੈਨੇਜਰ ਹੈ, ਇਸ ਦੇ ਨਾਲ ਹੀ ਉਹ ਆਪਣੀ ਭੈਣ ਦੇ ਤਿੰਨ ਬੱਚਿਆਂ ਦੀ ਦੇਖਭਾਲ ਵੀ ਕਰ ਰਿਹਾ ਹੈ। ਬੱਚੇ ਰਾਹੁਲ ਨੂੰ ਆਪਣੀਆਂ ਸ਼ਰਾਰਤਾਂ ਨਾਲ ਪਰੇਸ਼ਾਨ ਕਰਦੇ ਰਹਿੰਦੇ ਹਨ। ਇਸ ਦੌਰਾਨ ਫਿਲਮ 'ਚ ਵੈਜੰਤੀ ਯਾਨੀ ਜੂਹੀ ਚਾਵਲਾ ਦੀ ਐਂਟਰੀ ਹੁੰਦੀ ਹੈ ਜੋ ਆਪਣੇ ਅਮੀਰ ਪਿਤਾ ਦੇ ਘਰੋਂ ਭੱਜ ਗਈ ਹੈ। ਵੈਜੰਤੀ ਦੀ ਐਂਟਰੀ ਤੋਂ ਬਾਅਦ ਫਿਲਮ ਦੀ ਕਹਾਣੀ ਵੱਖਰਾ ਮੋੜ ਲੈਂਦੀ ਹੈ। ਇਸ ਫਿਲਮ ਦੇ ਟਾਈਟਲ ਟਰੈਕ ਨੂੰ ਲੋਕਾਂ ਨੇ ਕਾਫੀ ਪਸੰਦ ਕੀਤਾ ਸੀ।

**8. ਅਨਾੜੀ**

1993 ਵਿੱਚ ਰਿਲੀਜ਼ ਹੋਈ ਇਸ ਫ਼ਿਲਮ ਦੀ ਕਹਾਣੀ ਰਾਜ ਨੰਦਿਨੀ ਤੋਂ ਸ਼ੁਰੂ ਹੁੰਦੀ ਹੈ, ਜੋ ਅਮੀਰ ਜ਼ਿਮੀਂਦਾਰ ਭਰਾਵਾਂ ਦੀ ਇਕਲੌਤੀ ਅਤੇ ਲਾਡਲੀ ਭੈਣ ਹੈ। ਰਾਜ ਨੰਦਿਨੀ ਦੇ 3 ਭਰਾ ਉਸ ਨੂੰ ਆਪਣੇ ਬੱਚੇ ਦੇ ਰੂਪ ਵਿੱਚ ਪਾਲਦੇ ਹਨ ਕਿਉਂਕਿ ਉਨ੍ਹਾਂ ਦੇ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਪਰ ਕਹਾਣੀ ਉਦੋਂ ਨਵਾਂ ਮੋੜ ਲੈਂਦੀ ਹੈ ਜਦੋਂ ਘਰ ਦਾ ਨੌਕਰ ਰਾਮ (ਵੇਂਕਟੇਸ਼) ਨੰਦਿਨੀ ਵਿੱਚ ਆਜ਼ਾਦੀ ਦੀ ਇੱਛਾ ਪੈਦਾ ਕਰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਦੇ ਭਰਾ ਉਸ ਨੂੰ ਇੰਨਾ ਪਿਆਰ ਕਰਦੇ ਹਨ ਕਿ ਉਹ ਨੰਦਿਨੀ ਦੀ ਜ਼ਿੰਦਗੀ ਦਾ ਹਰ ਫੈਸਲਾ ਖੁਦ ਕਰਦੇ ਹਨ। ਇੱਕ ਨੌਕਰ ਅਤੇ ਇੱਕ ਅਮੀਰ ਘਰ ਦੀ ਲਾਡਲੀ ਧੀ ਦਾ ਪਿਆਰ ਹੋ ਜਾਂਦਾ ਹੈ, ਜਿਸ ਤੋਂ ਬਾਅਦ ਰਾਮ ਦੀਆਂ ਮੁਸੀਬਤਾਂ ਵਧਣ ਲੱਗਦੀਆਂ ਹਨ।

**9. ਦਾਮਿਨੀ**



ਅੱਜ ਵੀ ਇਸ ਫਿਲਮ ਨੂੰ ਦੇਖ ਕੇ ਇੰਝ ਲੱਗਦਾ ਹੈ ਜਿਵੇਂ ਇਹ ਦੋ ਹਿੱਸਿਆਂ ਵਿੱਚ ਵੰਡੀ ਗਈ ਹੋਵੇ। ਪਹਿਲਾ ਭਾਗ ਦਾਮਿਨੀ ਦੇ ਜੀਵਨ ਵਿੱਚ ਖੁਸ਼ੀਆਂ ਦੇ ਆਉਣ ਦੀ ਖ਼ਬਰ ਦਿੰਦਾ ਹੈ ਅਤੇ ਦੂਜਾ ਭਾਗ ਜਦੋਂ ਦਾਮਿਨੀ, ਜੋ ਆਪਣੇ ਹੱਕਾਂ ਲਈ ਲੜ ਰਹੀ ਹੈ, ਵਕੀਲ ਗੋਵਿੰਦ ਯਾਨੀ ਸੰਨੀ ਦਿਓਲ ਨੂੰ ਮਿਲਦੀ ਹੈ। ਇਹ ਫਿਲਮ ਅੱਜ ਵੀ ਸੰਨੀ ਦਿਓਲ ਦੇ ਸੰਵਾਦਾਂ ਅਤੇ ਅਦਾਲਤ ਵਿੱਚ ਅਮਰੀਸ਼ ਪੁਰੀ ਨਾਲ ਹੋਏ ਟਕਰਾਅ ਲਈ ਯਾਦ ਕੀਤੀ ਜਾਂਦੀ ਹੈ।

**10. ਕੁਛ ਕੁਛ ਹੋਤਾ ਹੈ**

ਭਾਵੇਂ ਇਹ ਫਿਲਮ ਕਈਆਂ ਨੂੰ ਬੇਬੁਨਿਆਦ ਜਾਪਦੀ ਹੈ ਪਰ ਇਸ ਦੇ ਬਾਵਜੂਦ ਇਸ ਦੀ ਪ੍ਰਸਿੱਧੀ ਅੱਜ ਵੀ ਬਰਕਰਾਰ ਹੈ। ਅੱਜ ਵੀ ਜਦੋਂ ਇਹ ਫਿਲਮ ਟੀਵੀ 'ਤੇ ਆਉਂਦੀ ਹੈ ਤਾਂ ਲੋਕ ਇਸ ਨੂੰ ਦੇਖਦੇ ਹਨ। 1998 'ਚ ਰਿਲੀਜ਼ ਹੋਈ ਇਹ ਫਿਲਮ ਰਾਹੁਲ ਅਤੇ ਅੰਜਲੀ ਦੀ ਕਹਾਣੀ ਹੈ। ਜਿੱਥੇ ਅੰਜਲੀ (ਕਾਜੋਲ) ਆਪਣੇ ਦੋਸਤ ਰਾਹੁਲ (ਸ਼ਾਹਰੁਖ ਖਾਨ) ਨਾਲ ਡੂੰਘੇ ਪਿਆਰ ਵਿੱਚ ਹੈ, ਰਾਹੁਲ ਦੀ ਨਜ਼ਰ ਟੀਨਾ (ਰਾਣੀ ਮੁਖਰਜੀ) 'ਤੇ ਟਿਕੀ ਹੋਈ ਹੈ। ਕਰਨ ਜੌਹਰ ਦੁਆਰਾ ਨਿਰਦੇਸ਼ਿਤ ਇਸ ਫਿਲਮ ਵਿੱਚ ਫੈਸ਼ਨ, ਸਟਾਈਲ, ਪ੍ਰੇਮ ਤਿਕੋਣ ਸਭ ਕੁਝ ਹੈ। ਇਸ ਦਿਲ ਨੂੰ ਛੂਹਣ ਵਾਲੀ ਕਹਾਣੀ ਵਿੱਚ ਰਾਹੁਲ ਦੀਆਂ ਸਾਰੀਆਂ ਗਲਤੀਆਂ ਦੇ ਬਾਵਜੂਦ, ਤੁਸੀਂ ਇਸ ਕਿਰਦਾਰ ਨਾਲ ਪਿਆਰ ਵਿੱਚ ਪੈ ਜਾਓਗੇ।

**11. ਹਮ ਸਾਥ ਸਾਥ ਹੈ**

ਹਮ ਆਪਕੇ ਹੈ ਕੌਣ ਤੋਂ ਬਾਅਦ ਜੇਕਰ ਕਿਸੇ ਪਰਿਵਾਰਕ ਫਿਲਮ ਨੂੰ ਦਰਸ਼ਕਾਂ ਦਾ ਸਭ ਤੋਂ ਵੱਧ ਪਿਆਰ ਮਿਲਿਆ ਹੈ, ਤਾਂ ਉਹ ਸੀ ਹਮ ਸਾਥ ਸਾਥ ਹੈ। ਇਹ ਮਮਤਾ ਅਤੇ ਰਾਮਕਿਸ਼ਨ ਦੇ ਤਿੰਨ ਪੁੱਤਰਾਂ ਅਤੇ ਇੱਕ ਧੀ ਦੀ ਕਹਾਣੀ ਹੈ। ਜਿਨ੍ਹਾਂ ਦੇ ਵਿਚਕਾਰ ਬਹੁਤ ਪਿਆਰ ਹੁੰਦਾ ਹੈ, ਪਰ ਇਸ ਪਿਆਰ ਦੀ ਪ੍ਰੀਖਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਇੱਕ ਮਾਂ ਇਸ ਨੂੰ ਆਪਣੇ ਬੱਚਿਆਂ ਵਿੱਚ ਵੰਡਣ ਦਾ ਫੈਸਲਾ ਕਰਦੀ ਹੈ। 1999 ਵਿੱਚ ਰਿਲੀਜ਼ ਹੋਈ ਇਹ ਫਿਲਮ ਸਲਮਾਨ ਖਾਨ, ਸੈਫ ਅਲੀ ਖਾਨ, ਮੋਹਨੀਸ਼ ਬਹਿਲ, ਤੱਬੂ, ਕਰਿਸ਼ਮਾ ਕਪੂਰ ਆਦਿ ਸਿਤਾਰਿਆਂ ਦੀ ਅਦਾਕਾਰੀ ਨਾਲ ਸ਼ਿੰਗਾਰੀ ਹੈ। ਅੱਜ ਵੀ ਜੇਕਰ ਇਹ ਫਿਲਮ ਕਿਤੇ ਵੀ ਦੇਖੀ ਜਾਵੇ ਤਾਂ ਲੋਕ ਇਸ ਨੂੰ ਦੇਖਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਦੇ।

**12. ਜਬ ਪਿਆਰ ਕਿਸੀ ਸੇ ਹੋਤਾ ਹੈ**

ਅੱਜ ਭਾਵੇਂ ਸਲਮਾਨ ਖਾਨ ਅਤੇ ਉਨ੍ਹਾਂ ਦੀਆਂ ਫਿਲਮਾਂ 'ਤੇ ਕਈ ਤਰ੍ਹਾਂ ਦੇ ਚੁਟਕਲੇ ਬਣਾਏ ਜਾ ਰਹੇ ਹਨ, ਪਰ ਇੱਕ ਸਮਾਂ ਸੀ ਜਦੋਂ ਸਲਮਾਨ ਜ਼ਿਆਦਾਤਰ ਭਾਰਤੀਆਂ ਲਈ ਦੁਨੀਆਂ ਦਾ ਸਭ ਤੋਂ ਖੂਬਸੂਰਤ ਆਦਮੀ ਸੀ। 'ਜਬ ਪਿਆਰ ਕਿਸੀ ਸੇ ਹੋਤਾ ਹੈ' ਉਸ ਦੌਰ ਦੀ ਫ਼ਿਲਮ ਹੈ। 1998 'ਚ ਰਿਲੀਜ਼ ਹੋਈ ਇਸ ਫਿਲਮ ਨੂੰ ਸਲਮਾਨ ਦੀਆਂ ਬਿਹਤਰੀਨ ਫਿਲਮਾਂ 'ਚੋਂ ਇਕ ਮੰਨਿਆ ਜਾਂਦਾ ਹੈ। ਫਿਲਮ 'ਚ ਸਲਮਾਨ ਖਾਨ ਨੇ ਸੂਰਜ ਨਾਂ ਦੇ ਇਕ ਮਾਸੂਮ, ਚੰਗੇ ਦਿੱਖ ਵਾਲੇ ਅਤੇ ਖੂਬਸੂਰਤ ਨੌਜਵਾਨ ਦੀ ਭੂਮਿਕਾ ਨਿਭਾਈ ਹੈ। ਫਿਲਮ ਵਿੱਚ ਸੂਰਜ ਇੱਕ ਪਲੇਬੁਆਏ ਕਿਸਮ ਦਾ ਨੌਜਵਾਨ ਹੈ ਜੋ ਪਿਆਰ ਦੇ ਅਸਲ ਅਰਥ ਨੂੰ ਸਮਝਦਾ ਹੈ ਜਦੋਂ ਉਹ ਕੋਮਲ ਨਾਮ ਦੀ ਇੱਕ ਕੁੜੀ ਨੂੰ ਆਪਣਾ ਦਿਲ ਦੇ ਦਿੰਦਾ ਹੈ। ਫਿਲਮ 'ਚ ਕੋਮਲ ਦਾ ਕਿਰਦਾਰ ਟਵਿੰਕਲ ਖੰਨਾ ਨੇ ਨਿਭਾਇਆ ਹੈ। ਫਿਲਮ 'ਚ ਸਲਮਾਨ ਅਤੇ ਟਵਿੰਕਲ ਤੋਂ ਇਲਾਵਾ ਆਦਿਤਿਆ ਨਰਾਇਣ, ਜੌਨੀ ਲੀਵਰ, ਅਨੁਪਮ ਖੇਰ ਵਰਗੇ ਕਲਾਕਾਰ ਵੀ ਨਜ਼ਰ ਆ ਰਹੇ ਹਨ।

**13. ਅੰਦਾਜ਼ ਅਪਨਾ ਅਪਨਾ**

ਸ਼ਾਇਦ ਹੀ ਕੋਈ ਅਜਿਹਾ ਹੋਵੇਗਾ ਜਿਸ ਨੇ ਇਸ ਫਿਲਮ ਨੂੰ ਨਾ ਦੇਖਿਆ ਹੋਵੇ ਜਾਂ ਪਸੰਦ ਨਾ ਕੀਤਾ ਹੋਵੇ। 1994 ਵਿੱਚ ਆਈ ਇਹ ਕਲਾਸਿਕ ਕਾਮੇਡੀ ਫ਼ਿਲਮ ਆਪਣੇ ਆਪ ਵਿੱਚ ਇੱਕ ਇਤਿਹਾਸਕ ਫ਼ਿਲਮ ਹੈ। ਫਿਲਮ ਅਮਰ ਅਤੇ ਪ੍ਰੇਮ ਦੀ ਕਹਾਣੀ ਦੱਸਦੀ ਹੈ, ਦੋ ਜੋਸ਼ੀਲੇ ਨੌਜਵਾਨਾਂ ਜੋ ਰਵੀਨਾ ਅਤੇ ਕਰਿਸ਼ਮਾ ਦੇ ਪਿਆਰ ਵਿੱਚ ਪੈ ਜਾਂਦੇ ਹਨ। ਦੂਜੇ ਪਾਸੇ ਤੇਜਾ ਅਤੇ ਕ੍ਰਾਈਮ ਮਾਸਟਰ ਗੋਗੋ ਨੇ ਫਿਲਮ ਦਾ ਮਜ਼ਾ ਦੁੱਗਣਾ ਕਰ ਦਿੱਤਾ। ਆਮਿਰ ਖਾਨ, ਸਲਮਾਨ ਖਾਨ, ਕਰਿਸ਼ਮਾ ਕਪੂਰ, ਰਵੀਨਾ ਟੰਡਨ, ਪਰੇਸ਼ ਰਾਵਲ ਅਤੇ ਸ਼ਕਤੀ ਕਪੂਰ ਵਰਗੇ ਕਲਾਕਾਰਾਂ ਦੀ ਅਦਾਕਾਰੀ ਨਾਲ ਸ਼ਿੰਗਾਰੀ ਇਸ ਫਿਲਮ ਨੂੰ ਲੋਕ ਅੱਜ ਵੀ ਓਨੇ ਹੀ ਉਤਸ਼ਾਹ ਨਾਲ ਦੇਖਦੇ ਹਨ, ਜਿੰਨਾ ਇਸ ਦੀ ਰਿਲੀਜ਼ ਦੇ ਸਮੇਂ ਦੇਖਿਆ ਗਿਆ ਸੀ।




*ਜਦੋਂ ਵੀ ਉਲੰਪਿਕ ਖੇਡਾਂ ਹੁੰਦੀਆਂ ਹਨ ਤਾਂ ਦੁਨੀਆਂ ਭਰ ਵਿੱਚ ਵਸਦੇ ਭਾਰਤੀਆਂ ਦੀਆਂ ਨਜ਼ਰਾਂ ਉਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ 'ਤੇ ਹੁੰਦੀਆਂ ਹਨ। ਹਰ ਭਾਰਤੀ ਨੂੰ ਉਮੀਦ ਹੁੰਦੀ ਹੈ ਕਿ ਉਲੰਪਿਕ ਖੇਡਾਂ ਵਿੱਚ ਭਾਰਤੀ ਖਿਡਾਰੀ ਜਿੱਤਾਂ ਪ੍ਰਾਪਤ ਕਰਕੇ ਦੇਸ਼ ਦਾ ਨਾਂਅ ਚਮਕਾਉਣਗੇ। ਖਿਡਾਰੀਆਂ ਵੱਲੋਂ ਵੀ ਉਲੰਪਿਕ ਖੇਡਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਪੂਰਾ ਜ਼ੋਰ ਲਗਾਇਆ ਜਾਂਦਾ ਹੈ, ਪਰ ਇਸਦੇ ਬਾਵਜੂਦ ਉਲੰਪਿਕ ਖੇਡਾਂ ਵਿੱਚ ਭਾਰਤ ਨੇ ਕੋਈ ਵੱਡੀ ਪ੍ਰਾਪਤੀ ਨਹੀਂ ਕੀਤਾ, ਜਿਸ ਕਰਕੇ ਉਲੰਪਿਕ ਦੀ ਤਗਮਾ ਸੂਚੀ ਵਿੱਚ ਭਾਰਤ ਕਾਫ਼ੀ ਪਿੱਛੇ ਰਹਿ ਜਾਂਦਾ ਹੈ।*

ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨਿਆ ਜਾਂਦਾ ਹੈ ਪਰ ਇਸ ਦੇਸ਼ ਦੀ ਖੇਡਾਂ ਦੇ ਖੇਤਰ ਵਿੱਚ ਕਾਰਗੁਜਾਰੀ ਢਿੱਲੀ ਹੀ ਹੈ। ਹਾਲ ਤਾਂ ਇਹ ਹੈ ਕਿ ਭਾਰਤ ਏਨੀ ਆਬਾਦੀ ਹੋਣ ਦੇ ਬਾਵਜੂਦ ਉਲੰਪਿਕ ਖੇਡਾਂ ਵਿੱਚ ਵੀ ਪਿਛੜ ਰਿਹਾ ਹੈ। ਇਹ ਠੀਕ ਹੈ ਕਿ ਭਾਰਤ ਕ੍ਰਿਕਟ ਵਿੱਚ ਕਈ ਅਹਿਮ ਪ੍ਰਾਪਤੀਆਂ ਕਰ ਚੁਕਿਆ ਹੈ, ਪਰ ਭਾਰਤ ਉਲੰਪਿਕ ਖੇਡਾਂ ਅਤੇ ਹੋਰ ਖੇਡਾਂ ਵਿੱਚ ਕਾਫ਼ੀ ਪਿਛੜ ਗਿਆ ਹੈ। ਦੂਜੇ ਪਾਸੇ ਕ੍ਰਿਕਟ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ, ਜਿਸ ਕਰਕੇ ਕ੍ਰਿਕਟ ਵਿੱਚ ਭਾਰਤ ਦੀ ਸਫਲਤਾ ਉਲੰਪਿਕ ਖੇਡਾਂ ਵਿੱਚ ਕਿਸੇ ਕੰਮ ਨਹੀਂ ਆਉਂਦੀ।

ਕੀ ਕਿਸੇ ਨੇ ਸੋਚਿਆ ਹੈ ਕਿ ਭਾਰਤ, ਉਲੰਪਿਕ ਵਿੱਚ ਤਗਮੇ ਦੀ ਸੂਚੀ ਦੇ ਅੰਤ ਵਿੱਚ ਕਿਉਂ ਆਉਂਦਾ ਹੈ ? ਚੀਨੀ ਸਰਕਾਰੀ ਮੀਡੀਆ ਨੇ ਉਨ੍ਹਾਂ ਕਾਰਨਾਂ ਨੂੰ ਸੂਚੀਬੱਧ ਕੀਤਾ ਜੋ ਇਸ ਦੇ ਮਾੜੇ ਪ੍ਰਦਰਸ਼ਨ ਦੇ ਪਿੱਛੇ ਸਨ। ਚੀਨੀ ਮੀਡੀਆ ਅਨੁਸਾਰ ਬੁਨਿਆਦੀ ਢਾਂਚੇ ਦੀ ਘਾਟ, ਮਾੜੀ ਸਿਹਤ, ਗਰੀਬੀ, ਲੜਕੀਆਂ ਨੂੰ ਖੇਡਾਂ ਵਿੱਚ ਹਿੱਸਾ ਨਾ ਲੈਣ ਦੇਣਾ, ਲੜਕਿਆਂ ਨੂੰ ਡਾਕਟਰ ਅਤੇ



ਇੰਜੀਨੀਅਰ ਬਣਨ ਦਾ ਲਾਲਚ, ਹੋਰਨਾਂ ਖੇਡਾਂ ਦੇ ਮੁਕਾਬਲੇ ਕ੍ਰਿਕਟ ਦੀ ਪ੍ਰਸਿੱਧੀ, ਭਾਰਤ ਦੀ ਹਾਕੀ ਦੀ ਘਟਦੀ ਸ਼ਾਨ ਅਤੇ ਉਲੰਪਿਕ ਬਾਰੇ ਜਾਣਕਾਰੀ ਦੀ ਘਾਟ ਭਾਰਤ ਦੇ ਉਲੰਪਿਕ ਖੇਡਾਂ ਵਿੱਚ ਪਿਛੜਨ ਦੇ ਮੁੱਖ ਕਾਰਨ ਹਨ।

ਉਲੰਪਿਕ ਖੇਡਾਂ ਵਿੱਚ ਭਾਰਤ ਨੂੰ ਘੱਟ ਹੀ ਤਗਮੇ ਮਿਲ ਰਹੇ ਹਨ। ਕਿਉਂ ? ਜਨਸੰਖਿਆ ਦੇ ਆਧਾਰ 'ਤੇ ਗਣਨਾ ਕਰਨ 'ਤੇ ਭਾਰਤ ਉਲੰਪਿਕ ਤਗਮਿਆਂ ਦੀ ਗਿਣਤੀ ਵਿੱਚ ਆਖਰੀ ਸਥਾਨ 'ਤੇ ਹੈ, 2012 ਦੀਆਂ ਉਲੰਪਿਕ ਖੇਡਾਂ ਵਿੱਚ ਸਿਰਫ ਛੇ ਤਗਮੇ ਸਨ, ਜਿਨ੍ਹਾਂ ਵਿਚੋਂ ਕੋਈ ਵੀ ਸੋਨ ਤਗਮਾ ਨਹੀਂ ਸੀ।

ਭਾਰਤੀ ਸੱਭਿਆਚਾਰ ਨੇ ਸਥਾਨਕ ਖੇਡਾਂ ਦੇ ਵਿਕਾਸ ਵਿੱਚ ਰੁਕਾਵਟ ਪਾਈ ਹੈ। ਜ਼ਿਆਦਾਤਰ ਪਰਿਵਾਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਡਾਕਟਰ ਜਾਂ ਲੇਖਾਕਾਰ ਬਣਨ। ਇਸ ਤੋਂ ਇਲਾਵਾ, ਆਬਾਦੀ ਦਾ ਇੱਕ ਵੱਡਾ ਹਿੱਸਾ ਨੀਵੀਆਂ ਜਾਤਾਂ ਨਾਲ ਸਬੰਧਤ ਹੈ ਅਤੇ ਅਜਿਹੇ ਲੋਕਾਂ ਨੂੰ ਸ਼ਾਇਦ ਹੀ ਸਿੱਖਿਆ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਲੋੜੀਂਦੇ ਪੋਸ਼ਣ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਦੇ ਗ੍ਰਾਮੀਣ ਖੇਤਰਾਂ ਵਿੱਚ ਉਲੰਪਿਕ ਬਾਰੇ ਜਾਗਰੂਕਤਾ ਈਵੈਂਟ ਦੀ ਸਫਲਤਾ ਦੀ ਕੁੰਜੀ ਹੈ।

ਭਾਰਤ ਵਿੱਚ ਖੇਡ ਸੱਭਿਆਚਾਰ ਦੀ ਕਮੀ ਨੇ ਉਲੰਪਿਕ ਦੀ ਸਫ਼ਲਤਾ ਵਿੱਚ ਰੁਕਾਵਟ ਪਾਈ ਹੈ। ਭਾਰਤ ਵਿੱਚ ਖਿਡਾਰੀਆਂ ਦੀ ਕਮੀ ਨਹੀਂ ਹੈ ਸਗੋਂ ਹਰ ਪਿੰਡ ਸ਼ਹਿਰ ਵਿੱਚ ਵੱਡੀ ਗਿਣਤੀ ਖਿਡਾਰੀ ਖੇਡਾਂ ਦਾ ਅਭਿਆਸ ਕਰਦੇ ਵੇਖੇ ਜਾਂਦੇ ਹਨ ਪਰ ਇਹਨਾਂ ਵਿਚੋਂ ਵੱਡੀ ਗਿਣਤੀ ਖਿਡਾਰੀਆਂ ਨੂੰ ਅੱਗੇ ਵੱਧਣ ਦੇ ਸਹੀ ਮੌਕੇ ਨਹੀਂ ਮਿਲਦੇ ਜਾਂ ਇਹ ਖਿਡਾਰੀ ਅਣਗੌਲੇ ਰਹਿ ਜਾਂਦੇ ਹਨ, ਜਿਸ ਕਰਕੇ ਇਹ ਖਿਡਾਰੀ ਖੇਡਾਂ ਦੇ ਖੇਤਰ ਵਿੱਚ ਕੋਈ ਪ੍ਰਾਪਤੀ ਨਹੀਂ ਕਰ ਸਕਦੇ।

ਅਸਲ ਵਿੱਚ ਜਦੋਂ ਤੋਂ ਮੋਬਾਇਲ ਗੇਮਾਂ ਸ਼ੁਰੂ ਹੋਈਆਂ ਹਨ, ਉਦੋਂ ਮੈਦਾਨਾਂ ਵਿਚ ਜਾ ਕੇ ਖੇਡਣ ਲਈ ਬੱਚੇ ਤਿਆਰ ਨਹੀਂ ਹੁੰਦੇ। 90 ਦੇ ਦਹਾਕੇ ਵਿੱਚ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਖੇਡ ਮੈਦਾਨਾਂ ਵਿਚੋਂ ਘਰ ਲਿਆਉਣ ਲਈ ਜਦੋਜਹਿਦ ਕਰਨੀ ਪੈਂਦੀ ਸੀ ਅਤੇ ਬੱਚੇ ਮੈਦਾਨਾਂ ਵਿੱਚ ਖੇਡਦੇ ਹੋਏ ਮਸਤ ਰਹਿੰਦੇ ਸਨ ਪਰ ਮੋਬਾਇਲ ਅਤੇ ਕੰਪਿਊਟਰ ਗੇਮਾਂ ਕਾਰਨ ਬੱਚੇ ਹੁਣ ਦਿਨ ਰਾਤ ਘਰ ਵਿੱਚ ਰਹਿੰਦੇ ਹਨ ਅਤੇ ਖੇਡਣ ਦੇ ਨਾਂਅ ਤੇ ਉਹ ਮੋਬਾਇਲ ਗੇਮਾਂ ਖੇਡਦੇ ਹਨ। ਹਾਲ ਤਾਂ ਇਹ ਹੋ ਗਿਆ ਹੈ ਕਿ ਬੱਚਿਆਂ ਨੇ ਜੇ ਫੁਟਬਾਲ ਜਾਂ ਕ੍ਰਿਕਟ ਖੇਡਣੀ ਹੁੰਦੀ ਹੈ ਤਾਂ ਵੀ ਉਹ ਇਹ ਗੇਮਾਂ ਕੰਪਿਊਟਰ ਜਾਂ ਮੋਬਾਇਲ 'ਤੇ ਖੇਡਦੇ ਹਨ। ਜਦੋਂ ਬੱਚੇ ਮੈਦਾਨਾਂ ਵਿਚ ਖੇਡਦੇ ਸਨ ਤਾਂ ਉਹ ਤੰਦਰੁਸਤ ਰਹਿੰਦੇ ਸਨ ਅਤੇ ਉਹਨਾਂ ਦੇ ਸਰੀਰ ਦਾ ਸਹੀ ਤਰੀਕੇ ਨਾਲ ਵਿਕਾਸ ਹੁੰਦਾ ਸੀ ਪਰ ਹੁਣ ਮੋਬਾਇਲ ਯੁੱਗ ਵਿੱਚ ਅਨੇਕਾਂ ਬੱਚੇ ਸਰੀਰਕ ਤੌਰ 'ਤੇ ਕਮਜੋਰ ਰਹਿੰਦੇ ਹਨ।

ਭਾਰਤ ਦੇ ਇਕ ਪ੍ਰਧਾਨ ਮੰਤਰੀ ਨੇ ਆਪਣੇ ਕਾਰਜਕਾਲ ਦੌਰਾਨ ਕਿਹਾ ਸੀ ਕਿ ਸਰਕਾਰ ਵੱਲੋਂ ਭੇਜਿਆ ਇਕ ਰੁਪਇਆ ਆਮ ਲੋਕਾਂ ਤਕ ਪਹੁੰਚਦੇ ਪਹੁੰਚਦੇ ਚੁਆਨੀ ਰਹਿ ਜਾਂਦਾ ਹੈ। ਇਹੋ ਕੁਝ ਖੇਡਾਂ ਦੇ ਖੇਤਰ ਵਿੱਚ ਹੁੰਦਾ ਆਇਆ ਹੈ। ਖੇਡਾਂ ਵਿੱਚ ਵੀ ਭ੍ਰਿਸ਼ਟਾਚਾਰ ਹੋਣ ਦੀ ਚਰਚਾ ਅਕਸਰ ਹੁੰਦੀ ਹੈ। ਖਿਡਾਰੀ ਦੋਸ਼ ਲਗਾਉਂਦੇ ਹਨ ਕਿ ਉਨਾਂ ਨੂੰ ਸਹੀ ਸਹੂਲਤਾਂ ਨਹੀਂ ਮਿਲਦੀਆਂ ਅਤੇ ਖਿਡਾਰੀਆਂ ਲਈ ਸਰਕਾਰ ਵੱਲੋਂ ਭੇਜਿਆ ਜਾਂਦਾ ਪੈਸਾ



ਪਤਾ ਨਹੀਂ ਕਿਥੇ ਚਲਿਆ ਜਾਂਦਾ ਹੈ।

ਹੁਣ ਸੋਚਣ ਵਾਲੀ ਗਲ ਇਹ ਹੈ ਕਿ ਜਦੋਂ ਬਚਪਨ ਵਿੱਚ ਹੀ ਬਚਿਆਂ ਨੂੰ ਖੇਡਾਂ ਤੋਂ ਦੂਰ ਰਖਿਆ ਜਾਂਦਾ ਹੈ ਤਾਂ ਫਿਰ ਬੱਚੇ ਵੱਡੇ ਹੋ ਕੇ ਚੰਗੇ ਖਿਡਾਰੀ ਕਿਸ ਤਰਾਂ ਬਣ ਸਕਣਗੇ। ਇਹੋ ਕਾਰਨ ਹੈ ਕਿ ਖੇਡਾਂ ਖਾਸ ਕਰਕੇ ਉਲੰਪਿਕ ਖੇਡਾਂ ਵਿੱਚ ਭਾਰਤ ਪਿਛੜ ਰਿਹਾ ਹੈ।







ਕ੍ਰਿਕਟ ਇੱਕ ਅਜਿਹੀ ਖੇਡ ਹੈ ਜਿਸ ਨੂੰ ਅੰਗਰੇਜ਼ਾਂ ਦੁਆਰਾ ਭਾਰਤ ਲਿਆਂਦਾ ਗਿਆ ਅਤੇ ਫਿਰ ਹੌਲੀ-ਹੌਲੀ ਇਹ ਖੇਡ ਭਾਰਤ ਅਤੇ ਭਾਰਤੀ ਉਪ ਮਹਾਂਦੀਪ ਵਿੱਚ ਬਹੁਤ ਮਸ਼ਹੂਰ ਹੋ ਗਈ। 200 ਤੋਂ ਵੱਧ ਦੇਸ਼ਾਂ ਦੀ ਇਸ ਦੁਨੀਆਂ 'ਚ ਸ਼ਾਇਦ ਹੀ 20 ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ ਖੇਡਦੇ ਹਨ। ਪਰ ਇਸ ਦੇ ਬਾਵਜੂਦ ਇਹ ਖੇਡ ਭਾਰਤ ਅਤੇ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਹੁਤ ਮਸ਼ਹੂਰ ਹੈ। ਟੀ-20 ਨੇ ਕ੍ਰਿਕਟ ਨੂੰ ਹੋਰ ਰੋਮਾਂਚਕ ਖੇਡ ਬਣਾ ਦਿੱਤਾ ਹੈ।

ਭਾਵੇਂ ਭਾਰਤ ਨੇ ਆਜ਼ਾਦੀ ਤੋਂ ਪਹਿਲਾਂ ਆਪਣਾ ਪਹਿਲਾ ਟੈਸਟ ਕ੍ਰਿਕਟ 1932 ਵਿੱਚ ਖੇਡਿਆ ਸੀ, ਪਰ ਹੌਲੀ-ਹੌਲੀ ਕ੍ਰਿਕਟ ਦਾ ਵਿਸਥਾਰ ਹੋਇਆ ਅਤੇ ਪਹਿਲੀ ਵਾਰ ਦੁਨੀਆਂ ਨੇ ਭਾਰਤ ਦੀ ਕ੍ਰਿਕਟ ਦਾ ਲੋਹਾ ਮਨਵਾਇਆ ਜਦੋਂ ਭਾਰਤ ਨੇ ਕਪਿਲ ਦੇਵ ਦੀ ਅਗਵਾਈ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੈਚ ਖੇਡਿਆ ਅਤੇ ਵਨਡੇ ਵਿਸ਼ਵ ਕੱਪ ਜਿੱਤਿਆ।

ਸਾਲ 1983 ਵਿੱਚ ਵਨਡੇ ਕ੍ਰਿਕਟ ਦਾ ਤੀਜਾ ਵਿਸ਼ਵ ਕੱਪ ਖੇਡਿਆ ਗਿਆ। ਭਾਰਤ ਨੇ ਦੋ ਵਾਰ ਦੇ ਵਿਸ਼ਵ ਕੱਪ ਜੇਤੂ ਅਤੇ ਉਸ ਸਮੇਂ ਦੀ ਸਭ ਤੋਂ ਮਜ਼ਬੂਤ ? ?ਟੀਮ ਕਹੀ ਜਾਣ ਵਾਲੀ ਵੈਸਟਇੰਡੀਜ਼ ਨੂੰ ਹਰਾ ਕੇ ਪਹਿਲੀ ਵਾਰ ਵਿਸ਼ਵ ਕੱਪ ਟਰਾਫੀ ਆਪਣੇ ਨਾਂ ਕੀਤੀ।

ਇਹ ਭਾਰਤ ਲਈ ਮਾਣ ਵਾਲਾ ਪਲ ਸੀ। ਇੱਥੋਂ ਹੀ ਕ੍ਰਿਕਟ ਪ੍ਰੇਮੀ ਕ੍ਰਿਕਟ ਦੇ ਦੀਵਾਨੇ ਹੋਣ ਲੱਗੇ। ਭਾਰਤ ਦੀ ਹਰ ਗਲੀ ਵਿੱਚ ਕ੍ਰਿਕਟ ਖੇਡਿਆ ਜਾ ਰਿਹਾ ਸੀ। 90 ਦੇ ਦਹਾਕੇ ਦੇ ਸ਼ੁਰੂ ਵਿੱਚ, ਭਾਰਤ ਵਿੱਚ ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ, ਰਾਹੁਲ ਦ੍ਰਾਵਿੜ ਵਰਗੇ ਕ੍ਰਿਕੇਟ ਸੁਪਰਸਟਾਰਾਂ ਦੀ ਸ਼ੁਰੂਆਤ ਨੇ ਭਾਰਤੀ ਕ੍ਰਿਕੇਟ ਨੂੰ ਅੱਗੇ ਵਧਾਇਆ।

ਕ੍ਰਿਕੇਟ ਸਭ ਤੋਂ ਸਸਤੀ ਖੇਡ ਹੈ ਅਤੇ ਜੇਕਰ ਤੁਸੀਂ ਭਾਰਤ ਵਿੱਚ ਇਸ ਸਸਤੀ ਖੇਡ ਵਿੱਚ ਰਣਜੀ ਖੇਡਦੇ ਹੋ ਤਾਂ ਵੀ ਤੁਹਾਨੂੰ ਬਹੁਤ ਸਾਰਾ ਪੈਸਾ ਮਿਲਣਾ ਸ਼ੁਰੂ ਹੋ ਜਾਂਦਾ ਹੈ। ਆਈਪੀਐਲ ਅਤੇ ਟੀਮ ਇੰਡੀਆ ਨੂੰ ਭੁੱਲ ਜਾਓ। ਸ਼ੁਰੂ ਵਿੱਚ ਤੁਹਾਨੂੰ ਸਿਰਫ਼ ਇੱਕ ਬੱਲੇ ਅਤੇ ਇੱਕ ਗੇਂਦ ਦੀ ਲੋੜ ਹੁੰਦੀ ਹੈ। ਭਾਵੇਂ ਟੀਮ ਵਿੱਚ ਇੱਕ ਸਮੇਂ ਵਿੱਚ 11 ਵਿਅਕਤੀ ਹੋਣੇ ਚਾਹੀਦੇ ਹਨ ਪਰ ਅਸੀਂ ਭਾਰਤੀ ਜੁਗਾੜੂ ਹਾਂ। ਦੋ ਜਣੇ ਇਕੱਠੇ ਕ੍ਰਿਕਟ ਖੇਡਣ ਦਾ ਵੀ ਆਨੰਦ ਲੈਂਦੇ ਹਨ। ਪਿੰਡ ਵਿੱਚ ਬਚਪਨ ਵਿੱਚ ਅਸੀਂ ਕਿਸੇ ਤਰ੍ਹਾਂ ਟੈਨਿਸ ਬਾਲ ਖ਼ਰੀਦਦੇ ਹੁੰਦੇ ਸੀ। ਇਸ ਤੋਂ ਬਾਅਦ ਉਹ ਖੁਦ ਬੱਲੇ ਅਤੇ ਵਿਕਟ ਬਣਾਉਂਦੇ ਸਨ। ਘੱਟ ਕੀਮਤ ਵਿੱਚ ਪੂਰਾ ਆਨੰਦ। ਭਾਰਤ ਵਿੱਚ ਕ੍ਰਿਕਟ ਦੀ ਅਜਿਹੀ ਲੋਕ-ਪ੍ਰਿਯਤਾ ਹੈ ਕਿ ਜਦੋਂ ਬੱਚਾ ਥੋੜ੍ਹਾ ਵੱਡਾ ਹੁੰਦਾ ਹੈ, ਤਾਂ ਉਸ ਨੂੰ ਬੈਡਮਿੰਟਨ ਰੈਕੇਟ, ਹਾਕੀ ਸਟਿੱਕ ਜਾਂ ਫੁਟਬਾਲ ਨਹੀਂ ਬਲਕਿ ਇੱਕ ਬੱਲੇ ਦੀ ਗੇਂਦ ਦਿੱਤੀ ਜਾਂਦੀ ਹੈ !ਕ੍ਰਿਕਟ ਦੀ ਪ੍ਰਸਿੱਧੀ ਦਾ ਸਭ ਤੋਂ ਵੱਡਾ ਕਾਰਨ ਇਸ ਖੇਡ ਦਾ ਰੋਮਾਂਚ ਹੈ। ਇੱਕ ਪਾਸੇ ਜਿੱਥੇ ਫੁੱਟਬਾਲ ਅਤੇ ਹਾਕੀ ਵਰਗੀਆਂ ਖੇਡਾਂ ਵਿੱਚ ਗੋਲ ਕਰਨ ਤੋਂ ਬਾਅਦ ਹੀ ਮਜ਼ਾ ਆਉਂਦਾ ਹੈ, ਉੱਥੇ ਹੀ ਦੂਜੇ ਪਾਸੇ ਕ੍ਰਿਕਟ ਵਿੱਚ ਵੀ ਤੁਸੀਂ ਹਰ ਗੇਂਦ ਨਾਲ ਖੇਡ ਦਾ ਆਨੰਦ ਲੈ ਸਕਦੇ ਹੋ। ਹਾਂ, ਇਹ ਇੱਕ ਹਕੀਕਤ ਹੈ ਕਿ ਕ੍ਰਿਕਟ ਦੀ ਖੇਡ ਨੂੰ ਹੋਰ ਖੇਡਾਂ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ। ਪਰ ਟੀ-20 ਫਾਰਮੈਟ ਦੇ ਰੂਪ ਵਿੱਚ ਵੱਡਾ ਸਮਾਂ ਬਰੇਕ ਆਇਆ ਹੈ। ਇਹੀ ਕਾਰਨ ਹੈ ਕਿ ਆਈਪੀਐਲ ਵਰਗੀਆਂ ਕ੍ਰਿਕਟ ਲੀਗਾਂ ਨੂੰ 150 ਤੋਂ ਵੱਧ ਦੇਸ਼ਾਂ ਵਿੱਚ ਦੇਖਿਆ ਜਾਂਦਾ ਹੈ।

ਅਸੀਂ ਭਾਰਤੀਆਂ ਨੇ ਕ੍ਰਿਕਟ ਨੂੰ ਬਹੁਤ ਮਸ਼ਹੂਰ ਕੀਤਾ ਹੈ ਭਾਵੇਂ ਸਾਡੇ ਕੋਲ ਬਹੁਤ ਸਮਾਂ ਹੈ। ਕ੍ਰਿਕਟ ਮੈਚ ਦੇਖਣ ਲਈ, ਸਕੂਲ ਜਾਂ ਕਾਲਜ ਤੋਂ ਬੰਕ ਕਰਨਾ ਜਾਂ ਦਫ਼ਤਰ ਤੋਂ ਛੁੱਟੀ ਲੈਣਾ ਭਾਰਤ ਵਿੱਚ ਆਮ ਗੱਲ ਹੈ। ਜਦੋਂ ਮਿਹਨਤਕਸ਼ ਲੋਕ ਛੁੱਟੀ ਲੈ ਕੇ ਮੈਚ ਦੇਖਦੇ ਹਨ ਤਾਂ ਸੋਚੋ ਕਿ ਵਿਹਲੇ ਬੈਠੇ ਬੇਰੁਜ਼ਗਾਰਾਂ ਨੇ ਕ੍ਰਿਕਟ ਦੀ ਪ੍ਰਸਿੱਧੀ ਵਿੱਚ ਕਿੰਨਾ ਵਡਮੁੱਲਾ ਯੋਗਦਾਨ ਪਾਇਆ ਹੈ !ਬਾਲੀਵੁੱਡ ਤੋਂ ਬਾਅਦ, ਕ੍ਰਿਕਟ ਹੀ ਇਕ ਅਜਿਹੀ ਖੇਡ ਹੈ ਜੋ ਸਾਨੂੰ ਭਾਰਤੀਆਂ ਨੂੰ ਜੋੜਦੀ ਹੈ। ਕਹਿਣ ਦਾ ਮਤਲਬ ਇਹ ਹੈ ਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਵਿੱਚ ਕ੍ਰਿਕਟ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਭਾਰਤ ਵਿੱਚ ਹੋਰ ਵੀ ਖੇਡਾਂ ਹਨ, ਜਿਨ੍ਹਾਂ ਦੇ ਕਈ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਵੀ ਖੇਡਦੇ ਹਨ ਪਰ ਸਰਕਾਰ ਅਤੇ ਸਬੰਧਿਤ ਬੋਰਡ ਦੇ ਹੋਰਨਾਂ ਖੇਡਾਂ ਪ੍ਰਤੀ ਉਦਾਸੀਨ ਰਵੱਈਏ ਦੇ ਸਿੱਟੇ ਵਜੋਂ ਫੁੱਟਬਾਲ, ਹਾਕੀ, ਬੈਡਮਿੰਟਨ, ਟੈਨਿਸ ਜਾਂ ਐਥਲੈਟਿਕਸ ਦਾ ਵਿਕਾਸ ਨਹੀਂ ਹੋ ਰਿਹਾ। ਅਜਿਹਾ ਨਹੀਂ ਹੈ ਕਿ ਕ੍ਰਿਕਟ ਤੋਂ ਇਲਾਵਾ ਹੋਰ ਖੇਡਾਂ ਵਿੱਚ ਪ੍ਰਤਿਭਾਸ਼ਾਲੀ ਖਿਡਾਰੀਆਂ ਦੀ ਕਮੀ ਹੈ। ਸਮੱਸਿਆ ਇਹ ਹੈ ਕਿ ਨਾ ਤਾਂ ਖਿਡਾਰੀਆਂ ਨੂੰ ਸਹੀ ਮੌਕਾ ਮਿਲਦਾ ਹੈ ਅਤੇ ਨਾ ਹੀ ਬਿਹਤਰ ਸਿਖਲਾਈ ਮਿਲਦੀ ਹੈ। ਜੇਕਰ ਸਿਰਫ਼ ਕ੍ਰਿਕੇਟ ਹੀ ਸਾਡੇ ਕੋਲ ਰਹਿ ਜਾਵੇ ਤਾਂ ਇਹ ਯਕੀਨੀ ਤੌਰ 'ਤੇ ਹਰਮਨ ਪਿਆਰਾ ਹੋਵੇਗਾ।

## ਨਸ਼ੇ ਵਿਰੁੱਧ ਜੰਗ

ਕਿਹਾ ਜਾਂਦਾ ਹੈ ਕਿ ਨਸ਼ਾ ਤਾਂ ਚਾਹ ਦਾ ਵੀ ਬੁਰਾ ਹੁੰਦਾ ਹੈ, ਜੋ ਕਿ ਅੰਗਰੇਜ਼ ਭਾਰਤੀਆਂ ਨੂੰ ਲਗਾ ਗਏ ਹਨ। ਨਸ਼ਿਆਂ ਦੇ ਮਾਮਲੇ ਵਿੱਚ ਪੰਜਾਬ ਨੂੰ ਬਹੁਤ ਬਦਨਾਮ ਕੀਤਾ ਜਾਂਦਾ ਹੈ ਪਰ ਹੋਰਨਾਂ ਰਾਜਾਂ ਵਿੱਚ ਨਸ਼ਾ ਬਹੁਤ ਪ੍ਰਚਲਿਤ ਹੈ। ਪੰਜਾਬ ਦੇ ਹੀ ਕੁਝ ਸਿਆਸੀ ਆਗੂਆਂ ਨੇ ਪੰਜਾਬ ਵਿੱਚ ਨਸ਼ਾ ਖਤਰਨਾਕ ਹੱਦ ਤਕ ਹੋਣ ਸਬੰਧੀ ਪ੍ਰਚਾਰ ਕਰਕੇ ਵੋਟਾਂ ਲੈ ਕੇ ਸੱਤਾ ਦਾ ਸੁੱਖ ਭੋਗਿਆ ਹੈ, ਪਰ ਨਸ਼ੇ ਦੀ ਸਮੱਸਿਆ ਅਜੇ ਵੀ ਬਣੀ ਹੋਈ ਹੈ। ਅਸਲੀਅਤ ਤਾਂ ਇਹ ਹੈ ਕਿ ਪੰਜਾਬ ਵਿੱਚ ਓਨਾ ਨਸ਼ਾ ਹੈ ਨਹੀਂ, ਜਿੰਨਾ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਅਜੇ ਵੀ ਪੰਜਾਬ ਵਿੱਚ ਕੁਝ ਸਿਆਸੀ ਆਗੂ ਅਜਿਹੇ ਹਨ ਜੋ ਕਿ ਕੁਦਰਤੀ ਨਸ਼ੇ ਦੀ ਵਕਾਲਤ ਕਰਦੇ ਹਨ। ਇਹਨਾਂ ਸਿਆਸੀ ਆਗੂਆਂ ਦਾ ਕਹਿਣਾ ਹੈ ਕਿ ਜੇ ਪੰਜਾਬ ਵਿੱਚ ਨਸ਼ਾ ਕਰਨ ਵਾਲਿਆਂ ਨੂੰ ਕੁਦਰਤੀ ਨਸ਼ੇ ਕਰਨ ਦੀ ਆਗਿਆ ਦਿਤੀ ਜਾਵੇ ਤਾਂ ਸਿੰਥੇਕਟਿਕ ਨਸ਼ੇ ਦੇ ਰੁਝਾਨ ਨੂੰ ਰੋਕਿਆ ਜਾ ਸਕਦਾ ਹੈ। ਇਸ ਤੋਂ ਅਨੇਕਾਂ ਸਿਆਸੀ ਆਗੂ ਨਸ਼ੇ 'ਤੇ ਹੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਦਾ ਯਤਨ ਕਰਦੇ ਰਹਿੰਦੇ ਹਨ।

ਹਰ ਦਿਨ ਪੰਜਾਬ ਦੇ ਕਿਸੇ ਨਾ ਕਿਸੇ ਇਲਾਕੇ ਵਿਚੋਂ ਨਸ਼ੇ ਦੀ ਓਵਰਡੋਜ਼ ਕਾਰਨ ਪੰਜਾਬੀ ਨੌਜਵਾਨਾਂ ਦੀ ਮੌਤ ਦੀਆਂ ਖ਼ਬਰਾਂ ਪੜਨ ਸੁਣਨ ਨੂੰ ਮਿਲਦੀਆਂ ਹਨ, ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਕਿੰਨੀ ਗੰਭੀਰ ਹੋ ਗਈ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਪੰਜਾਬ ਦੇ ਅਨੇਕਾਂ ਨੌਜਵਾਨ ਸਿਰਫ਼ ਨਸ਼ੇ ਦੀ ਗੋਲੀ ਦੇ ਸਹਾਰੇ ਹੀ ਚੱਲ ਰਹੇ ਹਨ। ਭਾਵੇਂਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਰਕਾਰ ਬਣਾਉਣ ਤੋਂ ਪਹਿਲਾਂ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਪੰਜਾਬ ਵਿੱਚ ਸੱਤਾ ਵਿੱਚ ਆਉਂਦਿਆਂ ਹੀ ਉਹਨਾਂ ਵੱਲੋਂ ਨਸ਼ਿਆਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ, ਪਰ ਇਹ ਸਰਕਾਰ ਆਪਣੀ ਹੁਣ ਤਕ ਦੀ ਕਾਰਗੁਜਾਰੀ ਦੌਰਾਨ ਨਸ਼ੇ ਦੇ ਦੈਂਤ ਨੂੰ ਕਾਬੂ ਕਰਨ ਵਿੱਚ ਅਸਫ਼ਲ ਰਹੀ ਹੈ। ਪੰਜਾਬ ਵਿੱਚ ਨਸ਼ੇ ਦੇ ਤਸਕਰਾਂ, ਨਸ਼ੇ ਵੇਚਣ ਵਾਲਿਆਂ ਦਾ ਨੈਟਵਰਕ ਏਨਾ ਮਜਬੂਤ ਹੈ ਕਿ ਇਹਨਾਂ ਨੂੰ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਹਰ ਕਾਰਵਾਈ ਦਾ ਪਹਿਲਾਂ ਹੀ ਪਤਾ ਚਲ ਜਾਂਦਾ ਹੈ। ਇਸੇ ਕਾਰਨ ਨਸ਼ੇ ਦੇ ਵੱਡੇ ਤਸਕਰ ਅਜੇ ਤਕ ਫੜੇ ਨਹੀਂ ਗਏ। ਪੁਲਿਸ ਵੱਲੋਂ ਆਮ ਨਸ਼ੇੜੀਆਂ ਜਾਂ ਛੋਟੇ ਮੋਟੇ ਤਸਕਰਾਂ ਨੂੰ ਫੜ ਕੇ ਆਪਣੀ ਕਾਰਗੁਜਾਰੀ ਦਿਖਾ ਦਿਤੀ ਜਾਂਦੀ ਹੈ।

ਨਸ਼ਿਆਂ ਬਾਰੇ ਕਿਹਾ ਜਾਂਦਾ ਹੈ ਕਿ ਨਸ਼ੇ ਤਾਂ ਅੱਤਵਾਦ ਨਾਲੋਂ ਵੀ ਖ਼ਤਰਨਾਕ ਹੁੰਦੇ ਹਨ। ਕਹਿੰਦੇ ਹਨ ਕਿ ਜੇ ਕਿਸੇ ਕੌਮ ਨੂੰ ਬਰਬਾਦ ਕਰਨਾ ਹੋਵੇ ਤਾਂ ਉਸਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਦੀ ਲੱਤ ਲਾ ਦਿਓ। ਅਜਿਹਾ ਕੁਝ ਭਾਰਤ ਅਤੇ ਪੰਜਾਬ ਵਿਰੋਧੀ ਤਾਕਤਾਂ ਕਰ ਰਹੀਆਂ ਹਨ। ਪੰਜਾਬ ਵਿੱਚ ਨੌਜਵਾਨ ਨਸ਼ਾ ਇਸ ਲਈ ਵੀ ਕਰ ਰਹੇ ਹਨ ਕਿਉਂਕਿ ਉਹਨਾਂ ਨੂੰ ਨਸ਼ਾ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਕਰਕੇ ਆਮ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਹੁਣ ਤਾਂ ਮੁਟਿਆਰਾਂ ਦੇ ਵੀ ਨਸ਼ੇ ਦੀ ਦਲਦਲ ਵਿੱਚ ਫਸਣ ਦਾ ਰੁਝਾਨ ਆਰੰਭ ਹੋ ਗਿਆ ਹੈ। ਅਕਸਰ ਹੀ ਅਜਿਹੀਆਂ ਵੀਡੀਓ ਸਾਹਮਣੇ ਆਉਂਦੀਆਂ ਹਨ, ਜਿਹਨਾਂ ਵਿੱਚ ਨੌਜਵਾਨ ਲੜਕੀਆਂ ਨੂੰ ਨਸ਼ੇ ਦੀ ਹਾਲਤ ਵਿੱਚ ਦਿਖਾਇਆ ਜਾਂਦਾ ਹੈ। ਗੱਭਰੂਆਂ ਵਾਂਗ ਮੁਟਿਆਰਾਂ ਦਾ ਨਸ਼ੇ ਦੀ ਲਪੇਟ ਵਿੱਚ ਆਉਣਾ ਚਿੰਤਾ ਦਾ ਵਿਸ਼ਾ ਹੈ। ਇਸ ਤੋਂ ਇਲਾਵਾ ਨਸ਼ੇ ਨੇ ਸਕੂਲੀ ਬੱਚਿਆਂ ਨੂੰ ਵੀ ਆਪਣੇ ਲਪੇਟ ਵਿੱਚ ਲੈਣਾਂ ਆਰੰਭ ਕਰ ਦਿਤਾ ਹੈ।

ਹੈਰਾਨੀ ਦੀ ਗਲ ਹੈ ਕਿ ਹਰ ਉਮਰ ਦੇ ਵਿਅਕਤੀ ਤੋਂ ਲੈ ਕੇ ਸਕੂਲਾਂ ਦੇ ਬੱਚਿਆਂ ਤਕ ਨੂੰ ਨਸ਼ਾ ਆਸਾਨੀ ਨਾਲ ਮਿਲ ਰਿਹਾ ਹੈ ਤਾਂ ਇਹ ਨਸ਼ੇ ਦੇ ਤਸਕਰ ਪੁਲਿਸ ਦੇ ਹੱਥ ਕਿਓਂ ਨਹੀਂ ਆ ਰਹੇ। ਅਸਲ ਵਿੱਚ ਹਰ ਵਿਭਾਗ ਵਿੱਚ ਕੁਝ ਕਾਲੀਆਂ ਭੇਡਾਂ ਹੁੰਦੀਆਂ ਹਨ, ਜਿਹਨਾਂ ਕਾਰਨ ਨਸ਼ੇ ਦੇ ਤਸਕਰ ਪੁਲਿਸ ਦੇ ਹੱਥ ਨਹੀਂ ਆ ਰਹੇ।

ਭਾਵੇਂ ਪੰਜਾਬ ਦੀ ਮੌਜੂਦਾ ਸਰਕਾਰ ਨਸ਼ਿਆਂ 'ਤੇ ਕਾਬੂ ਪਾਉਣ ਦੇ ਦਾਅਵੇ ਕਰਦੀ ਹੈ ਪਰ ਇਹਨਾਂ ਦਾਅਵਿਆਂ ਦੀ ਉਦੋਂ ਫੂਕ ਨਿਕਲ ਜਾਂਦੀ ਹੈ, ਜਦੋਂ ਹਰ ਦਿਨ ਨਸ਼ੇ ਦੀ ਓਵਰਡੋਜ ਜਾਂ ਨਸ਼ੇ ਕਾਰਨ ਕਿਸੇ ਨਾ ਕਿਸੇ ਇਲਾਕੇ ਵਿੱਚ ਨੌਜਵਾਨ ਦੀ ਮੌਤ ਦੀ ਖ਼ਬਰ ਆ ਜਾਂਦੀ ਹੈ। ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਕਿੰਨੀ ਗੰਭੀਰ ਹੋ ਚੁੱਕੀ ਹੈ।

ਅਕਸਰ ਕਿਹਾ ਜਾਂਦਾ ਹੈ ਕਿ ਨਸ਼ਾ ਸਰਹੱਦੀ ਇਲਾਕਿਆਂ ਵਾਲੇ ਪਾਸਿਓਂ ਆ ਰਿਹਾ ਹੈ ਤਾਂ ਸਾਡੀ ਸੁਰਖਿਆ 'ਤੇ ਸਵਾਲ ਉਠਦੇ ਹਨ ਕਿ ਏਨੀ ਸਖਤ ਸੁਰਖਿਆ ਹੋਣ ਦੇ ਬਾਵਜੂਦ ਨਸ਼ਾ ਸਰਹੱਦ ਪਾਰ ਕਰਕੇ ਕਿਸ ਤਰਾਂ ਆ ਜਾਂਦਾ ਹੈ। ਕੀ ਅਸੀਂ ਇਹ ਗਲ ਮੰਨੀਏ ਕਿ ਸਾਡੇ ਸੁਰਖਿਆ ਪ੍ਰਬੰਧਾਂ ਵਿਚ ਖਾਮੀਆਂ ਹਨ ਜਾਂ ਅਜਿਹੀਆਂ ਚੋਰ ਮੋਰੀਆਂ ਹਨ, ਜਿਹਨਾਂ ਦਾ ਲਾਭ ਨਸ਼ੇ ਦੇ ਤਸਕਰ ਚੁੱਕਦੇ ਹਨ। ਜੇ ਪੰਜਾਬ ਨੂੰ ਨਸ਼ੇ ਕਾਰਨ ਉੜਤਾ ਪੰਜਾਬ ਨਾਮ ਨਾਲ ਬਦਨਾਮ ਕੀਤਾ ਗਿਆ ਪਰ ਗੁਜਰਾਤ ਵਿੱਚ ਬੰਦਰਗਾਹਾਂ 'ਤੇ ਜੋ ਨਸ਼ਾ ਫੜਿਆ ਗਿਆ ਤਾਂ ਫਿਰ ਗੁਜਰਾਤ ਨੂੰ ਉੜਤਾ ਗੁਜਰਾਤ ਦਾ ਨਾਂਅ ਕਿਉਂ ਨਹੀਂ ਦਿਤਾ ਗਿਆ ਨਾ ਹੀ ਕਿਸੇ ਫਿਲਮ ਮੇਕਰ ਨੂੰ ਚੇਤਾ ਆਇਆ ਕਿ ਉੜਤਾ ਪੰਜਾਬ ਦੇ ਫ਼ਿਲਮ ਬਣਾ ਲਈ ਜਾਵੇ।

ਨਸ਼ੇ ਦੀ ਸਮੱਸਿਆ ਨੂੰ ਕਾਬੂ ਕਰਨ ਲਈ ਸਭ ਤੋਂ ਜਰੂਰੀ ਹੈ ਕਿ ਨਸ਼ੇ ਦੇ ਵੱਡੇ ਤਸਕਰਾਂ ਨੂੰ ਕਾਬੂ ਕੀਤਾ ਜਾਵੇ। ਇਸ ਤੋਂ ਇਲਾਵਾ ਹਰ ਵਿਭਾਗ ਵਿੱਚ ਮੋਜੂਦ ਕਾਲੀਆਂ ਭੇਡਾਂ ਦਾ ਪਤਾ ਲਗਾ ਕੇ ਉਹਨਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਨੌਜਵਾਨ ਮੁੰਡੇ ਕੁੜੀਆਂ ਨੂੰ ਨਸ਼ੇ ਦੀ ਦਲਦਲ ਤੋਂ ਬ ਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਨਸ਼ਿਆਂ ਵਿਰੁੱਧ ਸਰਕਾਰ, ਪ੍ਰਸ਼ਾਸਨ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਸਾਂਝੀ ਮੁਹਿੰਮ ਚਲਾਈ ਜਾਵੇ। ਪੰਜਾਬ ਹਮੇਸ਼ਾ ਚੜ੍ਹਦੀਕਲਾ ਵਿੱਚ ਰਿਹਾ ਅਤੇ ਡਿੱਗ ਕੇ ਵੀ ਚੜ੍ਹਦੀਕਲਾ ਵਿੱਚ ਰਹੇਗਾ।

***

## 'ਰੀਜੈਂਸੀ ਈਵੈਂਟ ਸੈਂਟਰ' 'ਚ

ਕੱਪੜੇ, ਪੰਜਾਬੀ ਜੁੱਤੀਆਂ ਅਤੇ ਹੋਰ ਵਸਤਾਂ ਵੀ ਖਰੀਦੀਆਂ। ਇਥੇ ਖਾਣੇ ਦੇ ਲੱਗੇ ਸਟਾਲ ਤੋਂ ਵੀ ਮਨਪਸੰਦ ਖਾਣੇ ਖਰੀਦ ਕੇ ਖਾਧੇ। ਇਸ ਸਮੇਂ ਬਹੁਤ ਸਾਰੇ ਰੈਂਫਲ ਵੀ ਕੱਢੇ ਗਏ। ਹਿੱਸਾ ਲੈਣ ਵਾਲੀਆ ਔਰਤਾਂ ਅਤੇ ਬੱਚੀਆਂ ਨੂੰ ਮਾਣ-ਸਨਮਾਨ ਵੀ ਦਿੱਤਾ ਗਿਆ। ਪ੍ਰੋਗਰਾਮ ਦੌਰਾਨ ਰਾਜ ਸੋਢੀ ਅਤੇ ਰਾਜਪਾਲ ਬਰਾੜ ਆਦਿਕ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਇਸ ਸਮੁੱਚੇ ਪ੍ਰੋਗਰਾਮ ਨੂੰ ਕੁਲਵੀਰ ਸੇਖੋਂ ਅਤੇ ਫਿਲਮੀ ਅਦਾਕਾਰਾ ਕਿਮੀ ਵਰਮਾ ਨੇ ਹੋਸ਼ਟ ਕੀਤਾ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਹਰ ਇਕ ਨੇ ਵੱਧ ਕੇ ਹਿੱਸਾ ਪਾਇਆ। ਜਿੰਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਕਮਲ ਗਿੱਲ, ਕੁਲਵੀਰ ਸੇਖੋਂ, ਰਚਨਾਂ ਗਾਂਧੀ, ਰਾਣੀ ਗਿੱਲ ਆਦਿਕ ਦੇ ਨਾਂ ਵਰਨਣਯੋਗ ਹਨ। ਇਸ ਤੋਂ ਇਲਾਵਾ ਰੀਜੈਂਸੀ ਈਵੈਂਟ ਸੈਂਟਰ ਦੇ ਸੰਚਾਲਕ ਅਜੀਤ ਸਿੰਘ ਗਿੱਲ ਨੇ ਸਮੂੰਹ ਪ੍ਰਬੰਧਾਂ ਨੂੰ ਨੇਪਰੇ ਚਾੜਨ ਵਿੱਚ ਵੱਡਾ ਯੋਗਦਾਨ ਪਾਇਆ।

***

## 'ਇੰਡੀਆ' ਗਠਜੋੜ ਸਬੰਧੀ

ਅਸੀਂ ਮੀਟਿੰਗ ਕਰਕੇ ਹਾਈਕਮਾਂਡ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਸਮਰਥਨ ਆਰਡੀਨੈਂਸ ਤਕ ਸੀਮਤ ਰਹੇ।ਦੂਜੇ ਪਾਸੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਮੁਤਾਬਕ, ਪੰਜਾਬ ਕਾਂਗਰਸ ਭਵਨ ਵਿੱਚ ਮੀਟਿੰਗ ਦੌਰਾਨ ਆਗੂ ਹਾਈਕਮਾਂਡ ਦੇ ਫੈਸਲੇ ਤੋਂ ਕਾਫੀ ਨਾਰਾਜ਼ ਨਜ਼ਰ ਸਨ। ਉਨ੍ਹਾਂ ਨੇ ਹਾਈਕਮਾਂਡ ਦੇ ਫੈਸਲੇ 'ਤੇ ਸਖ਼ਤ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਕੌਮੀ ਪੱਧਰ ਦੇ ਮੁੱਦੇ ਵੱਖਰੇ ਹਨ ਅਤੇ ਸੂਬਿਆਂ ਦੇ ਮੁੱਦੇ ਬਿਲਕੁਲ ਵੱਖਰੇ ਹਨ। ਜੇਕਰ ਕਾਂਗਰਸ ਅਤੇ 'ਆਪ' ਇੱਕੋ ਜਿਹੇ ਗਠਜੋੜ ਵਿੱਚ ਸ਼ਾਮਲ ਹੁੰਦੇ ਹਨ ਤਾਂ ਸਾਡੇ ਲਈ ਵਰਕਰਾਂ ਨੂੰ ਜਵਾਬ ਦੇਣਾ ਮੁਸ਼ਕਲ ਹੋ ਜਾਵੇਗਾ। ਸਰਕਾਰ ਦੇ ਇਸ਼ਾਰੇ 'ਤੇ ਸਾਡੇ ਸੀਨੀਅਰ ਆਗੂਆਂ 'ਤੇ ਹੀ ਨਹੀਂ ਸਗੋਂ ਆਮ ਵਰਕਰਾਂ 'ਤੇ ਵੀ ਅੱਤਿਆਚਾਰ ਕੀਤੇ ਜਾ ਰਹੇ ਹਨ। ਲੋਕ ਸਾਡੇ ਤੋਂ ਗਠਜੋੜ ਨੂੰ ਲੈ ਕੇ ਸਵਾਲ ਪੁੱਛ ਰਹੇ ਹਨ। ਇਸ ਦਾ ਜਵਾਬ ਹਾਈਕਮਾਂਡ ਹੀ ਦੇ ਸਕਦੀ ਹੈ।

ਸੂਬੇ ਦੇ ਕੁਝ ਸੀਨੀਅਰ ਕਾਂਗਰਸੀ ਨੇਤਾਵਾਂ ਦਾ ਮੰਨਣਾ ਸੀ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਇੱਕ ਤੇਜ਼ ਤਰਾਰ ਸਿਆਸਤਦਾਨ ਹਨ, ਮੌਜੂਦਾ ਸਮੇਂ ਵਿੱਚ ਉਹ ਵੀ ਕਾਂਗਰਸ ਨੂੰ ਹਰ ਪਾਸੇ ਕਮਜ਼ੋਰ ਕਰਨ ਲਈ 'ਇੰਡੀਆ' ਦਾ ਹਿੱਸਾ ਬਣੇ ਹੋਏ ਹਨ। ਅਜਿਹਾ ਕਹਿਣ ਵਾਲਿਆਂ ਦਾ ਇਹ ਵੀ ਕਹਿਣਾ ਹੈ ਕਿ ਇਸ ਪੂਰੇ ਘਟਨਾਕ੍ਰਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਟਿਚ ਸਮਝਿਆ ਜਾ ਰਿਹਾ ਹੈ। ਕੇਜਰੀਵਾਲ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਇੱਕ ਹੱਥ ਵਿੱਚ ਕੀ ਹੈ, ਉਹ ਦੂਜੇ ਹੱਥ ਨੂੰ ਪਤਾ ਨਹੀਂ ਲੱਗਣ ਦਿੰਦਾ। ਯਾਨੀ ਬਹੁਤ ਹੀ ਸੂਖਮ ਸਿਆਸਤ ਦੀ ਖੇਡ ਖੇਡਦੇ ਹਨ।

ਸੂਬੇ ਦੇ ਕਾਂਗਰਸੀ ਆਗੂਆਂ ਨੂੰ ਸਮਝ ਨਹੀਂ ਪੈ ਰਹੀ ਕਿ ਕੀ ਪੰਜਾਬ ਵਿੱਚ ਆਪ ਪਾਰਟੀ ਤੇ ਕਾਂਗਰਸ ਦਰਮਿਆਨ ਵੀ ਸੀਟਾਂ ਦੀ ਵੰਡ ਹੋਵੇਗੀ ਅਤੇ ਅਜਿਹੇ ਹਾਲਾਤ ਵਿੱਚ ਕਾਂਗਰਸ ਕਿੰਨੀਆਂ ਸੀਟਾਂ ਲੜ ਸਕੇਗੀ । ਇਨ੍ਹਾਂ ਆਗੂਆਂ ਦਾ ਮੰਨਣਾ ਸੀ ਕਿ ਜੇ ਵਿਧਾਨ ਸਭਾ ਵਿਚਲੀਆਂ ਮੌਜੂਦਾ ਸੀਟਾਂ ਦੇ ਆਧਾਰ 'ਤੇ ਪਾਰਲੀਮੈਂਟ ਲਈ ਟਿਕਟਾਂ ਦੀ ਵੰਡ ਹੁੰਦੀ ਹੈ ਤਾਂ ਉਸ ਅਨੁਸਾਰ ਕਾਂਗਰਸ ਨੂੰ ਕੇਵਲ 5 ਸੀਟਾਂ ਹੀ ਮਿਲਣਗੀਆਂ ।ਆਗੂਆਂ ਦਾ ਇਹ ਵੀ ਮੰਨਣਾ ਸੀ ਕਿ ਇੱਕ ਪਾਸੇ ਮੌਜੂਦਾ ਸੂਬਾ ਸਰਕਾਰ ਕਾਂਗਰਸ ਆਗੂਆਂ ਨੂੰ ਸਿਆਸੀ ਬਦਲਾਖੋਰੀ ਦਾ ਸ਼ਿਕਾਰ ਬਣਾ ਰਹੀ ਹੈ ਅਤੇ ਅਜਿਹੇ ਹਾਲਾਤ ਵਿੱਚ ਪਾਰਟੀ ਦੀ ਆਗੂਆਂ ਜਾਂ ਕਾਡਰ ਨੂੰ ਚੋਣਾਂ ਦੇ ਮੰਤਵ ਲਈ ਕਿਵੇਂ ਇਕੱਠਾ ਕੀਤਾ ਜਾ ਸਕਦਾ ਹੈ ।ਪਾਰਟੀ ਅੰਦਰਲੀ ਮਾਯੂਸੀ ਕਾਰਨ ਭਾਜਪਾ ਪੰਜਾਬ ਪ੍ਰਧਾਨ ਸੁਨੀਲ ਜਾਖੜ ਕੁਝ ਬਾਗੀ ਸੁਰਾਂ ਵਾਲੇ ਕਾਂਗਰਸੀ ਆਗੂਆਂ ਨਾਲ ਸੰਪਰਕ ਬਣਾ ਰਹੇ ਹਨ ਅਤੇ ਚਰਚਾ ਹੈ ਕਿ 2-3 ਆਗੂਆਂ ਦੀ ਭਾਜਪਾ ਸੂਬਾ ਪ੍ਰਧਾਨ ਸੁਨੀਲ ਜਾਖੜ ਨਾਲ ਵੀ ਗੱਲਬਾਤ ਹੋਈ ਹੈ । ਚਰਚੇ ਇਹ ਵੀ ਹਨ ਕਿ ਜਾਖੜ ਪਾਰਟੀ ਵਿੱਚ ਕੁਝ ਆਗੂਆਂ ਨੂੰ ਸ਼ਾਮਿਲ ਕਰਵਾਉਣ ਲਈ ਆਪਣੀ ਪਾਰਟੀ ਹਾਈਕਮਾਨ ਨਾਲ ਵੀ ਗੱਲਬਾਤ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਇਨ੍ਹਾਂ ਆਗੂਆਂ ਵਿੱਚ ਪਾਰਟੀ ਹਾਈਕਮਾਨ ਪ੍ਰਤੀ ਵੱਡੀ ਨਿਰਾਸ਼ਾ ਹੈ ਕਿ 'ਆਪ' ਨੂੰ ਸਮਰਥਨ ਦੇਣ ਦਾ ਐਲਾਨ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਗੱਲਬਾਤ ਤੱਕ ਵੀ ਨਹੀਂ ਕੀਤੀ ਗਈ ।ਸੂਤਰਾਂ ਅਨੁਸਾਰ ਕੁਝ ਸੀਨੀਅਰ ਆਗੂ ਪਾਰਟੀ ਹਾਈਕਮਾਨ ਨਾਲ ਗੱਲਬਾਤ ਕਰਨ ਲਈ ਦਿੱਲੀ ਵੀ ਗਏ ਹਨ ਪਰ ਪ੍ਰਦੇਸ਼ ਕਾਂਗਰਸ ਸੂਤਰਾਂ ਦਾ ਮੰਨਣਾ ਹੈ ਕਿ ਜੇ ਪਾਰਟੀ ਹਾਈਕਮਾਨ ਵੱਲੋਂ ਸੂਬੇ ਦੇ ਕਾਂਗਰਸੀ ਆਗੂਆਂ ਨੂੰ ਇਸੇ ਢੰਗ ਨਾਲ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਤਾਂ ਸੂਬੇ ਵਿੱਚ ਕਾਂਗਰਸ ਹੋਰ ਹੇਠਾਂ ਵੀ ਜਾ ਸਕਦੀ ਹੈ ।ਦੂਜੇ ਪਾਸੇ ਕਾਂਗਰਸ ਦੇ ਸੀਨੀਅਰ ਨੇਤਾ ਨਵਜੋਤ ਸਿੰਘ ਸਿੱਧੂ ਤੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿੱਚ ਹਾਈਕਮਾਂਡ ਨਾਲ ਸਹਿਮਤ ਹਨ। ਚਰਚਾ ਇਹ ਵੀ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਬਦਲਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਪੰਜਾਬ ਕਾਂਗਰਸ ਵਿੱਚ ਨਵਾਂ ਜੋਸ਼ ਭਰਿਆ ਜਾ ਸਕੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਗਠਜੋੜ ਤੋਂ ਬਾਅਦ ਕਾਂਗਰਸ ਹੁਣ ਤੱਕ ਸੜਕ ਤੋਂ ਲੈ ਕੇ ਵਿਧਾਨ ਸਭਾ ਤੱਕ ਜੋ ਆਪ ਸਰਕਾਰ ਖਿਲਾਫ ਸੰਘਰਸ਼ ਕਰਦੀ ਆ ਰਹੀ ਹੈ, ਉਹ ਨਹੀਂ ਕਰ ਸਕੇਗੀ। ਯਾਨੀ 'ਇੰਡੀਆ' ਆਮ ਆਦਮੀ ਪਾਰਟੀ ਨੂੰ, ਘੱਟੋ-ਘੱਟ ਪੰਜਾਬ ਵਿੱਚ ਤਾਂ ਬਹੁਤ ਫਾਇਦਾ ਦੇਵੇਗੀ। ਕਾਂਗਰਸ ਨੂੰ ਘੱਟ ਫਾਇਦਾ ਹੋਵੇਗਾ। ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਕੋਲ ਕੋਈ ਠੋਸ ਫਰੰਟ ਨਹੀਂ ਹੈ । 'ਇੰਡੀਆ' ਤਹਿਤ ਜੇਕਰ 'ਆਪ' ਅਤੇ ਕਾਂਗਰਸ ਇੱਕ ਛੱਤਰੀ ਹੇਠ ਆ ਜਾਂਦੇ ਹਨ ਤਾਂ ਸੂਬੇ ਦੀ ਸਿਆਸਤ ਦੇ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਜਾਣਗੇ ਅਤੇ ਸੂਬੇ ਦੇ ਸਿਆਸੀ ਇਤਿਹਾਸ ਵਿੱਚ ਇੱਕ ਨਵਾਂ ਪੰਨਾ ਖੁੱਲ੍ਹੇਗਾ।

***

## ਸਿਆਸਤ ਜਾਂ ਸਾਜ਼ਿਸ

ਸਿਆਸਤ ਵੀ ਗਰਮ : ਹੁਣ ਇਸ ਮਾਮਲੇ 'ਤੇ ਸਿਆਸਤ ਸ਼ੁਰੂ ਹੋ ਗਈ ਹੈ। ਏਆਈਐਮਆਈਐਮ ਆਗੂ ਅਸਦੁਦੀਨ ਓਵੈਸੀ ਨੇ ਕਿਹਾ ਕਿ ਇਸ ਸਾਰੀ ਹਿੰਸਾ ਲਈ ਹਰਿਆਣਾ ਸਰਕਾਰ ਜ਼ਿੰਮੇਵਾਰ ਹੈ। ਇੱਕ ਲੋੜੀਂਦੇ ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਕਿਹਾ ਕਿ ਨੂਹ ਵਿੱਚ ਇਕੱਠੇ ਹੋਵੋ, ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਪਰ, ਲੋਕਾਂ ਨੂੰ ਇਕੱਠੇ ਹੋਣ ਦਿੱਤਾ ਅਤੇ ਸਥਿਤੀ ਨੂੰ ਕਾਬੂ ਨਹੀਂ ਕਰ ਸਕਿਆ। ਨੂਹ ਦੇ ਵਿਧਾਇਕ ਆਫ਼ਤਾਬ ਅਹਿਮਦ ਨੇ ਵੀ ਕਿਹਾ ਕਿ ਅਸੀਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਸੀ ਕਿ ਭਾਵਨਾਵਾਂ ਭੜਕਾਈਆਂ ਜਾ ਰਹੀਆਂ ਹਨ। ਇੱਥੇ ਜਾਣ ਬੁੱਝ ਕੇ ਮਾਹੌਲ ਬਣਾਇਆ ਗਿਆ ਸੀ।

ਮਾਨੇਸਰ ਦਾ ਬਚਾਅ: ਦੂਜੇ ਪਾਸੇ ਹਰਿਆਣਾ ਦੇ ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਦਾ ਮੋਨੂੰ ਮਾਨੇਸਰ ਨਾਲ ਕੋਈ ਸਬੰਧ ਨਹੀਂ ਹੈ। ਇਹ ਯਾਤਰਾ ਸਦਭਾਵਨਾ ਭਰੇ ਮਾਹੌਲ ਵਿੱਚ ਅੱਗੇ ਵਧ ਰਹੀ ਸੀ ਪਰ ਅਚਾਨਕ ਉਸ 'ਤੇ ਹਮਲਾ ਹੋ ਗਿਆ। ਫਿਲਹਾਲ ਸਾਡੀ ਤਰਜੀਹ ਸਥਿਤੀ ਨੂੰ ਆਮ ਵਾਂਗ ਲਿਆਉਣਾ ਹੈ। ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਵੀ ਸਰਕਾਰੀ ਹਿੰਸਾ ਲਈ ਹਰਿਆਣਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਡਬਲ ਇੰਜਣ ਵਾਲੀ ਸਰਕਾਰ ਅਧੀਨ ਮਨੀਪੁਰ ਵੀ ਪਿਛਲੇ ਕਈ ਦਿਨਾਂ ਤੋਂ ਸੜ ਰਿਹਾ ਹੈ।

ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ: ਹਾਲਾਂ ਕਿ, ਪ੍ਰਭਾਵਿਤ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ। ਪੁਲਿਸ ਨੇ ਹਿੰਸਾ ਪ੍ਰਭਾਵਿਤ ਦੋਵਾਂ ਕਸਬਿਆਂ ਵਿੱਚ ਫਲੈਗ ਮਾਰਚ ਵੀ ਕੀਤਾ। ਪੁਲਿਸ ਨੇ ਕਿਹਾ ਕਿ ਨੂਹ ਹਿੰਸਾ ਅਤੇ ਗੁਰੂਗ੍ਰਾਮ ਵਿੱਚ ਇਕ ਮਸਜਿਦ 'ਤੇ ਹਮਲੇ ਤੋਂ ਬਾਅਦ ਸਾਰੇ ਧਾਰਮਿਕ ਸਥਾਨਾਂ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।

***

## ਸਕੂਲਾਂ 'ਚ ਸਮਾਰਟ.ਫੋਨ 'ਤੇ

ਨਿਜ਼ਾਮ ਦੇ ਬਹੁਤ ਵੱਡੇ ਉਹਨਾਂ ਦੇ ਆਪਣੇ ਖਿਡਾਰੀ ਬੈਠੇ ਹਨ। ਕਹਿੰਦੇ ਹਨ ਕਿ ਟੈਕਨਾਲੌਜੀ ਹਰ ਤਿੰਨ ਸਾਲ ਬਾਅਦ ਬਦਲ ਜਾਂਦੀ ਹੈ ਪਰ ਇਹ ਸਾਫ ਹੈ ਕਿ ਟੈਕਨਾਲੌਜੀ ਸਾਡੀ ਸਿੱਖਿਆ ਦਾ ਸਾਧਨ ਹੈ, ਸਾਡਾ ਹਾਸਲ ਨਹੀਂ ਹੋ ਸਕਦਾ। ਇੱਕ ਪਾਸੇ ਸਾਡੀਆਂ ਸਰਕਾਰਾਂ ਫੋਨ ਵੰਡ ਰਹੀਆਂ ਹਨ, ਦੂਸਰੇ ਪਾਸੇ ਯੂਨੈਸਕੋ ਦੀ ਰਿਪੋਰਟ ਸਾਡੇ ਭਵਿੱਖ ਦੇ ਬਾਰੇ ਚਿੰਤਾਜਨਕ ਤੱਥ ਸਾਡੇ ਸਾਹਮਣੇ ਰੱਖ ਰਹੀ ਹੈ। ਜਿਵੇਂ ਪਿਛਲੇ ਸਮਿਆਂ ਵਿੱਚ ਕੁੰਜੀ ਜਾਂ ਗਾਈਡ ਪੜ੍ਹਦੇ ਸੀ ਯਾਨੀ ਵਿਸਥਾਰ ਵਿੱਚ ਜਾਣਾ ਠੀਕ ਨਹੀਂ ਸੀ ਸਮਝਦੇ, ਉਸੇ ਤਰੀਕੇ ਨਾਲ ਹੀ ਇਲੈਕਟ੍ਰੋਨਿਕ ਕੁੰਜੀ ਸਾਡੇ ਹੱਥ ਆ ਗਈ ਹੈ। ਐਹੋ ਜਿਹੇ ਬੱਚੇ ਰਿਸਰਚ ਲੈਵਲ ਤੱਕ ਕਿਵੇਂ ਪਹੁੰਚਣਗੇ। ਖੈਰ ਅਸੀਂ ਤਾਂ ਫੋਨ ਵੰਡ ਰਹੇ ਹਾਂ,ਪਰ ਬੈਲਜੀਅਮ, ਸਪੇਨ, ਫਰਾਂਸ,ਨੀਦਰਲੈਂਡ, ਇੰਗਲੈਂਡ ਪੂਰੇ ਤਰੀਕੇ ਦੇ ਨਾਲ ਸਮਾਰਟ ਫੋਨ ਸਕੂਲਾਂ ਵਿੱਚ ਬੰਦ ਕਰ ਦਿਤੇ ਹਨ। ਬੰਗਲਾਦੇਸ਼ ਤੇ ਸਿੰਘਾਪੁਰ ਵੀ ਸਕੂਲਾਂ ਵਿੱਚ ਸਮਾਰਟ ਫੋਨ ਬੰਦ ਕਰ ਚੁਕੇ ਹਨ ਪਰ ਸਾਡੀਆਂ ਸਰਕਾਰਾਂ ਹਾਲੇ ਸਮਰਾਟ ਫੋਨ ਵੰਡ ਰਹੀਆਂ ਹਨ।

**ਸਿੱਖਣ ਦੀ ਯੋਗਤਾ ਪ੍ਰਭਾਵਿਤ :** ਯੂਨੈਸਕੋ ਦੀ ਰਿਪੋਰਟ ਵਿੱਚ ਇਸ ਗੱਲ ਵੱਲ ਧਿਆਨ ਦਿਵਾਇਆ ਗਿਆ ਹੈ ਕਿ ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਵਿਦਿਆਰਥੀਆਂ ਨੂੰ ਸਿੱਖਣ ਨਹੀਂ ਦੇਵੇਗੀ, ਉਨ੍ਹਾਂ ਨੂੰ ਸਿੱਖਿਆ ਦੇ ਸਬੰਧ ਵਿੱਚ ਕਈ ਸੀਮਾਵਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਹ ਇੱਕ ਹੱਦ ਤੱਕ ਉਨ੍ਹਾਂ ਦੀ ਰਚਨਾਤਮਕਤਾ ਨੂੰ ਮਾਰਨ ਦਾ ਕੰਮ ਵੀ ਕਰਦਾ ਹੈ। ਇੰਨਾ ਹੀ ਨਹੀਂ ਸਗੋਂ ਇਸ ਨਾਲ ਵਿਦਿਆਰਥੀਆਂ ਦਾ ਅਧਿਆਪਕਾਂ ਨਾਲ ਮਨੁੱਖੀ ਸੰਪਰਕ ਵੀ ਘਟਦਾ ਹੈ। ਰਿਪੋਰਟ 'ਚ ਸਮਾਰਟਫੋਨ ਨੂੰ ਸਿਰਫ਼ ਇਕ ਟੂਲ ਦੇ ਤੌਰ 'ਤੇ ਵਰਤਣ ਦੇ ਮਹੱਤਵ 'ਤੇ ਜ਼ੋਰ ਦਿੱਤਾ ਗਿਆ ਹੈ ਪਰ ਸਮਾਰਟਫੋਨ ਦੀ ਵੱਧ ਤੋਂ ਵੱਧ ਵਰਤੋਂ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਨੂੰ ਵਧਾ ਸਕਦੀ ਹੈ।

**ਰਵਾਇਤੀ ਅਧਿਆਪਨ ਵਿਧੀਆਂ :** ਯੂਨੈਸਕੋ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸੂਚਨਾ ਤਕਨੀਕ ਦੀ ਵਰਤੋਂ ਇਕ ਟੂਲ ਦੇ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ ਪਰ ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਰਵਾਇਤੀ ਅਧਿਆਪਨ ਵਿਧੀਆਂ ਨੂੰ ਪਿੱਛੇ ਨਹੀਂ ਛੱਡਣਾ ਚਾਹੀਦਾ। ਹਾਲਾਂ ਕਿ, ਹਰ ਕਿਸੇ ਨੂੰ ਤਕਨਾਲੋਜੀ ਬਾਰੇ ਪਤਾ ਹੋਣਾ ਚਾਹੀਦਾ ਹੈ. ਇਸ ਨੂੰ ਬਦਲ ਵਜੋਂ ਨਾ ਵਰਤੋ, ਪਰ ਇੱਕ ਸਾਧਨ ਵਜੋਂ, ਪਰ ਇਸ 'ਤੇ ਪੂਰੀ ਤਰ੍ਹਾਂ ਨਿਰਭਰ ਨਾ ਰਹੋ।

ਜਿਵੇਂ ਕਿ ਸਿੱਖਿਆ ਤੇਜ਼ੀ ਨਾਲ ਆਨ ਲਾਈਨ ਹੋ ਰਹੀ ਹੈ, ਰਿਪੋਰਟ ਨੀਤੀ ਨਿਰਮਾਤਾਵਾਂ ਨੂੰ ਫੇਸ-ਟੂ-ਫੇਸ ਟੀਚਿੰਗ ਦੇ ਮਹੱਤਵ ਨੂੰ ਨਜ਼ਰ ਅੰਦਾਜ਼ ਨਾ ਕਰਨ ਦੀ ਅਪੀਲ ਕਰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਭਾਵਸ਼ਾਲੀ ਸਿੱਖਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਸਮਾਜਿਕ ਤਾਲਮੇਲ ਜ਼ਰੂਰੀ ਹੈ ਅਤੇ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਹੈ।

**ਬੱਚਿਆਂ ਦੇ ਬੌਧਿਕ ਵਿਕਾਸ ਵਿੱਚ ਰੁਕਾਵਟ:** ਇੰਨਾ ਹੀ ਨਹੀਂ, ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਦੇਸ਼ਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖਿਆ 'ਚ ਡਿਜੀਟਲ ਟੈਕਨੌਲੋਜੀ ਫਾਇਦੇਮੰਦ ਹੋਵੇ ਅਤੇ ਨੁਕਸਾਨ ਤੋਂ ਬਚੇ, ਪਰ ਇਸ 'ਚ ਵਿਦਿਆਰਥੀਆਂ ਨੂੰ ਆਪਣੀ ਨਿਜਤਾ ਪ੍ਰਤੀ ਵੀ ਜਾਗਰੂਕ ਹੋਣਾ ਚਾਹੀਦਾ ਹੈ। ਰਿਪੋਰਟ ਵਿੱਚ ਇਹ ਵੀ ਮੰਨਿਆ ਗਿਆ ਹੈ ਕਿ ਕੋਵਿਡ-19 ਲੌਕਡਾਊਨ ਦੌਰਾਨ ਔਨਲਾਈਨ ਸਿੱਖਿਆ ਜ਼ਰੂਰੀ ਸੀ, ਪਰ ਬਰਾਬਰ ਵਿੱਦਿਅਕ ਮੌਕਿਆਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਇੰਟਰਨੈਟ ਦੀ ਪਹੁੰਚ ਤੋਂ ਬਿਨਾਂ ਲੱਖਾਂ ਵਿਦਿਆਰਥੀਆਂ ਨੂੰ ਦਰਪੇਸ਼ ਚੁਨੌਤੀਆਂ ਨੂੰ ਉਜਾਗਰ ਕੀਤਾ ਗਿਆ। ਅਜਿਹੇ 'ਚ ਇਹ ਸਮਝਣਾ ਹੋਵੇਗਾ ਕਿ ਸਮਾਰਟਫੋਨ ਦੀ ਜ਼ਿਆਦਾ ਵਰਤੋਂ ਬੱਚਿਆਂ ਦੇ ਬੌਧਿਕ ਵਿਕਾਸ 'ਚ ਰੁਕਾਵਟ ਬਣ ਸਕਦੀ ਹੈ।

***

## ਵਿਸ਼ਵ ਗੱਤਕਾ .ਫੈਡਰੇਸ਼ਨ ਵੱਲੋਂ

ਖੇਡ ਦੀ ਪ੍ਰਫੁੱਲਤਾ ਲਈ ਉਲੀਕੇ ਵਿਸ਼ਵ ਪੱਧਰੀ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਇਸ ਮੌਕੇ ਗੁਰਿੰਦਰ ਸਿੰਘ ਖਾਲਸਾ ਨੇ ਵੱਕਾਰੀ ਕੌਮੀ ਜ਼ਿੰਮੇਵਾਰੀ ਪ੍ਰਤੀ ਨਾਮਜ਼ਦਗੀ ਲਈ ਡਬਲਯੂ.ਜੀ.ਐੱਫ. ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਅਮਰੀਕਾ ਵਿੱਚ ਮਾਰਸ਼ਲ ਆਰਟ ਗੱਤਕੇ ਨੂੰ ਇੱਕ ਖੇਡ ਵਜੋਂ ਅੱਗੇ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ ਪੂਰੀ ਵਾਹ ਲਾਉਣਗੇ।



## ਐਨਡੀਏ ਬਨਾਮ ਇੰਡੀਆ

ਹਾਲਾਂਕਿ ਦੋ ਸਾਲਾਂ ਦੇ ਅੰਦਰ ਹੀ ਗਠਜੋੜ ਸਰਕਾਰ ਵਿੱਚ ਤਰੇੜਾਂ ਨਜ਼ਰ ਆਉਣ ਲੱਗ ਪਈਆਂ ਹਨ।ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਸਨ।ਮੋਰਾਰਜੀ ਨੇ 1979 ਵਿੱਚ ਅਸਤੀਫ਼ਾ ਦੇ ਦਿੱਤਾ।ਉਸ ਤੋਂ ਬਾਅਦ ਚੌਧਰੀ ਚਰਨ ਸਿੰਘ ਪ੍ਰਧਾਨ ਮੰਤਰੀ ਬਣੇ ਪਰ ਉਹ 6 ਮਹੀਨੇ ਵੀ ਇਸ ਅਹੁਦੇ 'ਤੇ ਨਹੀਂ ਰਹਿ ਸਕੇ।

ਆਖਰ 1980 ਵਿੱਚ ਜਨਤਾ ਪਾਰਟੀ ਦੀ ਇਹ ਸਰਕਾਰ ਡਿੱਗ ਗਈ।1980 ਵਿੱਚ ਲੋਕ ਸਭਾ ਚੋਣਾਂ ਹੋਈਆਂ।ਜਨਤਾ ਪਾਰਟੀ ਨੇ ਜਗਜੀਵਨ ਰਾਮ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਇਆ ਪਰ ਜਨਤਾ ਪਾਰਟੀ ਚੋਣਾਂ ਵਿੱਚ ਸਿਰਫ਼ 31 ਸੀਟਾਂ ਹੀ ਜਿੱਤ ਸਕੀ।ਕਾਂਗਰਸ ਨੇ ਵਾਪਸੀ ਕੀਤੀ ਅਤੇ 350 ਤੋਂ ਵੱਧ ਸੀਟਾਂ ਜਿੱਤੀਆਂ। 1980 ਤੋਂ 1989 ਤੱਕ ਸਭ ਕੁਝ ਠੀਕ ਸੀ।ਕਾਂਗਰਸ ਸਰਕਾਰ ਪੂਰਨ ਬਹੁਮਤ ਨਾਲ ਸੱਤਾ ਵਿੱਚ ਰਹੀ।ਪਰ 1989 ਵਿੱਚ ਸੰਯੁਕਤ ਮੋਰਚਾ ਬਣਿਆ।ਵੀ ਪੀ ਸਿੰਘ ਪ੍ਰਧਾਨ ਮੰਤਰੀ ਬਣੇ।ਇਹ ਸਰਕਾਰ ਸਿਰਫ਼ 11 ਮਹੀਨੇ ਹੀ ਚੱਲ ਸਕੀ। ਵੀ ਪੀ ਸਿੰਘ ਦੀ ਸਰਕਾਰ ਡਿੱਗ ਗਈ ਕਿਉਂਕਿ ਭਾਜਪਾ ਨੇ ਸਮਰਥਨ ਵਾਪਸ ਲੈ ਲਿਆ ਸੀ। ਇਸ ਤੋਂ ਬਾਅਦ 10 ਨਵੰਬਰ 1990 ਨੂੰ ਚੰਦਰਸ਼ੇਖਰ ਕਾਂਗਰਸ ਦੇ ਸਮਰਥਨ ਨਾਲ ਪ੍ਰਧਾਨ ਮੰਤਰੀ ਬਣੇ।

ਚੰਦਰਸ਼ੇਖਰ 21 ਜੂਨ 1991 ਤੱਕ ਹੀ ਪ੍ਰਧਾਨ ਮੰਤਰੀ ਰਹਿ ਸਕੇ।ਫਿਰ ਪੀਵੀ ਨਰਸਿਮਹਾ ਰਾਓ ਦੀ ਅਗਵਾਈ ਵਿੱਚ ਇੱਕ ਸਥਿਰ ਸਰਕਾਰ ਬਣੀ। ਜਿਨ੍ਹਾਂ ਨੇ ਪੰਜ ਸਾਲ ਦਾ ਕਾਰਜਕਾਲ ਪੂਰਾ ਕੀਤਾ।ਮਈ 1996 ਵਿੱਚ ਚੋਣਾਂ ਹੋਈਆਂ। ਇਸ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ।ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਗਈ ਸੀ।ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ, ਪਰ 13 ਦਿਨਾਂ ਵਿੱਚ ਅਸਤੀਫ਼ਾ ਦੇਣਾ ਪਿਆ।ਇਨ੍ਹਾਂ ਚੋਣਾਂ ਵਿੱਚ ਜਨਤਾ ਦਲ ਨੇ 46 ਸੀਟਾਂ ਜਿੱਤੀਆਂ ਸਨ।ਕਈ ਪਾਰਟੀਆਂ ਨੇ ਮਿਲ ਕੇ ਯੂਨਾਈਟਿਡ ਫਰੰਟ ਨਾਂ ਦਾ ਗਠਜੋੜ ਬਣਾਇਆ।ਕਾਂਗਰਸ ਨੇ ਵੀ ਇਸ ਦਾ ਸਮਰਥਨ ਕੀਤਾ।ਐਚ ਡੀ ਦੇਵਗੌੜਾ ਪ੍ਰਧਾਨ ਮੰਤਰੀ ਬਣੇ ਪਰ ਕਾਂਗਰਸ ਵੱਲੋਂ ਸਮਰਥਨ ਵਾਪਸ ਲੈਣ ਤੋਂ ਬਾਅਦ ਇਹ ਸਰਕਾਰ 10 ਮਹੀਨਿਆਂ ਦੇ ਅੰਦਰ ਹੀ ਡਿੱਗ ਗਈ। ਦੇਵਗੌੜਾ ਤੋਂ ਬਾਅਦ ਇੰਦਰਕੁਮਾਰ ਗੁਜਰਾਲ ਨੂੰ ਜਨਤਾ ਦਲ ਦਾ ਨੇਤਾ ਚੁਣਿਆ ਗਿਆ।ਕਾਂਗਰਸ ਦੇ ਸਮਰਥਨ ਨਾਲ ਪ੍ਰਧਾਨ ਮੰਤਰੀ ਬਣੇ ਪਰ ਉਹ ਵੀ ਇੱਕ ਸਾਲ ਪੂਰਾ ਨਾ ਕਰ ਸਕਿਆ ਅਤੇ ਇਹ ਸਰਕਾਰ ਵੀ ਡਿੱਗ ਪਈ।

1998 ਦੀਆਂ ਚੋਣਾਂ ਤੋਂ ਪਹਿਲਾਂ, ਭਾਜਪਾ ਦੀ ਅਗਵਾਈ ਵਿੱਚ ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਦਾ ਗਠਨ ਕੀਤਾ ਗਿਆ ਸੀ। ਸ਼ੁਰੂ ਵਿੱਚ 13 ਪਾਰਟੀਆਂ ਇਸ ਵਿੱਚ ਸ਼ਾਮਲ ਸਨ। 1998 ਦੀਆਂ ਲੋਕ ਸਭਾ ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਨੇ 258 ਸੀਟਾਂ ਜਿੱਤੀਆਂ ਸਨ। ਇਸ ਸਰਕਾਰ ਵਿੱਚ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ।ਫਿਰ 1999 ਵਿੱਚ ਆਮ ਚੋਣਾਂ ਹੋਈਆਂ।ਇਸ ਵਿੱਚ ਇੱਕ ਵਾਰ ਫਿਰ ਐਨਡੀਏ ਦੀ ਸਰਕਾਰ ਬਣੀ ਹੈ।ਇਸ ਸਰਕਾਰ ਵਿੱਚ 24 ਪਾਰਟੀਆਂ ਸ਼ਾਮਲ ਸਨ। ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ। ਇਹ ਭਾਰਤ ਦੀ ਪਹਿਲੀ ਗਠਜੋੜ ਸਰਕਾਰ ਸੀ, ਜਿਸ ਨੇ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕੀਤਾ।2004 ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਯੂਪੀਏ ਭਾਵ ਸੰਯੁਕਤ ਪ੍ਰਗਤੀਸ਼ੀਲ ਗਠਜੋੜ ਦਾ ਗਠਨ ਹੋਇਆ ਸੀ।ਕਾਂਗਰਸ ਇਸ ਦੀ ਅਗਵਾਈ ਕਰ ਰਹੀ ਸੀ।ਉਸ ਸਾਲ ਹੋਈਆਂ ਚੋਣਾਂ ਵਿੱਚ ਯੂਪੀਏ ਨੇ 222 ਸੀਟਾਂ ਜਿੱਤੀਆਂ ਸਨ।2009 ਵਿੱਚ ਫਿਰ ਮੁਕਾਬਲਾ ਐਨਡੀਏ ਬਨਾਮ ਯੂਪੀਏ ਵਿੱਚ ਹੋਇਆ। 2014 ਵਿੱਚ ਐਨਡੀਏ ਅਤੇ ਯੂਪੀਏ ਵਿੱਚ ਲੜਾਈ ਹੋਈ। ਹਾਲਾਂਕਿ, 2014 ਵਿੱਚ, ਭਾਜਪਾ ਨੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ 282 ਸੀਟਾਂ ਜਿੱਤੀਆਂ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਐਨਡੀਏ ਨੂੰ ਲਗਭਗ ਦੋ ਤਿਹਾਈ ਬਹੁਮਤ ਮਿਲਿਆ ਸੀ।ਇਸ ਸਮੇਂ ਸਭ ਦੀਆਂ ਨਜ਼ਰਾਂ ਅਗਲੀਆਂ ਲੋਕ ਸਭਾ ਚੋਣਾਂ 'ਤੇ ਲਗੀਆਂ ਹੋਈਆਂ ਹਨ।ਇਹ ਤਾਂ ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਭਾਰਤ ਵਿੱਚ ਗਠਜੋੜਾਂ ਦੀ ਸਿਆਸਤ ਕਿੰਨੀ ਕੁ ਸਫ਼ਲ ਹੁੰਦੀ ਹੈ।

****

## ਦੋਵਾਂ ਗਠਜੋੜਾਂ 'ਚ ਸ਼ਾਮਲ

ਕੇ. ਚੰਦਰਸ਼ੇਖਰ ਰਾਓ, ਨਵੀਨ ਪਟਨਾਇਕ ਅਤੇ ਜਗਨ ਮੋਹਨ ਰੈਡੀ, ਸੁਖਬੀਰ ਸਿੰਘ ਬਾਦਲ, ਦੇਵਗੌੜਾ, ਚੰਦਰਬਾਬੂ ਨਾਇਡੂ ਵਰਗੇ ਦਿੱਗਜਾਂ ਦੀਆਂ ਪਾਰਟੀਆਂ ਸ਼ਾਮਲ ਹਨ।

ਦੋਵੇਂ ਗਠਜੋੜਾਂ ਵਿੱਚ ਨਾ ਸ਼ਾਮਲ ਹੋਣ ਵਾਲੀਆਂ ਸਿਆਸੀ ਪਾਰਟੀਆਂ ਬਹੁਜਨ ਸਮਾਜ ਪਾਰਟੀ ਬਸਪਾ ਕੋਲ 2019 ਦੀਆਂ ਲੋਕ ਸਭਾ ਦੀਆਂ 10 ਸੀਟਾਂ, ਜਨਤਾ ਦਲ ਸੈਕੂਲਰ ਜੇਡੀਐਸ ਕੋਲ 1 ਸੀਟ, ਬੀਜੂ ਜਨਤਾ ਦਲ ਬੀਜੇਡੀ 12 ਸੀਟਾਂ, ਭਾਰਤੀ ਰਾਸ਼ਟਰੀ ਸਮਿਤੀ ਕੋਲ 9 ਸੀਟਾਂ, ਵਾਈਐਸਆਰ ਕਾਂਗਰਸ ਕੋਲ 22 ਸੀਟਾਂ, ਤੇਲਗੂ ਦੇਸ਼ਮ ਪਾਰਟੀ ਟੀਡੀਪੀ ਕੋਲ 3 ਸੀਟਾਂ, ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ ਕੋਲ 2 ਸੀਟਾਂ, ਸ਼੍ਰੋਮਣੀ ਅਕਾਲੀ ਦਲ ਕੋਲ 2 ਸੀਟਾਂ, ਆਲ ਇੰਡੀਆ ਯੂਨਾਈਟਿਡ ਡੈਮੋਕਰੇਟਿਕ ਫਰੰਟ ਕੋਲ 1 ਸੀਟ ਹਨ।

ਇਨ੍ਹਾਂ ਪਾਰਟੀਆਂ ਦੇ ਕੁੱਲ 62 ਸੰਸਦ ਮੈਂਬਰ ਹਨ, ਜੋ ਕੁੱਲ ਸੰਸਦ ਮੈਂਬਰਾਂ ਦਾ 11 ਫੀਸਦੀ ਤੋਂ ਵੱਧ ਹੈ।2019 ਵਿੱਚ ਇਨ੍ਹਾਂ ਪਾਰਟੀਆਂ ਨੂੰ ਮਿਲ ਕੇ 10.71% ਤੋਂ ਵੱਧ ਵੋਟਾਂ ਮਿਲੀਆਂ ਸਨ।ਅਜਿਹੇ 'ਚ ਇਨ੍ਹਾਂ ਪਾਰਟੀਆਂ ਦੀ ਅਹਿਮੀਅਤ ਕਿਤੇ ਵੀ ਘੱਟ ਨਹੀਂ ਹੈ। ਐਨਡੀਏ ਅਤੇ ਵਿਰੋਧੀ ਗਠਜੋੜ ਇੰਡੀਆ ਦੇ ਵਿੱਚ ਕਈ ਰਾਜਾਂ ਵਿੱਚ ਸਿੱਧੀ ਟੱਕਰ ਨਹੀਂ ਹੋਵੇਗੀ। ਇਸ ਵਿੱਚ ਕੁਝ ਪਾਰਟੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਰਾਜਾਂ ਵਿੱਚ ਉਨ੍ਹਾਂ ਦੀ ਪਾਰਟੀ ਦਾ ਰਾਜ ਹੈ।ਅਜਿਹੇ 'ਚ ਅਗਲੀਆਂ ਲੋਕ ਸਭਾ ਚੋਣਾਂ ਦੀ ਲੜਾਈ ਕਾਫ਼ੀ ਦਿਲਚਸਪ ਹੋਣ ਵਾਲੀ ਹੈ।

***

## ਇਜ਼ਰਾਈਲ ਦੀਆਂ ਜ਼ਾਲਮਾਨਾ

ਸਰਕਾਰ ਨੇ ਉਥੋਂ ਦੀ ਸਿਖਰਲੀ ਨਿਆਂਪਾਲਿਕਾ ਦੁਆਰਾ ਸਰਕਾਰ ਦੇ ਫੈਸਲਿਆਂ, ਨੀਤੀਆਂ, ਨਿਯੁਕਤੀਆਂ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਅਤੇ ਰੱਦ ਕਰਨ ਦੀ ਸ਼ਕਤੀ ਖੋਹਣ ਲਈ ਇੱਕ ਕਾਨੂੰਨ ਪਾਸ ਕੀਤਾ ਸੀ। ਭਾਰਤ ਵਿੱਚ ਵੀ ਅਦਾਲਤਾਂ ਨੂੰ ਸੱਤਾ ਦੁਆਰਾ ਚਲਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।

ਹਾਲਾਂ ਕਿ ਮਾਰਚ ਦੌਰਾਨ ਇਜ਼ਰਾਈਲ ਵਿੱਚ ਵੱਡੇ ਪੱਧਰ 'ਤੇ ਇਜ਼ਰਾਈਲੀ ਮਜ਼ਦੂਰ ਵਰਗ ਦੁਆਰਾ ਪੂਰੇ ਦੇਸ਼ ਭਰ ਵਿੱਚ ਜਨਤਕ ਅੰਦੋਲਨ ਕੀਤੇ ਜਾਣ ਬਾਅਦ ਉਨ੍ਹਾਂ ਨੇ ਇਸ ਪ੍ਰਸਤਾਵ ਨੂੰ ਟਾਲ ਦਿੱਤਾ ਸੀ ਤੇ ਇਸ ਬਾਰੇ ਵਿਰੋਧੀ ਧਿਰ ਦੇ ਨਾਲ ਚਰਚਾ ਕਰਨ ਦੇ ਬਾਅਦ ਫੈਸਲਾ ਲੈਣ ਦਾ ਐਲਾਨ ਕੀਤਾ ਸੀ। ਹੁਣੇ ਜਿਹੇ ਫਾਸ਼ੀਵਾਦੀ ਗੱਠਜੋੜ, ਸੱਜੇ-ਪਖੀ ਨੇਤਨਯਾਹੂ ਅਤੇ ਉਸ ਦੇ ਸਹਿਯੋਗੀ ਯਹੂਦੀ ਕੱਟੜਪੰਥੀਆਂ ਨੇ, ਵਿਰੋਧੀ ਧਿਰ ਨਾਲ ਚੱਲ ਰਹੀ ਗੱਲਬਾਤ ਨੂੰ ਤੋੜਦੇ ਹੋਏ, ਆਪਣੀ ਯੋਜਨਾ ਉਪਰ ਅਮਲ ਕਰ ਦਿੱਤਾ। ਇਸ ਕਾਰਨ ਲੋਕਾਂ ਦਾ ਗੁੱਸਾ ਇੱਕ ਵਾਰ ਫਿਰ ਭੜਕ ਉੱਠਿਆ ਹੈ।

ਕਿਰਤੀ ਜਮਾਤ ਦੀ ਅਧੀਨਗੀ ਨੂੰ ਬਰਕਰਾਰ ਰੱਖਣ ਲਈ ਜਮਾਤੀ ਘੋਲ਼ ਨੂੰ ਦਬਾਉਣ ਅਤੇ ਯਹੂਦੀਵਾਦੀ ਵਿਚਾਰਧਾਰਾ ਦਾ ਬੋਲਬਾਲਾ ਬਣਾਉਣ ਲਈ ਫੌਜੀ ਰਾਜ ਰਾਹੀਂ ਜਿਸ ਪ੍ਰਤੀਕਰਮ ਨੂੰ ਅੰਜਾਮ ਦਿੱਤਾ ਗਿਆ ,ਉਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ।ਭਾਰਤ ਦੀ ਮੋਦੀ ਸਰਕਾਰ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ।

ਇਜ਼ਰਾਈਲ ਵਿੱਚ ਹਿੰਸਕ ਦਮਨ, ਸੱਜੇ ਪੱਖੀ ਤਾਨਾਸ਼ਾਹੀ ਅਤੇ ਫਾਸੀਵਾਦ ਵੱਲ ਇਹ ਮੋੜ ਪੂੰਜੀਵਾਦ ਦੀ ਚੱਲ ਰਹੀ ਵਿਸ਼ਵ ਪ੍ਰਕਿਰਿਆ ਦਾ ਹਿੱਸਾ ਹੈ।ਭਾਰਤ ਵਿੱਚ ਹੀ ਨਹੀਂ, ਫਰਾਂਸ, ਬਰਤਾਨੀਆ, ਅਮਰੀਕਾ ਵਰਗੇ ਸਾਮਰਾਜੀ ਮੁਲਕਾਂ ਤੋਂ ਲੈ ਕੇ ਮੁਕਾਬਲਤਨ ਪਛੜੇ ਪੂੰਜੀਵਾਦੀ ਮੁਲਕਾਂ ਸ੍ਰੀਲੰਕਾ, ਪਾਕਿਸਤਾਨ, ਘਾਨਾ, ਨਾਈਜੀਰੀਆ, ਪੇਰੂ ਆਦਿ ਵਿੱਚ ਹਾਕਮ ਜਮਾਤਾਂ ਦੇ ਫਾਸ਼ੀਵਾਦੀ ਤਰੀਕਿਆਂ ਕਾਰਣ ਲਗਭਗ ਸਦੀਵੀ ਸਮਾਜਿਕ ਅਤੇ ਸਿਆਸੀ ਸੰਕਟ ਪੈਦਾ ਹੋ ਗਿਆ ਹੈ। ਵਿਸ਼ਵ ਪੂੰਜੀਵਾਦ ਤੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਜਾਪਦਾ। ਇਸ ਸੰਕਟ ਨੇ ਪੂੰਜੀਵਾਦੀ ਜਮਹੂਰੀਅਤ ਨੂੰ ਹਰ ਪਾਸੇ ਨੰਗਾ ਕਰ ਦਿੱਤਾ ਹੈ।

ਆਪਣੇ ਆਪ ਨਾਲ ਜ਼ੁਲਮ ਦਾ ਵਿਰੋਧ ਕਰਨਾ, ਹਰ ਥਾਂ ਹਰ ਕਿਸੇ ਨਾਲ ਸ਼ੋਸ਼ਣ ਅਤੇ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਉਣਾ, ਸਾਰੇ ਮਜ਼ਲੂਮਾਂ ਦੀ ਏਕਤਾ ਦੀ ਵਕਾਲਤ ਕਰਨਾ ਅੱਜ ਫਾਸ਼ੀਵਾਦ ਨਾਲ ਲੜਨ ਲਈ ਜ਼ਰੂਰੀ ਸ਼ਰਤ ਹੈ।ਸਿੱਖ ਧਰਮ ਦੀ ਵਿਰਾਸਤ ਗੁਰੂ ਸਾਹਿਬਾਨ ਨੇ ਇਹੀ ਸਿਰਜੀ ਹੈ ਕਿ ਮਨੁੱਖਤਾ ਦੇ ਹੱਕ ਵਿੱਚ ਖਲੋਵੋ।ਇਹੀ ਹਲੇਮੀ ਰਾਜ ਤੇ ਬੇਗਮਪੁਰੇ ਦਾ ਸੰਕਲਪ ਹੈ।ਸਿੱਖ ਪੰਥ ਨੂੰ ਭਾਰਤ ਦੇ ਬਿਖੜੇ ਮਾਹੌਲ ਤੇ ਹਿੰਦੂ ਰਾਸ਼ਟਰਵਾਦ ਦੇ ਵਿਰੋਧ ਵਿੱਚ ਮਨੁੱਖਤਾ ਦੀ ਅਗਵਾਈ ਸਰਬਤ ਦੀ ਅਜ਼ਾਦੀ ਲਈ ਕਰਨੀ ਚਾਹੀਦੀ ਹੈ।

***

## ਭਾਜਪਾ ਹਕੂਮਤ ਵਾਲੇ ਰਾਜਾਂ

ਵੀ ਯੂ ਪੀ ਨੰਬਰ ਇਕ 'ਤੇ ਸੀ, ਜਿੱਥੇ 59445 ਮਾਮਲੇ ਦਰਜ ਹੋਏ।ਉਸ ਤੋਂ ਬਾਅਦ ਮਹਾਰਾਸ਼ਟਰ (35497), ਬੰਗਾਲ (30394), ਰਾਜਸਥਾਨ (27866) ਅਤੇ ਆਸਾਮ (27687) ਸਨ ਜਦਕਿ ਛੱਤੀਸਗੜ੍ਹ ਵਿਚ 8587 ਮਾਮਲੇ ਦਰਜ ਹੋਏ ਸਨ।2019 ਵਿਚ ਵੀ ਯੂ ਪੀ 59853 ਮਾਮਲਿਆਂ ਨਾਲ ਅੱਵਲ ਸੀ।ਉਸ ਤੋਂ ਬਾਅਦ ਰਾਜਸਥਾਨ (41550), ਮਹਾਰਾਸ਼ਟਰ (37144), ਬੰਗਾਲ (29859) ਤੇ ਆਸਾਮ (30025) ਸਨ। ਛੱਤੀਸਗੜ੍ਹ ਵਿਚ 7689 ਮਾਮਲੇ ਦਰਜ ਹੋਏ ਸਨ।2020 ਵਿਚ ਵੀ ਯੂ ਪੀ 49385 ਮਾਮਲਿਆਂ ਨਾਲ ਅੱਵਲ ਸੀ। ਉਸ ਤੋਂ ਬਾਅਦ ਬੰਗਾਲ (36439), ਰਾਜਸਥਾਨ (34535), ਮਹਾਰਾਸ਼ਟਰ (31954) ਆਸਾਮ (26352) ਸਨ, ਜਦਕਿ ਛੱਤੀਸਗੜ੍ਹ ਵਿਚ 7385 ਮਾਮਲੇ ਦਰਜ ਹੋਏ ਸਨ।2021 ਵਿਚ ਵੀ ਯੂ ਪੀ ਵਿਚ ਸਭ ਤੋਂ ਵੱਧ 56083 ਮਾਮਲੇ ਦਰਜ ਹੋਏ। ਉਸ ਤੋਂ ਬਾਅਦ ਰਾਜਸਥਾਨ (40738), ਮਹਾਰਾਸ਼ਟਰ (39526), ਬੰਗਾਲ (35884), ਓਡੀਸ਼ਾ (31352) ਅਤੇ ਆਸਾਮ (29046) ਦਾ ਨੰਬਰ ਸੀ ਜਦਕਿ ਛੱਤੀਸਗੜ੍ਹ ਵਿਚ 7344 ਮਾਮਲੇ ਦਰਜ ਹੋਏ ਸਨ।ਅੰਕੜੇ ਸਾਫ ਹਨ ਕਿ ਔਰਤਾਂ 'ਤੇ ਸਭ ਤੋਂ ਵੱਧ ਜੁਰਮ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਅਰੇ ਲਾਉਣ ਵਾਲਿਆਂ ਦੇ ਰਾਜਾਂ ਵਿਚ ਹੋ ਰਹੇ ਹਨ।

***

## ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਦਾ ਭਵਿੱਖ

ਮਜ਼ਲੂਮ ਦੀ ਰਖਿਆ ਤੇ ਜਰਵਾਣੇ ਦੀ ਭਖਿਆ, ਇਹ ਗੁਰੂ ਗ੍ਰੰਥ ਸਾਹਿਬ ਦਾ ਤਤਸਾਰ ਹੈ।ਸਿੱਖਾਂ ਨੇ ਕਦੀ ਵੀ ਮੋਦੀ ਕਿਆਂ ਨੂੰ ਗੁਜਰਾਤ ਵਿੱਚ ਕਰਵਾਏ ਗਏ ਮੁਸਲਿਮ ਕਤਲੇਆਮ ਲਈ ਬਰੀ ਨਹੀਂ ਕੀਤਾ। ਸਿੱਖਾਂ ਨੇ ਦਿਲੀ ਵਿੱਚ ਹੋਏ ਮੁਸਲਿਮ ਸੰਘਰਸ਼ ਵੇਲੇ ਵੀ ਉਹਨਾਂ ਦੀ ਪੂਰੀ ਹਮਾਇਤ ਕੀਤੀ।ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਸਰਕਾਰੀ ਦਲਾਲਾਂ ਦੇ ਜਬਰੀ ਕਬਜ਼ਾ ਕਰਨ ਤੋਂ ਪਹਿਲਾਂ ਤਕ ਮੁਸਲਿਮ ਇਕੱਠਾਂ ਲਈ ਲੰਗਰ ਗੁਰਦੁਆਰਿਆਂ ਵਿਚੋਂ ਆਉਂਦਾ ਰਿਹਾ ਹੈ। ਮੋਦੀ ਭਗਤ ਸ਼ੇਖਰ ਗੁਪਤਾ ਦੀ ਇੰਟਰਨੈਟ ਅਖ਼ਬਾਰ 'ਦ ਪਰਿੰਟ' ਉੱਤੇ ਜੇ ਯਕੀਨ ਕੀਤਾ ਜਾਏ ਤਾਂ ਚਰਚਿਤ ਕਾਲਮਨਵੀਸ ਦਲੀਪ ਮੰਡਲ ਦੀ ਉਸ ਵਿੱਚ ਛਪੀ ਇੱਕ ਲਿਖਤ ਅਨੁਸਾਰ 'ਕਿਸਾਨ ਅੰਦੋਲਨ' ਦਾ ਫੈਸਲਾ ਮੋਦੀ ਨੇ ਉਦੋਂ ਮਜਬੂਰੀ ਵਸ ਕੀਤਾ ਜਦੋਂ ਦਿੱਲੀ ਦੇ ਸਿੱਖਾਂ ਨੇ ਮੁਸਲਮਾਨਾਂ ਨੂੰ ਗੁਰਦੁਆਰਿਆਂ ਵਿੱਚ ਨਮਾਜ਼ ਪੜ੍ਹਨ ਦਾ ਸੱਦਾ ਦਿੱਤਾ।

ਇਸ ਲਈ ਸਿੱਖਾਂ ਨੇ ਕਦੀ ਵੀ ਸੁਖਦੇਵ ਸਿੰਘ ਢੀਂਡਸਾ ਨੂੰ ਆਪਣਾ ਆਗੂ ਨਹੀਂ ਮੰਨਣਾ ਜਿੰਨਾ ਚਿਰ ਉਹ ਭਾਜਪਾ ਨਾਲੋਂ ਆਪਣਾ ਮੁਕੰਮਲ ਤੋੜ ਵਿਛੋੜਾ ਨਹੀਂ ਕਰਦਾ ਅਤੇ ਪੰਥਕ ਆਗੂ ਹੋਣ ਦਾ ਸਬੂਤ ਨਹੀਂ ਦੇਂਦਾ।

***

## ਜੰਮੂ-ਕਸ਼ਮੀਰ ਦੇ ਸਿੱਖਾਂ ਨਾਲ

ਲਈ ਰੱਖੀ ਜਾ ਰਹੀ ਰਾਖਵੀਂ ਸੀਟ ਵੀ ਕਿਸ ਨੂੰ ਮਿਲੇਗੀ ?

ਇਕ ਅੰਦਾਜ਼ੇ ਅਨੁਸਾਰ ਤਾਂ 1947 ਦੀ ਵੰਡ ਅਤੇ ਕਸ਼ਮੀਰ 'ਤੇ ਕਬਾਇਲੀ (ਪਾਕਿਸਤਾਨੀ) ਹਮਲੇ ਵਿੱਚ ਕਰੀਬ 1 ਲੱਖ ਸਿੱਖ ਮਾਰੇ ਗਏ ਸਨ। ਕਿਹਾ ਜਾਂਦਾ ਹੈ ਕਿ ਕਬਾਇਲੀ ਹਮਲੇ ਵੇਲੇ ਇਕੱਲੇ ਮੁਜ਼ੱਫਰ ਨਗਰ ਇਲਾਕੇ ਵਿੱਚ ਹੀ 70 ਹਜ਼ਾਰ ਸਿੱਖਾਂ ਦਾ ਕਤਲੇਆਮ ਕਰ ਦਿੱਤਾ ਗਿਆ ਸੀ।ਇਕ ਖੋਜ ਜੋ ਡਾ. ਕੋਮਲ ਜੀ.ਬੀ. ਸਿੰਘ ਨੇ ਆਪਣੇ ਪੀ.ਐੱਚ.ਡੀ. ਥੀਸਸ ਲਈ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਰਗੀ ਸਤਿਕਾਰਿਤ ਸੰਸਥਾ ਤੋਂ 'ਬਟਵਾਰੇ ਦੀਆਂ ਅਧੂਰੀਆਂ ਦਾਸਤਾਨਾਂ' ਬਾਰੇ ਕੀਤੀ ਹੈ, ਵਿੱਚ ਸਾਬਤ ਕੀਤਾ ਹੈ ਕਿ ਜੰਮੂ-ਕਸ਼ਮੀਰ ਦੇ ਬਿਖਰੇ (ਦੂਰ-ਦੁਰਾਡੇ) ਦੇ ਇਲਾਕਿਆਂ ਵਿੱਚ 18 ਤੋਂ 20 ਹਜ਼ਾਰ ਸਿੱਖਾਂ ਦੀਆਂ ਹੱਤਿਆਵਾਂ 21 ਤੋਂ 26 ਅਕਤੂਬਰ (1947) ਦਰਮਿਆਨ ਹੀ ਹੋਈਆਂ ਸਨ, ਜੋ ਕਿਤੇ ਦਰਜ ਨਹੀਂ ਹਨ।

21 ਤੋਂ 26 ਅਕਤੂਬਰ, 1947 ਦਰਮਿਆਨ ਵਾਪਰੀਆਂ ਘਟਨਾਵਾਂ ਨੂੰ ਸਮਝਣਾ ਜ਼ਰੂਰੀ ਹੈ, ਜਦੋਂ ਸ੍ਰੀ ਨਗਰ ਨੂੰ ਬਚਾਉਣ ਲਈ ਕਬਾਇਲੀਆਂ (ਹਮਲਾਵਰਾਂ) ਦਾ ਰੁਖ਼ ਰਫੀਆਬਾਦ ਵੱਲ ਮੋੜ ਦਿੱਤਾ ਗਿਆ ਤਾਂ ਰਾਹ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਸਿੱਖਾਂ ਅਤੇ ਹਿੰਦੂਆਂ ਨੂੰ ਮਾਰ ਦਿੱਤਾ ਜਾਂ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦੇ ਪਿੰਡ ਤਬਾਹ ਕਰ ਦਿੱਤੇ ਗਏ।ਸਿੱਖਾਂ ਦਾ ਕਤਲੇਆਮ ਇਸ ਲਈ ਵੀ ਜ਼ਿਆਦਾ ਹੋਇਆ, ਕਿਉਂਕਿ ਉਹ ਆਪਣੀ ਪੱਗ ਅਤੇ ਦਾੜ੍ਹੀ ਕਾਰਨ ਦੂਰੋਂ ਹੀ ਪਛਾਣੇ ਜਾਂਦੇ ਸਨ।

ਪਿੰਡਾਂ ਮੁਜ਼ੱਫਰ ਨਗਰ, ਮੀਰਪੁਰ, ਕੋਟਲੀ, ਡੋਮੇਲ, ਪੁਣਛ ਅਤੇ ਰਜੌਰੀ ਵਿੱਚ ਸਿੱਖਾਂ ਨਾਲ ਕੀ ਵਾਪਰਿਆ (ਉਸ ਦਾ ਵਰਨਣ ਬਹੁਤ ਮੁਸ਼ਕਿਲ ਹੈ), ਸਿਰਫ਼ ਇਸ ਗੱਲ ਤੋਂ ਅੰਦਾਜ਼ਾ ਲਾ ਲਓ ਕਿ ਇਲਾਕੇ ਦੇ ਲੋਕ ਅੱਜ ਵੀ ਯਾਦ ਕਰਦੇ ਹਨ ਕਿ ਉਸ ਵੇਲੇ ਕਬਾਇਲੀ ਹਮਲਾਵਰਾਂ ਦਾ ਨਾਅਰਾ ਸੀ, 'ਹਿੰਦੂ ਕਾ ਜ਼ਰ-ਸਿੱਖ ਕਾ ਸਰ-ਮੁਸਲਿਮ ਕਾ ਘਰ' (ਹਮਾਰਾ ਹੈ)। ਭਾਵ ਕਿ ਹਿੰਦੂਆਂ ਦੀ ਦੌਲਤ, ਸਿੱਖਾਂ ਦੇ ਸਿਰ ਜਾਂ ਜਾਨ ਅਤੇ ਮੁਸਲਮਾਨ ਦਾ ਘਰ ਨਿਸ਼ਾਨਾ ਸੀ। ਸਾਫ਼ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਨੂੰ ਤਾਂ ਸਿਰਫ਼ ਲੁੱਟ ਕੇ ਉਨ੍ਹਾਂ ਦੀ ਜਾਨ-ਬਖ਼ਸ਼ੀ ਕਰ ਦਿੱਤੀ ਜਾਂਦੀ ਸੀ ਪਰ ਸਿੱਖਾਂ ਨੂੰ ਤਾਂ ਜਾਨ ਤੋਂ ਹੀ ਹੱਥ ਧੋਣੇ ਪੈਂਦੇ ਸਨ।

ਇਤਿਹਾਸਕ ਸੱਚ ਹੈ ਕਿ ਜੰਮੂ-ਕਸ਼ਮੀਰ ਲੰਮਾ ਸਮਾਂ ਸਿੱਖ ਰਾਜ ਦਾ ਹਿੱਸਾ ਰਿਹਾ ਹੈ।ਪਹਿਲਾਂ ਜੰਮੂ-ਕਸ਼ਮੀਰ 'ਤੇ ਸਿੱਖ ਰਾਜ ਕਾਇਮ ਕਰਨ ਵੇਲੇ ਅਤੇ ਬਾਅਦ ਵਿੱਚ ਇਸ ਦਾ ਵੱਡਾ ਹਿੱਸਾ ਪਾਕਿਸਤਾਨ ਤੋਂ ਬਚਾਉਣ ਵੇਲੇ ਹਜ਼ਾਰਾਂ ਸਿੱਖਾਂ ਨੇ ਜਾਨਾਂ ਕੁਰਬਾਨ ਕੀਤੀਆਂ ਸਨ।ਇਸ ਵੇਲੇ ਵੀ ਜੰਮੂ-ਕਸ਼ਮੀਰ ਵਿੱਚ ਸਿੱਖਾਂ ਦੀ ਗਿਣਤੀ 3 ਲੱਖ ਦੇ ਕਰੀਬ ਹੈ, ਜੋ 2 ਵਿਧਾਨ ਸਭਾ ਸੀਟਾਂ ਦੇ ਨੇੜੇ-ਤੇੜੇ ਹੈ।ਇਸ ਤਰ੍ਹਾਂ ਸਿੱਖਾਂ ਦੀਆਂ ਕੁਰਬਾਨੀਆਂ ਅਤੇ ਗਿਣਤੀ ਦੋਵਾਂ ਦੇ ਲਿਹਾਜ਼ ਨਾਲ ਸਿੱਖ ਜੰਮੂ-ਕਸ਼ਮੀਰ ਵਿਚ 2 ਵਿਧਾਨ ਸਭਾ ਸੀਟਾਂ ਲੈਣ ਦਾ ਹੱਕ ਰੱਖਦੇ ਹਨ।

ਇਸ ਮਾਮਲੇ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ,ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇਸ ਬਾਰੇ ਸਿੱਖਾਂ ਦੇ ਹੱਕਾਂ ਲਈ ਖੁੱਲ੍ਹ ਕੇ ਬੋਲੇ ਹਨ ਅਤੇ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਹਨ, ਜੋ ਸਿੱਖ ਇੰਟੈਲੀਜੈਂਸੀਆਂ, ਭਾਰਤ ਸਰਕਾਰ ਦੇ ਅਧਿਕਾਰੀਆਂ, ਮੰਤਰੀਆਂ ਨੂੰ ਆਗਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖਾਂ ਨੂੰ ਜੰਮੂ-ਕਸ਼ਮੀਰ ਵਿੱਚ ਉਨ੍ਹਾਂ ਦਾ ਹੱਕ ਮਿਲੇ।ਸਾਰੀਆਂ ਰਾਜਸੀ ਪਾਰਟੀਆਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ, ਬੁੱਧੀਜੀਵੀਆਂ, ਪੱਤਰਕਾਰਾਂ ਨੂੰ ਸਮਾਂ ਰਹਿੰਦੇ ਇਸ ਬਾਰੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਜੰਮੂ ਕਸ਼ਮੀਰ ਵਿੱਚ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਵਿੱਚ ਦੋ ਸੀਟਾਂ ਸਿੱਖ ਭਾਈਚਾਰੇ ਲਈ ਉਸੇ ਤਰਜ਼ 'ਤੇ ਰਾਖਵੀਆਂ ਰੱਖੀਆਂ ਜਾਣ, ਜਿਵੇਂ ਦੋ ਸੀਟਾਂ ਕਸ਼ਮੀਰੀ ਪੰਡਤਾਂ ਤੇ ਇੱਕ ਸੀਟ ਮਕਬੂਜ਼ਾ ਕਸ਼ਮੀਰ ਦੇ ਰਫ਼ਿਊਜੀਆਂ ਲਈ ਯੂਟੀ ਜੰਮੂ ਕਸ਼ਮੀਰ ਪੁਨਰਗਠਨ ਬਿੱਲ ਵਿੱਚ ਰਾਖਵੀਆਂ ਕਰਨ ਦੀ ਤਜਵੀਜ਼ ਹੈ। ਸਿੱਖ ਕੌਮ ਹਮੇਸ਼ਾ ਜੰਮੂ ਕਸ਼ਮੀਰ ਲਈ ਡਟੀ ਰਹੀ ਹੈ। ਇਕੱਲੇ ਜੰਮੂ ਖ਼ਿੱਤੇ ਵਿੱਚ ਤਿੰਨ ਲੱਖ ਸਿੱਖ ਰਹਿੰਦੇ ਹਨ, ਜੋ ਕਿ 1947 ਵਿੱਚ ਮਕਬੂਜ਼ਾ ਕਸ਼ਮੀਰ ਤੋਂ ਉੱਜੜ ਕੇ ਆਏ ਸਨ ਅਤੇ ਉਨ੍ਹਾਂ ਨੂੰ ਆਬਾਦੀ ਦੇ ਲਿਹਾਜ਼ ਨਾਲ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ।

***

## ਅਮਰੀਕਾ ਦੇ ਕੈਲੀਫੋਰਨੀਆ

ਆਗੂ ਨਿਆਂਗ ਹੈਂਗਜ਼ੋ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦੰਗਾਕਾਰੀਆਂ ਨੇ ਸਾਡੇ ਘਰਾਂ ,ਸਾਡੀਆਂ ਜਾਇਦਾਦਾਂ ਨੂੰ ਤਬਾਹ ਕਰ ਦਿੱਤਾ ਹੈ।ਘਰਾਂ ਵਿਚੋਂ ਕੱਢਕੇ ਸਾਨੂੰ ਮਾਰਿਆ ਜਾ ਰਿਹਾ ਹੈ, ਸਾਡੀਆਂ ਧੀਆਂ ਭੈਣਾਂ ਨਾਲ ਜਬਰਜਨਾਹ ਹੋ ਰਹੇ ਹਨ।ਦੰਗਾਕਾਰੀਆਂ ਨੇ ਸਾਡੀ ਹਰ ਚੀਜ਼ ਮਿੱਟੀ ਵਿੱਚ ਮਿਲਾ ਦਿੱਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਵਿਸ਼ਵ ਕਦੋਂ ਤੱਕ ਮੂਕ ਦਰਸ਼ਕ ਬਣ ਕੇ ਇਹ ਸਭ ਕੁਝ ਵੇਖਦਾ ਰਹੇਗਾ।ਉਨ੍ਹਾਂ ਮੰਗ ਕੀਤੀ ਕਿ ਸਦਨ ਵਿੱਚ ਇਸ ਸਬੰਧੀ ਚਰਚਾ ਹੋਣੀ ਚਾਹੀਦੀ ਹੈ ਜਿਸ ਤਰਾਂ ਯੂਰਪੀ ਯੂਨੀਅਨ ਵਿੱਚ ਹੋਈ ਹੈ।ਯੂਰਪੀ ਯੂਨੀਅਨ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਇਕ ਮਤਾ ਪਰਵਾਨ ਕਰਕੇ ਭਾਰਤ ਨੂੰ ਕਿਹਾ ਹੈ ਕਿ ਉਹ ਮਨੀਪੁਰ ਵਿੱਚ ਹਿੰਸਾ ਰੋਕਣ ਲਈ ਸਾਰੇ ਲੋੜੀਂਦੇ ਕਦਮ ਚੁੱਕਣ ਤੇ ਘੱਟ ਗਿਣਤੀਆਂ ਖਾਸ ਕਰਕੇ ਇਸਾਈ ਭਾਈਚਾਰੇ ਦੀ ਰਖਿਆ ਕਰਨ।ਹਾਲਾਂ ਕਿ ਭਾਰਤ ਨੇ ਇਸ ਮਤੇ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜੀ ਕਰਾਰ ਦਿੱਤਾ ਹੈ।

***

## ਖਾਲੜਾ ਪਾਰਕ ਕਮੇਟੀ ਤੇ

ਕਰਦਿਆਂ ਉਹਨਾਂ ਦੀ ਯਾਦ ਵਿੱਚ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ ਜਾਂਦਾ ਹੈ। ਅਤੇ ਇਸੇ ਕੜੀ ਤਹਿਤ ਇਹ ਸਲਾਨਾ ਸਮਾਗਮ 16 ਸਤੰਬਰ ਦਿਨ ਸ਼ਨੀਵਾਰ ਨੂੰ ਖਾਲੜਾ ਪਾਰਕ ਵਿਖੇ ਦੁਪਿਹਰ ਦੋ ਵਜੇ ਰੱਖਿਆ ਗਿਆ ਹੈ।

***

## ਅਮਰੀਕਾ 'ਚ ਰਾਸ਼ਟਰਪਤੀ ਚੋਣਾਂ-2024

ਹਮੇਸ਼ਾ ਅਮਰੀਕਾ ਫਸਟ ਦੀ ਨੀਤੀ ਤਹਿਤ ਕੰਮ ਕੀਤਾ।ਉਹ ਰੂੜੀਵਾਦੀ ਹਨ।ਸਿੰਘ ਨੇ ਰਿਪਬਲਿਕਨ ਪਾਰਟੀ ਲਈ ਨਿਊ ਜਰਸੀ ਵਿੱਚ ਆਪਣੇ ਕੰਜ਼ਰਵੇਟਿਵ ਵਿੰਗ ਨੂੰ ਬਹਾਲ ਕਰਨ ਲਈ ਕੰਮ ਕੀਤਾ।

ਟੈਕ ਅਤੇ ਫਾਰਮਾ ਕੰਪਨੀਆਂ ਦੇ ਭ੍ਰਿਸ਼ਟਾਚਾਰ ਬਾਰੇ ਉਨ੍ਹਾਂ ਕਿਹਾ ਕਿ ਸਾਡੀ ਆਜ਼ਾਦੀ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਵੀਡੀਓ 'ਚ ਸਿੰਘ ਨੇ ਅੱਗੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਕਾਫੀ ਬਦਲਾਅ ਹੋਏ ਹਨ। ਇਸ ਲਈ ਤਬਦੀਲੀਆਂ ਨੂੰ ਉਲਟਾਉਣ ਅਤੇ ਅਮਰੀਕੀ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨ ਲਈ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ।ਇਸ ਕਰਕੇ, ਮੈਂ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਲਈ ਰਿਪਬਲਿਕਨ ਪਾਰਟੀ ਦੀ ਨਾਮਜ਼ਦਗੀ ਲਈ ਚੋਣ ਲੜਨ ਦਾ ਫੈਸਲਾ ਕੀਤਾ ਹੈ।ਤੁਹਾਨੂੰ ਦੱਸ ਦੇਈਏ ਕਿ ਸਾਬਕਾ ਰਾਸ਼ਟਰਪਤੀ ਟਰੰਪ ਸਮੇਤ ਰਿਪਬਲਿਕਨ ਪਾਰਟੀ ਦੇ ਕਰੀਬ ਇੱਕ ਦਰਜਨ ਦਾਅਵੇਦਾਰ ਹਨ।

ਸਿੰਘ ਨੇ ਆਪਣੇ ਆਪ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਇਕਲੌਤਾ ਸਾਫ਼ ਉਮੀਦਵਾਰ ਦੱਸਿਆ, ਕਿਉਂਕਿ ਉਸਨੇ ਕਦੇ ਵੀ ਕੋਵਿਡ ਟੀਕਾਕਰਨ ਨਹੀਂ ਕੀਤਾ ਹੈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਿੰਘ ਨੇ 2017 ਅਤੇ 2021 ਵਿੱਚ ਨਿਊ ਜਰਸੀ ਦੇ ਗਵਰਨਰਸ਼ਿਪ ਲਈ, 2018 ਵਿੱਚ ਪ੍ਰਤੀਨਿਧੀ ਸਭਾ ਦੀ ਇੱਕ ਸੀਟ ਲਈ ਅਤੇ 2020 ਵਿੱਚ ਰਿਪਬਲਿਕਨ ਪ੍ਰਾਇਮਰੀਜ਼ ਵਿੱਚ ਸੈਨੇਟ ਲਈ ਚੋਣ ਲੜੀ, ਪਰ ਰਿਪਬਲਿਕਨ ਨਾਮਜ਼ਦਗੀ ਜਿੱਤਣ ਵਿੱਚ ਅਸਫਲ ਰਹੇ।

***

## ਚੀਨ ਦੀ ਨਵੀਂ ਫ਼ੌਜੀ ਮੁਹਿੰਮ

ਬੰਦਰਗਾਹ ਅਤੇ ਇਸਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਸਭ ਤੋਂ ਵੱਧ ਨਿਵੇਸ਼ ਕੀਤਾ ਹੈ। ਚੀਨ ਕੋਲ ਦੁਨੀਆ ਦੀ ਸਭ ਤੋਂ ਵੱਡੀ ਜਲ ਸੈਨਾ ਹੈ, ਜਿਸ ਵਿੱਚ ਲਗਭਗ 500 ਜਹਾਜ਼ ਹਨ।

### ਜਿਬੂਤੀ ਵਿੱਚ ਚੀਨ ਦਾ ਇਕਲੌਤਾ ਵਿਦੇਸ਼ੀ ਫੌਜੀ ਅੱਡਾ

ਚੀਨੀ ਜਲ ਸੈਨਾ, ਪੀਪਲਜ਼ ਲਿਬਰੇਸ਼ਨ ਆਰਮੀ ਨੇਵੀ, ਨੇ 2016 ਦੌਰਾਨ 590 ਡਾਲਰ ਮਿਲੀਅਨ ਦੀ ਲਾਗਤ ਨਾਲ ਪੂਰਬੀ ਅਫਰੀਕਾ ਵਿੱਚ ਜਿਬੂਤੀ ਵਿਖੇ ਆਪਣਾ ਪਹਿਲਾ ਵਿਦੇਸ਼ੀ ਫੌਜੀ ਅੱਡਾ ਸਥਾਪਿਤ ਕੀਤਾ। ਇਸ ਫੌਜੀ ਅੱਡੇ 'ਤੇ 2000 ਤੋਂ ਵੱਧ ਚੀਨੀ ਜਲ ਸੈਨਾ ਦੇ ਜਵਾਨ ਅਤੇ ਕਈ ਜੰਗੀ ਬੇੜੇ ਹਮੇਸ਼ਾ ਤਾਇਨਾਤ ਰਹਿੰਦੇ ਹਨ।ਚੀਨ ਦੇ ਅਨੁਸਾਰ, ਉਨ੍ਹਾਂ ਦਾ ਮੁੱਖ ਉਦੇਸ਼ ਆਸ ਪਾਸ ਦੇ ਪਾਣੀ ਖੇਤਰਾਂ ਤੋਂ ਲੰਘਣ ਵਾਲੇ ਚੀਨੀ ਕਾਰਗੋ ਜਹਾਜ਼ਾਂ ਨੂੰ ਸਮੁੰਦਰੀ ਡਾਕੂਆਂ ਦੇ ਹਮਲਿਆਂ ਤੋਂ ਬਚਾਉਣਾ ਹੈ। ਹਾਲਾਂਕਿ, ਪਿਛਲੇ ਇੱਕ ਸਾਲ ਦੇ ਅੰਦਰ, ਚੀਨ ਨੇ ਜਿਬੂਤੀ ਵਿੱਚ ਨੇਵੀ ਬੇਸ ਦਾ ਕਾਫ਼ੀ ਵਿਸਤਾਰ ਕੀਤਾ ਹੈ।ਇਹ ਟਿਕਾਣਾ ਹੁਣ ਇੱਕ ਵਿਸ਼ਾਲ ਮਜਬੂਤ ਕਿਲ੍ਹੇ ਵਿੱਚ ਬਦਲ ਗਿਆ ਹੈ।ਸ਼ੁਰੂਆਤ ਵਿੱਚ ਚੀਨ ਨੇ ਕਿਹਾ ਸੀ ਕਿ ਇਸ ਫੌਜੀ ਅੱਡੇ ਦੀ ਵਰਤੋਂ ਅਰਬ ਸਾਗਰ ਅਤੇ ਹਿੰਦ ਮਹਾਸਾਗਰ ਵਿੱਚ ਤਾਇਨਾਤ ਚੀਨੀ ਜਲ ਸੈਨਾ ਲਈ ਮੁੜ ਸਪਲਾਈ ਡਿਪੂ ਦੇ ਤੌਰ 'ਤੇ ਕੀਤੀ ਜਾਵੇਗੀ। ਹਾਲਾਂਕਿ ਚੀਨ ਨੇ ਵੀ ਇੱਥੇ ਜੰਗੀ ਬੇੜੇ ਤਾਇਨਾਤ ਕਰਨੇ ਸ਼ੁਰੂ ਕਰ ਦਿੱਤੇ ਹਨ।ਚੀਨ ਨੇ 78 ਵਿਦੇਸ਼ੀ ਬੰਦਰਗਾਹਾਂ 'ਤੇ 30 ਬਿਲੀਅਨ ਡਾਲਰ ਖਰਚ ਕੀਤੇ

## 165 ਸਾਲ ਪਹਿਲਾਂ ਸਮੁੰਦਰੀ ਤੂਫਾਨ

ਦੇ ਉੱਚ ਸਮਾਜ ਦੇ ਯਾਤਰੀਆਂ ਅਤੇ ਚਾਲਕ ਦਲ ਦੇ ਸਾਂਝੇ ਜੀਵਨ ਨੂੰ ਦਰਸਾਉਂਦੀ ਹੈ। ਇਵਾਨਸ ਨੇ ਦੱਸਿਆ ਕਿ ਜਿਸ ਸਮੇਂ ਜਹਾਜ਼ ਡੁੱਬਿਆ ਸੀ, ਉਸ ਸਮੇਂ ਨੂੰ ਅਮਰੀਕੀ ਇਤਿਹਾਸ ਵਿੱਚ ਵੱਡੇ ਪੱਧਰ 'ਤੇ ਭੁਲਾ ਦਿੱਤਾ ਗਿਆ ਸੀ। ਅਜਿਹਾ ਇਸ ਲਈ ਹੋਇਆ ਕਿਉਂਕਿ ਕੁਝ ਸਾਲਾਂ ਬਾਅਦ ਹੀ ਘਰੇਲੂ ਯੁੱਧ ਸ਼ੁਰੂ ਹੋ ਗਿਆ। ਇਸ ਜਹਾਜ਼ 'ਤੇ ਮਿਲੀਆਂ ਚੀਜ਼ਾਂ ਦੀ ਨਿਲਾਮੀ 'ਚ ਕੁਝ ਚੀਜ਼ਾਂ 10 ਲੱਖ ਡਾਲਰ 'ਚ ਵਿਕੀਆਂ।

***

## ਪੰਜਾਬ ਦੇ ਪਾਣੀਆਂ ਦਾ ਮਰਸੀਆ

ਬਰਸਾਤੀ ਪਾਣੀ ਦੀ ਧਰਤੀ ਹੇਠਾਂ ਨਿਕਾਸੀ ਯਕੀਨੀ ਹੋਵੇ। ਸਦੀਆਂ ਤੋਂ ਮਨੁੱਖੀ ਸਭਿਅਤਾ ਨੂੰ ਜੀਵਨਦਾਨ ਦੇਣ ਵਾਲੇ ਕੁਦਰਤੀ ਜਲ ਸੋਮਿਆਂ ਨੂੰ ਜੀਵਨ ਦਾਨ ਦੇਣਾ ਹੁਣ ਹਰ ਮਨੁੱਖ ਦਾ ਫਰਜ਼ ਹੈ , ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣ ਲਈ ਵੀ ਮਨੁੱਖ ਨੂੰ ਤਿਆਰ ਰਹਿਣਾ ਚਾਹੀਦਾ ਹੈ। ਇਸ ਸਮੇਂ ਪੰਜਾਬ ਵਿੱਚ ਬਰਸਾਤੀ ਪਾਣੀ ਵੱਡੀ ਆਫ਼ਤ ਬਣਿਆ ਹੈ, ਇਸ ਸਥਿਤੀ ਨੂੰ ਮੁੱਖ ਰਖਦਿਆਂ ਪੰਜਾਬ ਵਿੱਚ ਸਰਕਾਰੀ, ਗ਼ੈਰਸਰਕਾਰੀ ਪੱਧਰ 'ਤੇ ਹੜ੍ਹਾਂ ਤੋਂ ਬਚਾਓ ਅਤੇ ਬਰਸਾਤੀ ਪਾਣੀ ਦੀ ਸੰਭਾਲ ਲਈ ਵੱਡੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਬਰਸਾਤੀ ਪਾਣੀ ਕਾਰਨ ਹੜ੍ਹਾਂ ਵਰਗੀ ਸਥਿਤੀ ਨਾ ਬਣ ਸਕੇ। ਇਸ ਤੋਂ ਇਲਾਵਾ ਬਰਸਾਤੀ ਪਾਣੀ ਦੀ ਸੰਭਾਲ ਲਈ 'ਕਾਰ ਸੇਵਾ' ਵੀ ਕੀਤੀ ਜਾ ਸਕਦੀ ਹੈ ਤਾਂ ਕਿ ਇਹ ਬਰਸਾਤੀ ਪਾਣੀ ਹੜ੍ਹਾਂ ਦੇ ਰੂਪ ਵਿੱਚ ਤਬਾਹੀ ਨਾ ਮਚਾ ਸਕੇ।

****

## ਜਦੋਂ 40 ਸਾਲ ਦੀ ਉਮਰ 'ਚ ਹੀ ਬੱਚੇ

ਹੁੰਦੀਆਂ ਹਨ ਅਤੇ ਇਹ ਝੁਰੜੀਆਂ, ਧੁੱਪ ਦੇ ਚਟਾਕ ਅਤੇ ਧੱਫੜ ਵਰਗੀਆਂ ਚਮੜੀ ਦੀਆਂ ਹੋਰ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ। ਇਹਨਾਂ ਨੂੰ ਰੋਕਣ ਲਈ, ਇੱਕ ਸਨਸਕ੍ਰੀਨ ਲਗਾਉਣਾ ਇੱਕ ਚੰਗਾ ਵਿਚਾਰ ਹੈ ਜੋ ਚਮੜੀ ਦੇ ਕਾਲੇਪਨ ਅਤੇ ਪਿਗਮੈਂਟੇਸ਼ਨ ਨਾਲ ਵੀ ਲੜੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਸਨਸਕ੍ਰੀਨ ਦੀ ਚੋਣ ਤੁਹਾਡੀ ਚਮੜੀ ਦੀ ਕਿਸਮ ਦੇ ਮੁਤਾਬਕ ਕੀਤੀ ਜਾਣੀ ਚਾਹੀਦੀ ਹੈ।

**ਖਾਣ-ਪੀਣ ਵੱਲ ਦਿਓ ਧਿਆਨ**

ਇਸ ਤੋਂ ਇਲਾਵਾ ਕੋਕੋ, ਬੀਨਜ਼, ਹਰੀਆਂ ਸਬਜ਼ੀਆਂ, ਚੁਕੰਦਰ, ਗਾਜਰ, ਲਾਲ ਗੋਭੀ, ਬਲੂਬੇਰੀ, ਰਸਬੇਰੀ, ਸਟ੍ਰਾਬੇਰੀ, ਚੈਰੀ ਵਰਗੇ ਐਂਟੀਆਕਸੀਡੈਂਟ ਭੋਜਨ ਲੈਣਾ ਵੀ ਚੰਗਾ ਵਿਚਾਰ ਹੈ। ਵਿਟਾਮਿਨ ਸੀ ਅਤੇ ਈ ਵਰਗੇ ਐਂਟੀਆਕਸੀਡੈਂਟ ਨਾਲ ਭਰਪੂਰ ਫਲਾਂ ਦਾ ਸੇਵਨ ਚਮੜੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ।

**ਆਪਣੇ ਚਿਹਰੇ 'ਤੇ ਰੈਟੀਨੋਇਡ ਕਰੀਮ ਲਗਾਓ**

ਰੈਟੀਨੋਇਡ-ਅਧਾਰਿਤ ਉਤਪਾਦਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਕਰਨਾ ਯਕੀਨੀ ਬਣਾਓ। ਇਹ ਕੋਲੇਜਨ ਦੇ ਉਤਪਾਦਨ ਨੂੰ ਵਧਾਉਂਦਾ ਹੈ। ਨਿਯਮਤ ਸਫਾਈ ਅਤੇ ਐਕਸਫੋਲੀਏਸ਼ਨ ਮਰੇ ਹੋਏ ਸੈੱਲਾਂ ਨੂੰ ਵੀ ਹਟਾਉਂਦਾ ਹੈ।

ਕੁਝ ਖਾਸ ਆਦਤਾਂ ਦਾ ਪਾਲਣ ਕਰਕੇ ਅਤੇ ਸਹੀ ਖੁਰਾਕ ਲੈ ਕੇ ਬੁਢਾਪੇ ਦੇ ਲੱਛਣਾਂ ਨੂੰ ਘੱਟ ਕੀਤਾ ਜਾ ਸਕਦਾ ਹੈ।

**

## ਬੰਦ ਹੋਣੀ ਚਾਹੀਦੀ ਹੈ

ਦਾ ਪਤਾ ਹੁੰਦੇ ਹੋਏ ਵੀ ਆਪਣੇ ਆਪ ਤੇ ਸੰਦੇਹ ਹੋਣ ਲੱਗਦਾ ਹੈ। ਇਸੇ ਗੀਤ ਦੇ ਚੱਲਦਿਆਂ ਕਈ ਲੜਕੀਆਂ ਨੂੰ ਠੁਕਰਾਏ ਜਾਣ ਉਪਰੰਤ ਉਹਨਾਂ ਦੁਆਰਾ ਖੁਦਕੁਸ਼ੀ ਕਰਨ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ।

ਇੱਥੇ ਇੱਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਸਾਡੇ ਸਮਾਜ ਵਿੱਚ ਜਿੱਥੇ ਮਾਪਿਆਂ ਦੁਆਰਾ ਲੜਕੀਆਂ ਨੂੰ ਆਪਣੀ ਇੱਜ਼ਤ ਦੱਸਦਿਆਂ ਉਸ ਵੱਲ ਅੱਖ ਚੁੱਕ ਕੇ ਦੇਖਣ ਵਾਲੇ ਜਾਂ ਉਸਦੀ ਸਰੀਰਕ ਬਣਤਰ ਤੇ ਕੋਈ ਗੱਲ ਕਹਿਣ ਵਾਲੇ ਨੂੰ ਆਪਣੀ ਅਣਖ, ਗੈਰਤ ਤੇ ਵਾਰ ਸਮਝਿਆ ਜਾਂਦਾ ਹੈ, ਉਸੇ ਹੀ ਸਮਾਜ ਵਿੱਚ ਜਿੰਨਾਂ ਲੋਕਾਂ ਨਾਲ ਫਿਲਹਾਲ ਕੋਈ ਰਿਸ਼ਤਾ ਜੁੜਿਆ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀਆਂ ਧੀਆਂ ਦੀ ਸੁੰਦਰਤਾ ਦੀ ਪਰਖ ਕਰਨ ਦੀ ਆਗਿਆ ਦੇ ਦਿੰਦੇ ਹਾਂ। ਸਮਾਜ ਦਾ ਇਹ ਦੋਮੂੰਹਾ ਰੂਪ ਸਮਝ ਤੋਂ ਬਾਹਰ ਹੈ। ਅਸਲ ਵਿੱਚ ਸਾਨੂੰ ਸੁੰਦਰਤਾ ਦੀ ਅਸਲ ਪਰਿਭਾਸ਼ਾ ਸਮਝਣ ਦੀ

ਲੋੜ ਹੈ। ਸੋਹਣਾ ਉਹ ਜੋ ਸੋਹਣੇ ਕੰਮ ਕਰੇ, ਜੋ ਸਰੀਰਕ ਨਹੀਂ ਬਲਕਿ ਸੀਰਤ ਪੱਖੋਂ ਖ਼ੂਬਸੂਰਤ ਹੋਵੇ। ਜਿਸ ਵਿੱਚ ਹਰ ਕੰਮ ਨੂੰ ਸੁਹਜ ਨਾਲ ਕਰਨ ਦੀ ਲਿਆਕਤ ਹੋਵੇ, ਹੁਨਰ ਹੋਵੇ, ਕੁਝ ਕਰ ਵਿਖਾਉਣ ਦਾ ਜਜ਼ਬਾ ਹੋਵੇ। ਜੋ ਸੱਚ ਦਾ ਪਹਿਰੇਦਾਰ ਹੋਵੇ ਅਤੇ ਜੋ ਕਿਤੇ ਵੀ ਹੁੰਦੀ ਬੇਇੰਸਾਫ਼ੀ ਵਿਰੁੱਧ ਡੱਟ ਕੇ ਖੜਾ ਹੋਵਣ ਦੀ ਜੁੱਅਰਤ ਰੱਖਦਾ ਹੋਵੇ। ਅਜਿਹੇ ਲੋਕ ਖ਼ੂਬਸੂਰਤ ਲੋਕਾਂ ਦੀ ਕਤਾਰ ਵਿੱਚ ਸ਼ਾਮਿਲ ਹੁੰਦੇ ਹਨ। ਬਾਹਰੀ ਸੁੰਦਰਤਾ ਕੁਝ ਸਮੇਂ ਦੀ ਮਹਿਮਾਨ ਹੈ, ਇਸਦਾ ਪਾਣੀ ਵਿੱਚ ਪਏ ਪਤਾਸੇ ਵਾਂਗ ਖੁਰਨਾ ਸਿੱਧ ਹੈ।

ਸੋ ਜਰੂਰਤ ਹੈ ਸੁੰਦਰਤਾ ਦੇ ਸਹੀ ਅਰਥ ਸਮਝਣ ਦੀ ਅਤੇ ਆਪਣੇ ਬੱਚਿਆਂ ਨੂੰ ਵੀ ਸੁੰਦਰਤਾ ਦੀ ਸਹੀ ਪਹਿਚਾਣ ਦੱਸਣ ਦੀ। ਜੇਕਰ ਅਸੀਂ ਸੁੰਦਰਤਾ ਦੇ ਅਸਲ ਅਰਥ ਸਮਝਾਂਗੇ ਤਾਂ ਹੀ ਸਦੀਆਂ ਤੋਂ ਚੱਲਦੀ ਆ ਰਹੀ ਖ਼ੂਬਸੂਰਤੀ ਦੀ ਇਹ ਬਦਸੂਰਤ ਪਰਖ ਬੰਦ ਹੋ ਸਕਦੀ ਹੈ।

***

## ਕਰਜ਼ਦਾਰ ਹੋ ਕੇ ਕੈਨੇਡਾ ਨਾ ਜਾਓ,

ਤੇ 'ਵਰਸਿਟੀਆਂ 'ਚ ਸਮੈਸਟਰ ਪ੍ਰਣਾਲੀ ਦੀ ਵਿਵਸਥਾ ਹੈ। ਇੱਥੋਂ ਦੀ ਪ੍ਰੀਖਿਆ ਪ੍ਰਣਾਲੀ ਸਾਡੇ ਦੇਸ਼ ਨਾਲੋਂ ਅੱਡ ਹੈ। ਹਰ ਮਹੀਨੇ ਹੋਣ ਵਾਲੇ ਟੈਸਟਾਂ, ਅਸਾਈਨਮੈਂਟਾਂ, ਕੁਇਜ਼ਾਂ ਅਤੇ ਪ੍ਰਾਜੈਕਟ ਦੇ ਕੁੱਲ ਅੰਕਾਂ ਨੂੰ ਜੋੜ ਕੇ ਸਮੈਸਟਰ ਦਾ ਨਤੀਜਾ ਬਣਦਾ ਹੈ। ਦੋ ਤੋਂ ਵੱਧ ਰੀ-ਅਪੀਅਰਾਂ ਆਉਣ ਨਾਲ ਸਮੈਸਟਰ 'ਚ ਫੇਲ੍ਹ ਕਰ ਦਿੱਤਾ ਜਾਂਦਾ ਹੈ। ਰੀ-ਅਪੀਅਰ ਦੇ ਪਰਚੇ ਦੇਣ ਲਈ ਕਾਫ਼ੀ ਫੀਸ ਭਰਨੀ ਪੈਂਦੀ ਹੈ।

ਨੀਵੇਂ ਦਰਜੇ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਧਿਆਪਕ ਬੱਚਿਆਂ ਨੂੰ ਹਾਜ਼ਰੀ ਅਤੇ ਪੜ੍ਹਾਈ ਲਈ ਮਜਬੂਰ ਨਹੀਂ ਕਰਦੇ। ਇਨ੍ਹਾਂ 'ਚ ਅਨੁਸ਼ਾਸਨ ਦੀ ਸਥਿਤੀ ਚੰਗੀ ਨਹੀਂ ਹੈ। ਉੱਚ ਪੱਧਰ ਦੇ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਹਾਜ਼ਰੀ ਦੇ ਵੀ ਅੰਕ ਹਨ। ਮਾਸਟਰ ਡਿਗਰੀਆਂ ਅਤੇ ਡਿਪਲੋਮਿਆਂ ਦੇ ਅੰਕ ਨਹੀਂ ਸਗੋਂ ਗਰੇਡ ਹੁੰਦੇ ਹਨ। ਇਸ ਮੁਲਕ ਵਿੱਚ ਪੱਕੇ ਹੋਣ ਲਈ ਡਿਗਰੀਆਂ 'ਚੋਂ ਆਏ ਗਰੇਡਾਂ ਦੇ ਅੰਕ ਲੱਗਦੇ ਹਨ। ਸਾਡੇ ਦੇਸ਼ 'ਚੋਂ ਕੈਨੇਡਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਆਉਣ ਵਾਲਿਆਂ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਤੇ ਗਿਆਨ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਕੈਨੇਡਾ ਵਿਚ ਚੰਗੀਆਂ ਨੌਕਰੀਆਂ ਹਾਸਲ ਕਰਨ ਲਈ ਪੂਰੀ ਮਿਹਨਤ ਕਰਨੀ ਚਾਹੀਦੀ ਹੈ। ਅਨੁਸ਼ਾਸਨ ਦੀ ਪਾਲਣਾ ਕਰਨੀ ਚਾਹੀਦੀ ਹੈ। ਨਸ਼ਿਆਂ ਤੇ ਅਵਾਰਾਗਰਦੀ ਤੋਂ ਬਚਣਾ ਚਾਹੀਦਾ ਹੈ। ਜ਼ਮੀਨਾਂ ਵੇਚ ਕੇ ਤੇ ਬੈਂਕਾਂ ਦੇ ਨੱਕੋ-ਨੱਕ ਕਰਜ਼ਦਾਰ ਹੋ ਕੇ ਕੈਨੇਡਾ ਵਿਚ ਆਉਣ ਨਾਲੋਂ ਚੰਗਾ ਹੈ ਕਿ ਆਪਣੇ ਮੁਲਕ ਵਿੱਚ ਹੀ ਦਿਲ ਲਗਾ ਕੇ ਪੜ੍ਹਾਈ ਕੀਤੀ ਜਾਵੇ ਤੇ ਚੰਗੀ ਨੌਕਰੀ ਹਾਸਲ ਕੀਤੀ ਜਾਵੇ।

***

## ਲੋਕਤੰਤਰ ਤੋਂ ਤਾਨਾਸ਼ਾਹ ਬਣਨ ਵੱਲ ਭਾਰਤ

ਜਿਨ੍ਹਾਂ ਨੂੰ ਆਟੋਕ੍ਰੇਟਿਕ ਤਾਨਾਸ਼ਾਹ ਜਾਂ ਫ਼ਿਰ ਘੱਟ ਡੈਮੋਕ੍ਰੇਟਕ ਮੰਨਿਆ ਜਾਂਦਾ ਹੈ। ਕਿਸੇ ਰਾਸ਼ਟਰਪਤੀ ਨੂੰ ਅਜਿਹੇ ਆਗੂਆਂ ਦੇ ਨਾਲ ਕਿਸ ਤਰ੍ਹਾਂ ਪੇਸ਼ ਆਉਣਾ ਚਾਹੀਦਾ ਹੈ? ਇਸ ਸਵਾਲ ਉੱਤੇ ਬਰਾਕ ਓਬਾਮਾ ਨੇ ਦੱਸਿਆ ਕਿ ਜੇ ਉਹ ਪੀਐੱਮ ਮੋਦੀ ਨਾਲ ਗੱਲ ਕਰ ਰਹੇ ਹੁੰਦੇ ਤਾਂ ਕੀ ਕਹਿੰਦੇ। ਉਨ੍ਹਾਂ ਨੇ ਕਿਹਾ, "ਹਿੰਦੂ ਬਹੁ ਗਿਣਤੀ ਭਾਰਤ ਵਿੱਚ ਮੁਸਲਮਾਨ ਘੱਟ ਗਿਣਤੀ ਦੀ ਸੁਰੱਖਿਆ ਕਾਬਿਲ-ਏ-ਜ਼ਿਕਰ ਹੈ। ਜੇ ਮੇਰੀ ਮੋਦੀ ਨਾਲ ਗੱਲਬਾਤ ਹੁੰਦੀ ਤਾਂ ਮੇਰਾ ਤਰਕ ਹੁੰਦਾ ਕਿ ਜੇ ਤੁਸੀਂ (ਨਸਲੀ) ਘੱਟ ਗਿਣਤੀਆਂ ਦੇ ਹੱਕਾਂ ਦੀ ਸੁਰੱਖਿਆ ਨਹੀਂ ਕਰਦੇ ਤਾਂ ਮੁਮਕਿਨ ਹੈ ਕਿ ਭਵਿੱਖ ਵਿੱਚ ਭਾਰਤ ਦੀ ਵੰਡ ਵਧੇ। ਇਹ ਭਾਰਤ ਦੇ ਹਿੱਤਾਂ ਦੇ ਉਲਟ ਹੋਵੇਗਾ।" ਓਬਾਮਾ ਨੇ ਇਹ ਵੀ ਕਿਹਾ ਕਿ ਜੇਕਰ ਘੱਟ ਗਿਣਤੀਆਂ ਨੂੰ ਭਾਰਤ ਵਿੱਚ ਸੁਰੱਖਿਅਤ ਨਹੀਂ ਰੱਖਿਆ ਗਿਆ ਤਾਂ ਇਹ ਸੰਭਵ ਹੈ ਕਿ ਭਾਰਤ 'ਕਿਸੇ ਸਮੇਂ 'ਤੇ ਟੁੱਟ ਜਾਵੇਗਾ।

ਭਾਰਤ ਵਿੱਚ ਮੋਦੀ ਸਮਰਥਕ ਟ੍ਰੋਲਸ ਨੇ ਓਬਾਮਾ ਦਾ ਪਿੱਛਾ ਕੀਤਾ, ਪਰ ਓਬਾਮਾ ਦੇ ਸ਼ਬਦ ਭਾਰਤ ਵਿੱਚ ਬਹੁਤ ਸਾਰੇ ਲੋਕਾਂ ਲਈ ਮਰਹਮ ਵਜੋਂ ਸਨ ਜੋ ਹਿੰਦੂ ਰਾਸ਼ਟਰਵਾਦ ਦੇ ਵਿਰੁੱਧ ਖੜ੍ਹੇ ਹੋਣ ਦੀ ਭਾਰੀ ਕੀਮਤ ਅਦਾ ਕਰ ਰਹੇ ਹਨ

ਪਰ ਜੇਕਰ ਅਮਰੀਕੀ ਰਾਸ਼ਟਰਪਤੀ ਨੂੰ ਦੂਜੇ ਦੇਸ਼ਾਂ ਨਾਲ ਸਬੰਧਾਂ ਵਿੱਚ ਆਪਣੇ ਰਾਸ਼ਟਰੀ ਹਿੱਤ ਬਾਰੇ ਸੋਚਣ ਦੀ ਇਜਾਜ਼ਤ ਹੈ, ਤਾਂ ਦੂਜੇ ਦੇਸ਼ਾਂ ਲਈ ਵੀ ਗੁੰਜਾਇਸ਼ ਹੋਣੀ ਚਾਹੀਦੀ ਹੈ। ਅਮਰੀਕਾ ਲਈ ਭਾਰਤ ਕਿਸ ਤਰ੍ਹਾਂ ਦਾ ਸਾਂਝੀਦਾਰ ਹੋ ਸਕਦਾ ਹੈ?

ਪੂਰਬੀ ਏਸ਼ੀਆ ਵਿਚ ਵਾਸ਼ਿੰਗਟਨ ਦੇ ਚੋਟੀ ਦੇ ਡਿਪਲੋਮੈਟ ਨੇ ਕਿਹਾ ਹੈ ਕਿ ਅਮਰੀਕੀ ਫੌਜ ਨੂੰ ਉਮੀਦ ਹੈ ਕਿ ਭਾਰਤ ਦੱਖਣੀ ਚੀਨ ਸਾਗਰ ਵਿੱਚ ਗਸ਼ਤ ਕਰਨ ਲਈ ਉਨ੍ਹਾਂ ਦੀ ਮਦਦ ਕਰੇਗਾ, ਜਿੱਥੇ ਖੇਤਰ 'ਤੇ ਚੀਨ ਦੇ ਦਾਅਵਿਆਂ ਕਾਰਨ ਮਾਹੌਲ ਗੜਬੜ ਵਾਲਾ ਹੋ ਗਿਆ ਹੈ। ਹੁਣ ਤੱਕ ਭਾਰਤ ਉਨ੍ਹਾਂ ਦਾ ਸਮਰਥਨ ਕਰਦਾ ਰਿਹਾ ਹੈ, ਪਰ ਕੀ ਉਹ ਸੱਚਮੁੱਚ ਇਸ ਖੇਡ ਵਿੱਚ ਸ਼ਾਮਲ ਹੋਣ ਦਾ ਖਤਰਾ ਉਠਾਏਗਾ?

ਰੂਸ ਅਤੇ ਚੀਨ ਨਾਲ ਭਾਰਤ ਦੇ ਸਬੰਧ ਡੂੰਘੇ, ਵਿਆਪਕ ਅਤੇ ਪੁਰਾਣੇ ਹਨ। ਭਾਰਤੀ ਫੌਜ ਦਾ ਅੰਦਾਜ਼ਨ 90 ਫੀਸਦੀ ਸਾਜ਼ੋ-ਸਾਮਾਨ ਅਤੇ ਇਸ ਦੀ ਹਵਾਈ ਫੌਜ ਦਾ ਲਗਭਗ 70 ਫੀਸਦੀ ਸਾਜ਼ੋ-ਸਾਮਾਨ ਰੂਸੀ ਮੂਲ ਦਾ ਹੈ, ਜਿਸ ਵਿੱਚ ਲੜਾਕੂ ਜਹਾਜ਼ ਵੀ ਸ਼ਾਮਲ ਹਨ। ਰੂਸ 'ਤੇ ਅਮਰੀਕੀ ਪਾਬੰਦੀਆਂ ਦੇ ਬਾਵਜੂਦ, ਭਾਰਤ ਰੂਸੀ ਕੱਚੇ ਤੇਲ ਦੇ ਸਭ ਤੋਂ ਵੱਡੇ ਆਯਾਤਕਾਂ ਵਿੱਚੋਂ ਇੱਕ ਹੈ - ਇਸ ਨੇ ਜੂਨ ਵਿੱਚ ਰੂਸ ਤੋਂ 2.2 ਮਿਲੀਅਨ ਬੈਰਲ ਪ੍ਰਤੀ ਦਿਨ ਤੇਲ ਖਰੀਦਿਆ ਸੀ। ਇਹ ਇਸ ਦੇ ਕੁਝ ਹਿੱਸੇ ਨੂੰ ਸੋਧ ਕੇ ਵਿਦੇਸ਼ਾਂ ਵਿੱਚ ਵੇਚਦਾ ਹੈ, ਜਿਸ ਦੇ ਖਰੀਦਦਾਰਾਂ ਵਿੱਚ ਯੂਰਪ ਅਤੇ ਅਮਰੀਕਾ ਸ਼ਾਮਲ ਹਨ। ਹੈਰਾਨੀ ਦੀ ਗੱਲ ਨਹੀਂ ਕਿ ਯੂਕਰੇਨ 'ਤੇ ਰੂਸੀ ਹਮਲੇ ਵਿੱਚ ਮੋਦੀ ਨੇ ਭਾਰਤ ਨੂੰ ਨਿਰਪੱਖ ਬਣਾਈ ਰੱਖਿਆ ਹੈ।

ਮੋਦੀ ਅਸਲ ਵਿੱਚ ਚੀਨ ਦੇ ਖਿਲਾਫ ਕਿਵੇਂ ਖੜਾ ਹੋ ਸਕਦਾ ਹੈ, ਜੋ ਭਾਰਤ ਦਾ ਸਭ ਤੋਂ ਵੱਡਾ ਦਰਾਮਦ ਸਰੋਤ ਹੈ। ਭਾਰਤ ਚੀਨ ਨਾਲ ਮੁਕਾਬਲਾ ਨਹੀਂ ਕਰ ਸਕਦਾ - ਨਾ ਆਰਥਿਕ ਤੌਰ 'ਤੇ ਅਤੇ ਨਾ ਹੀ ਫੌਜੀ ਮਾਮਲਿਆਂ ਵਿੱਚ। ਸਾਲਾਂ ਤੋਂ, ਚੀਨ ਨੇ ਹਿਮਾਲਿਆ ਵਿਚ ਲੱਦਾਖ ਵਿੱਚ ਹਜ਼ਾਰਾਂ ਵਰਗ ਮੀਲ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ, ਜਿਸ ਨੂੰ ਭਾਰਤ ਆਪਣਾ ਪ੍ਰਭੂਸੱਤਾ ਖੇਤਰ ਮੰਨਦਾ ਹੈ। ਉੱਥੇ ਚੀਨੀ ਫੌਜਾਂ ਦੇ ਕੈਂਪ ਹਨ। ਉੱਥੇ ਪੁਲ, ਸੜਕਾਂ ਅਤੇ ਹੋਰ ਬੁਨਿਆਦੀ ਢਾਂਚਾ ਬਣਾਇਆ ਜਾ ਰਿਹਾ ਹੈ ਤਾਂ ਜੋ ਇਸ ਨੂੰ ਚੀਨ ਨਾਲ ਜੋੜਿਆ ਜਾ ਸਕੇ। ਅਤੇ ਟਿਕਟੋਕ 'ਤੇ ਪਾਬੰਦੀ ਲਗਾਉਣ ਤੋਂ ਇਲਾਵਾ, ਮੋਦੀ ਨੇ ਹੁਣ ਤੱਕ ਸਿਰਫ ਚੀਨ ਤੋਂ ਖੌਫ ਖਾਕੇ ਅਸਲੀਅਤ ਤੋਂ ਇਨਕਾਰ ਕਰਕੇ ਇਸਦਾ ਸਾਹਮਣਾ ਕੀਤਾ ਹੈ

ਅਤੇ ਚੀਨ ਨਾਲ ਟਕਰਾਅ ਦੀ ਸਥਿਤੀ ਵਿੱਚ ਅਮਰੀਕਾ ਭਾਰਤ ਲਈ ਕਿਸ ਤਰ੍ਹਾਂ ਦਾ ਦੋਸਤ ਸਾਬਤ ਹੋਵੇਗਾ? ਅਜਿਹੇ ਵਿੱਚ ਅਮਰੀਕਾ ਸੰਭਾਵੀ ਜੰਗ ਦੇ ਮੈਦਾਨ ਤੋਂ ਬਹੁਤ ਦੂਰ ਹੈ। ਸਾਨੂੰ ਸਿਰਫ਼ ਆਪਣੇ ਗੁਆਂਢੀ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਨੂੰ ਦੇਖਣ ਦੀ ਲੋੜ ਹੈ ਕਿ ਅਮਰੀਕਾ ਦੇ ਪੁਰਾਣੇ ਦੋਸਤਾਂ ਨਾਲ ਕੀ ਵਫਾ ਨਿਭਾਈ ਹੈ? ਪਾਕਿਸਤਾਨ ਨੂੰ ਨਕਾਰਾ ਕਰ ਸੁਟਿਆ ਹੈ।

ਦੱਖਣੀ ਚੀਨ ਸਾਗਰ ਵਿੱਚ ਇੱਕ ਕਿਆਮਤ ਆਪਣਾ ਸਿਰ ਉਠਾ ਰਹੀ ਹੈ ਪਰ ਭਾਰਤ ਅਤੇ ਇਸ ਦੇ ਦੋਸਤ ਅਤੇ ਦੁਸ਼ਮਣ ਇੱਕੋ ਗੁਥੀ ਵਿੱਚ ਬੱਝੇ ਹੋਏ ਹਨ। ਸਾਨੂੰ ਬਹੁਤ ਜ਼ਿਆਦਾ, ਖਾਸ ਤੌਰ 'ਤੇ, ਅਸਧਾਰਨ ਤੌਰ 'ਤੇ, ਇਸ ਬਾਰੇ ਸਾਵਧਾਨ ਰਹਿਣ ਦੀ ਜ਼ਰੂਰਤ ਹੈ ਕਿ ਅਸੀਂ ਆਪਣੇ ਕਦਮ ਕਿੱਥੇ ਰੱਖ ਰਹੇ ਹਾਂ, ਅਤੇ ਅਸੀਂ ਕਿਸ ਦਿਸ਼ਾ ਵੱਲ ਜਾ ਰਹੇ ਹਾਂ? ।

***

## ਪੰਜਾਬ ਸਿਆਂ ! ਤੇਰਾ ਕੋਈ ਨਾ

ਕੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਬਿਨਾਂ ਦੇਰ ਕੀਤੇ ਮੋੜੇਗੀ? ਪੰਜਾਬੀ ਬੋਲਦੇ ਬਾਹਰ ਰੱਖ ਲਏ ਗਏ ਇਲਾਕੇ ਪੰਜਾਬ ਨੂੰ ਪਰਤਾਏਗੀ? ਪੰਜਾਬ ਦੇ ਸੰਵਿਧਾਨਕ ਅਧਿਕਾਰ ਬਹਾਲ ਕਰੇਗੀ? ਵੱਡੀ ਸਨਅਤ ਖ਼ਾਸ ਕਰ ਐਗਰੋ-ਇੰਡਸਟਰੀ ਸਥਾਪਿਤ ਕਰਨ ਵਿਚ ਸਹਾਇਤਾ ਕਰੇਗੀ? ਪੰਜਾਬ ਦਾ ਵਪਾਰ ਪੰਜਾਬ ਦੇ ਨਾਲ ਲਗਦੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਸ਼ੁਰੂ ਕਰਨ ਦੀ ਹਰੀ ਝੰਡੀ ਦੇਵੇਗੀ? ਪੰਜਾਬ ਦੇ ਦਰਿਆਈ ਪਾਣੀ ਵਰਤਣ ਵਾਲੇ ਰਾਜਾਂ ਤੋਂ ਪਾਣੀਆਂ ਦੀ ਰਾਇਲਟੀ ਦੁਆਏਗੀ? ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ 'ਚ ਪੰਜਾਬ ਦੀ ਕਿੰਨੀ ਮਦਦ ਕਰੇਗੀ ਤੇ ਕਰਵਾਏਗੀ? ਸ਼ੁਕਰ ਹੈ ਪਾਕਿਸਤਾਨ ਨੇ ਹੜ੍ਹ ਦਾ ਪ੍ਰਕੋਪ ਮੱਠਾ ਕਰਨ ਲਈ ਸੁਲੇਮਾਨਕੀ ਹੈੱਡ ਵਰਕਸ ਦੇ ਸਾਰੇ ਗੇਟ ਖੋਲ੍ਹ ਕੇ ਪੂਰਬੀ ਪੰਜਾਬ ਦੇ ਅੱਧੇ ਮਾਲਵੇ ਨੂੰ ਡੁੱਬਣੋਂ ਤੇ ਰੁੜ੍ਹਨੋਂ ਬਚਾ ਲਿਆ। ਆਪਣੇ ਪਿੰਡਾਂ ਦਾ ਨੁਕਸਾਨ ਕਰਵਾ ਲਿਆ ਪਰ ਏਧਰ ਕੇਂਦਰ ਦੇ ਕਾਰਕੁਨਾਂ ਨੂੰ ਅਜੇ ਚਾਲੀ ਪੰਜਾਹ ਫੁੱਟ ਊਣੇ ਭਾਖੜੇ ਡੈਮ ਦੇ ਗੇਟ ਖੋਲ੍ਹਣ ਦੀ ਕਾਹਲੀ ਪਈ ਹੋਈ ਸੀ ਤਾਂ ਕਿ ਪੰਜਾਬ ਦਾ ਕੋਈ ਵੀ ਪਿੰਡ ਡੁੱਬਣੋਂ ਨਾ ਬਚ ਜਾਏ!

ਮਾਮੂਲੀ ਗੱਲਾਂ 'ਤੇ ਆਪਸ ਵਿਚ ਖਹਿਬੜਦੇ ਸਿਆਸਤਦਾਨੋਂ, ਕੋਝੀਆਂ ਸਿਆਸਤਾਂ ਛੱਡ ਦਿਓ ਹੁਣ। ਪੰਜਾਬ ਦੇ ਹਰੇਕ ਵਾਸੀ, ਰਾਜਸੀ ਪਾਰਟੀਆਂ, ਬੁੱਧੀਮਾਨਾਂ, ਕਿਸਾਨਾਂ, ਮਜ਼ਦੂਰਾਂ, ਕਾਰੋਬਾਰੀਆਂ ਤੇ ਪੰਜਾਬ ਦੀਆਂ ਸਮੇਂ-ਸਮੇਂ ਬਣਦੀਆਂ ਪਾਰਟੀਆਂ ਦੇ ਲੀਡਰਾਂ ਸਮੇਤ ਸਭ ਦੇ ਜਾਗਣ ਦਾ ਵੇਲਾ ਹੈ। ਜਾਗੋ ਤੇ ਹੋਰ ਲੁੱਟੇ ਜਾਣ ਤੋਂ ਬਚੋ! ਅੱਖਾਂ ਖੋਲ੍ਹੋ ਤੇ ਵੇਖੋ ਕਿ ਕੌਣ ਤੁਹਾਡਾ ਦਰਦੀ ਹੈ ਤੇ ਕੌਣ ਬੇਦਰਦ? ਜਿਹੜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਦੇ ਹਨ, ਪੰਜਾਬ ਦਾ ਲੱਖਾਂ ਕਰੋੜਾਂ ਟਨ ਅਨਾਜ ਤੇ ਹੋਰ ਫ਼ਸਲਾਂ ਭੋਂ ਦੇ ਭਾਅ ਲੁੱਟਦੇ ਹਨ, ਪਰ ਪੰਜਾਬ ਸਿਰ ਪਈ ਬਿਪਤਾ ਸਮੇਂ ਅੱਖਾਂ ਫੇਰ ਲੈਂਦੇ ਹਨ, ਕੀ ਉਹ ਪੰਜਾਬ ਨੂੰ ਆਪਣੀ ਜ਼ਰਖਰੀਦ ਬਸਤੀ ਸਮਝਦੇ ਹਨ? ਹਾਲ ਦੀ ਘੜੀ ਤਾਂ ਹਕੀਕਤ ਇਹੋ ਹੈ ਕਿ ਕੇਂਦਰੀ ਹਾਕਮਾਂ ਨੂੰ ਪੰਜਾਬ ਨਾਲੋਂ ਦਿੱਲੀ, ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੇ ਹਿਤ ਵਧੇਰੇ ਪਿਆਰੇ ਹਨ। ਬਾਰਡਰ ਦੇ ਸਤਾਏ ਪੰਜਾਬ ਦਾ ਕੀ ਐ? ਰੁੜ੍ਹਦਾ ਪਿਆ ਹੈ ਤਾਂ ਰੁੜ੍ਹੀ ਜਾਵੇ, ਗਰਕਦਾ ਪਿਆ ਹੈ ਗਰਕੀ ਜਾਵੇ!

**

## ਨਸਲੀ ਸੰਘਰਸ਼ ਮਨੀਪੁਰ ਨੂੰ

ਜਿਨ੍ਹਾਂ ਨਾਲ ਉਹ ਸੰਬੰਧ ਰੱਖਦੇ ਹਨ, ਜਿਸ ਹੱਦ ਤੱਕ ਉਹ ਦੂਜੇ ਸਮੂਹਾਂ ਦੇ ਮੁਕਾਬਲੇ ਫਾਇਦੇ ਜਾਂ ਨੁਕਸਾਨ ਵਿੱਚ ਹਨ ਅਤੇ ਉਹਨਾਂ ਦੇ ਅਤੀਤ ਦੀ ਤੀਬਰਤਾ ਅਤੇ ਵਿਰੋਧੀ ਸਮੂਹਾਂ ਅਤੇ ਰਾਜ ਨਾਲ ਚੱਲ ਰਹੇ ਟਕਰਾਅ। ਪਛਾਣ ਸਮੂਹਾਂ ਦੁਆਰਾ ਰਾਜਨੀਤਿਕ ਕਾਰਵਾਈ ਕਰਨ ਲਈ ਪ੍ਰੇਰਿਤ ਕਰਨ ਵਾਲੇ ਪ੍ਰੋਤਸਾਹਨ ਨੂੰ ਤਿੰਨ ਮੁੱਖ ਕਿਸਮਾਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ, ਅਤੀਤ ਵਿੱਚ ਹੋਏ ਨੁਕਸਾਨਾਂ ਬਾਰੇ ਨਾਰਾਜ਼ਗੀ, ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਦਾ ਡਰ ਅਤੇ ਮੁਕਾਬਲਤਨ ਲਾਭਾਂ ਦੀ ਉਮੀਦ। ਇਹਨਾਂ ਕਾਰਕਾਂ ਦੀ ਸਾਪੇਖਿਕ ਮਹੱਤਤਾ ਦੂਜੇ ਸਮੂਹਾਂ ਅਤੇ ਰਾਜ ਦੇ ਸਬੰਧ ਵਿੱਚ ਇੱਕ ਸਮੂਹ ਦੀ ਬਦਲਦੀ ਸਥਿਤੀ 'ਤੇ ਨਿਰਭਰ ਕਰਦੀ ਹੈ। ਨਸਲੀ ਸਮੂਹ ਦੇ ਗਠਨ ਵਿੱਚ ਸੰਘਰਸ਼ ਦੇ ਤਿੰਨ ਸੈੱਟ ਸ਼ਾਮਲ ਹੁੰਦੇ ਹਨ। ਸੰਘਰਸ਼ ਦਾ ਪਹਿਲਾ ਪੜਾਅ ਨਸਲੀ ਸਮੂਹ ਦੇ ਅੰਦਰ ਆਪਣੇ ਪਦਾਰਥਕ ਅਤੇ ਪ੍ਰਤੀਕਾਤਮਕ ਸਰੋਤਾਂ 'ਤੇ ਨਿਯੰਤਰਣ ਲਈ ਹੁੰਦਾ ਹੈ, ਜਿਸ ਵਿੱਚ ਬਦਲੇ ਵਿੱਚ ਸਮੂਹ ਦੀਆਂ ਸੀਮਾਵਾਂ ਅਤੇ ਇਸ ਵਿੱਚ ਸ਼ਾਮਲ ਕਰਨ ਅਤੇ ਬੇਦਖਲੀ ਲਈ ਨਿਯਮਾਂ ਨੂੰ ਪਰਿਭਾਸ਼ਿਤ ਕਰਨਾ ਸ਼ਾਮਲ ਹੁੰਦਾ ਹੈ। ਸੰਘਰਸ਼ ਦਾ ਦੂਜਾ ਪੜਾਅ ਨਸਲੀ ਸਮੂਹਾਂ ਵਿਚਕਾਰ ਅਧਿਕਾਰਾਂ, ਵਿਸ਼ੇਸ਼ ਅਧਿਕਾਰਾਂ ਅਤੇ ਸਰੋਤਾਂ ਲਈ ਮੁਕਾਬਲੇ ਵਜੋਂ ਹੁੰਦਾ ਹੈ। ਤੀਜਾ ਪੜਾਅ ਰਾਜੂਨੇਸ਼ਨ ਸਟੇਟਜ਼ ਅਤੇ ਇਸ ਉੱਤੇ ਹਾਵੀ ਹੋਣ ਵਾਲੇ ਸਮੂਹਾਂ ਵਿਚਕਾਰ ਹੁੰਦਾ ਹੈ। ਜ਼ਮੀਨ ਇੱਕ ਕੀਮਤੀ ਸੰਪਤੀ ਅਤੇ ਪਛਾਣ ਦਾ ਸਰੋਤ ਹੈ। ਆਪਣੀ ਆਰਥਿਕ, ਸਮਾਜਿਕ ਅਤੇ ਭਾਵਨਾਤਮਕ ਮਹੱਤਤਾ ਦੇ ਕਾਰਨ, ਜ਼ਮੀਨ ਸ਼ਕਤੀ ਦਾ ਇੱਕ ਮਹੱਤਵਪੂਰਨ ਸਰੋਤ ਵੀ ਹੈ। ਸੁਰੱਖਿਆ, ਰੋਜ਼ੀ-ਰੋਟੀ ਜਾਂ ਪਛਾਣ ਲਈ ਸਮਝੇ ਜਾਂਦੇ ਖ਼ਤਰੇ ਲੋਕਾਂ ਨੂੰ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਲਾਮਬੰਦ ਕਰ ਸਕਦੇ ਹਨ। ਖੇਤਰ ਨਸਲ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਕਿਉਂਕਿ ਨਸਲੀ ਸਮੂਹ ਆਮ ਤੌਰ 'ਤੇ ਇੱਕ ਖਾਸ ਖੇਤਰ ਨਾਲ ਜੁੜਿਆ ਹੁੰਦਾ ਹੈ। ਖੇਤਰੀ ਲਗਾਵ ਅਤੇ ਖੇਤਰ ਲਈ ਲੜਨ ਦੀ ਲੋਕਾਂ ਦੀ ਇੱਛਾ ਦਾ ਜ਼ਮੀਨ ਦੇ ਭੌਤਿਕ ਮੁੱਲ ਨਾਲ ਬਹੁਤ ਘੱਟ ਅਤੇ ਜ਼ਮੀਨ ਲੋਕਾਂ ਦੀ ਪਛਾਣ ਬਣਾਉਣ ਅਤੇ ਸੁਰੱਖਿਆ ਅਤੇ ਸਬੰਧ ਦੀ ਭਾਵਨਾ ਪ੍ਰਦਾਨ ਕਰਨ ਦੀ ਪ੍ਰਤੀਕਾਤਮਕ ਭੂਮਿਕਾ ਨਾਲ ਜ਼ਿਆਦਾ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਨਸਲੀ ਸਮੂਹਾਂ ਲਈ, ਖੇਤਰ ਅਕਸਰ ਇੱਕ ਸਮੂਹ ਦੀ ਪਛਾਣ ਦਾ ਇੱਕ ਪਰਿਭਾਸ਼ਿਤ ਗੁਣ ਹੁੰਦਾ ਹੈ, ਜੋ ਇਸ ਦੇ ਅਤੀਤ ਤੋਂ ਅਟੁੱਟ ਹੁੰਦਾ ਹੈ ਅਤੇ ਇੱਕ ਵੱਖਰੇ ਸਮੂਹ ਵਜੋਂ ਇਸ ਦੀ ਨਿਰੰਤਰ ਹੋਂਦ ਲਈ ਮਹੱਤਵਪੂਰਨ ਹੁੰਦਾ ਹੈ। ਮਾਤ ਭੂਮੀ ਖੇਤਰ ਦੀ ਇੱਕ ਵਿਸ਼ੇਸ਼ ਸ਼੍ਰੇਣੀ ਹੈ, ਇਹ ਇੱਕ ਵਸਤੂ ਨਹੀਂ ਹੈ ਜਿਸ ਦਾ ਵਟਾਂਦਰਾ ਕੀਤਾ ਜਾ ਸਕਦਾ ਹੈ, ਪਰ ਸਮੂਹ ਦੀ ਪਛਾਣ ਦਾ ਇੱਕ ਅਵਿਭਾਗੀ ਗੁਣ ਹੈ। ਇਹ ਵਿਸ਼ੇਸ਼ਤਾ ਦੱਸਦੀ ਹੈ ਕਿ ਨਸਲੀ ਸਮੂਹ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਸਰੋਤਾਂ ਦੇ ਸੰਦਰਭ ਵਿੱਚ ਕਿਸੇ ਖੇਤਰ ਦੇ ਉਦੇਸ਼ ਮੁੱਲ ਦੀ ਪਰਵਾਹ ਕੀਤੇ ਬਿਨਾਂ, ਆਪਣੇ ਵਤਨ ਨੂੰ ਨਿਯੰਤਰਣ ਕਰਨ ਦੇ ਅਧਿਕਾਰ ਨੂੰ ਬਚਾਅ ਦੇ ਮੁੱਦੇ ਵਜੋਂ ਤਰਕਸ਼ੀਲ ਤੌਰ 'ਤੇ ਕਿਉਂ ਦੇਖਦੇ ਹਨ। ਹੋਮਲੈਂਡ ਨਿਯੰਤਰਣ ਇਹ ਯਕੀਨੀ ਬਣਾਉਂਦਾ ਹੈ ਕਿ ਇੱਕ ਸਮੂਹ ਦੀ ਭਾਸ਼ਾ ਬੋਲੀ ਜਾ ਸਕਦੀ ਹੈ, ਇਸ ਦਾ ਸਭਿਆਚਾਰ ਪ੍ਰਗਟ ਕੀਤਾ ਜਾ ਸਕਦਾ ਹੈ। ਖੇਤਰ ਨੂੰ ਟਕਰਾਅ ਦੇ ਸਰੋਤ ਅਤੇ ਟਕਰਾਅ ਲਈ ਸੁਵਿਧਾਜਨਕ ਸਥਿਤੀ ਵਜੋਂ ਸਵੀਕਾਰ ਕੀਤਾ ਜਾਂਦਾ ਹੈ, ਪਹਿਲੀ ਪਹੁੰਚ ਭੂਗੋਲ ਨੂੰ ਟਕਰਾਅ ਦੇ ਇੱਕ ਸਰੋਤ ਵਜੋਂ ਵੇਖਦੀ ਹੈ ਕਿਉਂਕਿ ਖੇਤਰ ਇੱਕ ਅਵਿਭਾਗੀ ਮੁੱਦਾ ਹੈ, ਜਿਸ ਨਾਲ ਖੇਤਰ ਉੱਤੇ ਵਿਵਾਦ ਹਿੰਸਕ ਸੰਘਰਸ਼ ਵਧਣ ਦੀ ਸੰਭਾਵਨਾ ਬਣਾਉਂਦਾ ਹੈ। ਭੂਗੋਲ ਲੜਾਈ ਲਈ ਪ੍ਰੇਰਣਾ ਹੋ ਸਕਦਾ ਹੈ। ਇਹ ਘਰੇਲੂ ਯੁੱਧ ਵਿੱਚ ਲੜਨ ਦੇ ਮੌਕੇ ਵੀ ਪ੍ਰਦਾਨ ਕਰ ਸਕਦਾ ਹੈ। ਮਨੀਪੁਰ ਦੇ ਵੱਖ-ਵੱਖ ਨਸਲੀ ਸਮੂਹ ਵਧੇਰੇ ਰਾਜਨੀਤਿਕ ਸ਼ਕਤੀ, ਸੱਭਿਆਚਾਰਕ ਖ਼ੁਦਮੁਖ਼ਤਿਆਰੀ, ਖੇਤਰ 'ਤੇ ਨਿਯੰਤਰਣ, ਆਰਥਿਕ ਸੁਰੱਖਿਆ ਅਤੇ ਵਿਕਾਸ ਪ੍ਰਾਪਤ ਕਰਨ ਲਈ ਰਾਜਨੀਤਿਕ ਲਾਮਬੰਦੀ ਦਾ ਸਹਾਰਾ ਲੈ ਰਹੇ ਹਨ ਪਰ, ਉਹਨਾਂ ਦੀਆਂ ਰਾਜਨੀਤਿਕ ਇੱਛਾਵਾਂ ਨੂੰ ਇਸ ਦਾ ਵਿਸ਼ਵਾਸ ਦੁਆਇਆ ਜਾਂਦਾ ਹੈ ਕਿ ਉਹਨਾਂ ਦੀ ਨਸਲੀ ਪਛਾਣ ਨੂੰ ਬਰਕਰਾਰ ਰੱਖਣ ਲਈ ਲੋੜੀਂਦੀ ਰਾਜਨੀਤਿਕ ਸ਼ਕਤੀ ਇੱਕ ਜ਼ਰੂਰੀ ਸ਼ਰਤ ਹੈ। ਆਪਣੇ ਆਪ ਵਿੱਚ ਇਹ ਇੱਛਾਵਾਂ ਜਾਇਜ਼ ਹਨ, ਮੁਸ਼ਕਲ ਉਦੋਂ ਪੈਦਾ ਹੁੰਦੀ ਹੈ ਜਦੋਂ ਨਸਲੀ ਪਛਾਣ ਵੱਖਰੇ ਹੋਮਲੈਂਡ ਦੀ ਮੰਗ ਨਾਲ ਜੁੜੀ ਹੁੰਦੀ ਹੈ। ਪਰ ਇਸ ਗੱਲ 'ਤੇ ਜ਼ੋਰ ਦੇਣਾ ਮਹੱਤਵਪੂਰਨ ਹੈ ਕਿ ਨਸਲੀ ਵਿਭਿੰਨਤਾ ਦੇ ਕਾਰਨ ਮਨੀਪੁਰ ਨੂੰ ਨਸਲੀ ਲੀਹਾਂ 'ਤੇ ਵੰਡਣਾ ਲਗਭਗ ਅਸੰਭਵ ਹੈ। ਇਹ ਸਵੀਕਾਰ ਕਰਨਾ ਅਸੰਭਵ ਹੈ ਕਿ ਨਸਲੀ ਤੌਰ 'ਤੇ ਇਕੋ ਜਿਹੇ ਖੇਤਰ ਹਨ ਜਿਨ੍ਹਾਂ ਨੂੰ ਨਾਗਾਲਿਮ ਜਾਂ ਕੁਕੀਲੈਂਡ ਵਿੱਚ ਇਕੱਠਾ ਕੀਤਾ ਜਾ ਸਕਦਾ ਹੈ ਪਰ ਨਸਲੀ ਸੰਘਰਸ਼ ਮਨੀਪੁਰ ਨੂੰ ਇੱਕ ਖ਼ਤਰਨਾਕ ਸਥਾਨ ਬਣਾਉਂਦਾ ਹੈ।

***

## ਅਗਲੀਆਂ ਲੋਕ ਸਭਾ ਚੋਣਾਂ 'ਚ

ਉਸ ਦੇ ਨੇਤਾਵਾਂ ਵੱਲੋਂ ਕੋਈ ਠੋਸ ਗੱਲ ਕਹੀ ਜਾ ਸਕੇ।ਗ਼ਰੀਬੀ, ਬੇਰੁਜ਼ਗਾਰੀ, ਭੁੱਖਮਰੀ, ਸਿੱਖਿਆ ਅਤੇ ਸਿਹਤ ਸੇਵਾਵਾਂ ਦਾ ਡਿੱਗਦਾ ਮਿਆਰ, ਵਿਗੜਦੀ ਕਾਨੂੰਨ ਵਿਵਸਥਾ, ਆਪਸੀ ਨਫ਼ਰਤ ਦਾ ਮਾਹੌਲ ਆਦਿ ਅਜਿਹੇ ਮੁੱਦੇ ਹਨ ਜਿਨ੍ਹਾਂ 'ਤੇ ਸਰਕਾਰ ਨੂੰ ਜਨਤਾ ਦੇ ਸਾਹਮਣੇ ਜਾਣਾ ਚਾਹੀਦਾ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਨਰਿੰਦਰ ਮੋਦੀ ਦੇ ਅਕਸ ਵਿੱਚ ਗਿਰਾਵਟ ਅਤੇ ਵਿਰੋਧੀ ਧਿਰ ਦੇ ਮਜ਼ਬੂਤ ਹੋਣ ਨਾਲ, ਕੀ ਸ਼੍ਰੀ ਰਾਮ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ, ਰਾਮ ਮਹੋਤਸਵ, ਟੈਂਪਲ ਕਨੈਕਟ ਵਰਗੇ ਪ੍ਰੋਗਰਾਮ ਪ੍ਰਧਾਨ ਮੰਤਰੀ, ਭਾਜਪਾ ਅਤੇ ਐਨਡੀਏ ਦੇ ਮੁਕਤੀਦਾਤਾ ਸਾਬਤ ਹੋਣਗੇ? ਹਾਲਾਂ ਕਿ ਸੰਘ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਕੁਝ ਸਮਾਂ ਪਹਿਲਾਂ ਚਿਤਾਵਨੀ ਦਿੱਤੀ ਸੀ ਕਿ 'ਅਗਲੀ ਚੋਣ ਮੋਦੀ ਦੇ ਚਿਹਰੇ ਅਤੇ ਹਿੰਦੂਤਵ ਦੇ ਨਾਂ 'ਤੇ ਨਹੀਂ ਲੜੀ ਜਾ ਸਕਦੀ' ਪਰ ਲੱਗਦਾ ਹੈ ਕਿ ਉਸ ਸਲਾਹ ਨੂੰ ਨਜ਼ਰਅੰਦਾਜ਼ ਕਰਕੇ ਭਾਜਪਾ ਨੇ ਲੋਕ ਸਭਾ ਚੋਣਾਂ 2024 ਨੂੰ ਜਿੱਤਣ ਲਈ ਪਹਿਲਾਂ ਹੀ ਯਤਨ ਸ਼ੁਰੂ ਕਰ ਦਿੱਤੇ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com